ਜਨਵਰੀ/ਫਰਵਰੀ/ਮਾਰਚ, 1990
January/February/March, 1990

# ਵਤਨ



## ਕੈਨੇਡੀਅਨ ਸ਼ਹੀਦ ਮੇਵਾ ਸਿੰਘ

ਪੰਜਾਬੀ ਜ਼ਬਾਨ, ਸਾਹਿਤ ਅਤੇ
ਸਭਿਆਚਾਰ ਦਾ ਤ੍ਰੈਮਾਸਕ ਪੱਤਰ

ਕੀਮਤ ਦੋ ਡਾਲਰ

# ਸੰਪਾਦਕੀ

ਪਝੱਤਰ ਸਾਲ ਪਹਿਲਾਂ 11 ਜਨਵਰੀ 1915 ਨੂੰ ਨਿਊ ਵੈਸਟਮਿਨਸਟਰ ਜੇਲ੍ਹ ਵਿਚ ਮੇਵਾ ਸਿੰਘ, ਇਮੀਗ੍ਰੇਸ਼ਨ ਅਧਿਕਾਰੀ ਹਾਪਕਿਨਸਨ ਨੂੰ ਗੋਲੀ ਮਾਰਨ ਦੇ ਦੋਸ਼ ਵਿਚ ਫਾਂਸੀ ਲਾ ਦਿਤੇ ਗਏ। ਹਾਪਕਿਨਸਨ ਕੈਨੇਡਾ ਵਿਚ ਹਿੰਦੁਸਤਾਨ ਅਤੇ ਬ੍ਰਿਟੇਨ ਦੀ ਬਸਤੀਵਾਦੀ ਅੰਗ੍ਰੇਜ਼ ਸਰਕਾਰ ਦਾ ਜਸੂਸ ਸੀ। ਮਈ 1914 ਵਿਚ ਵੈਨਕੂਵਰ ਦੀ ਬੰਦਰਗਾਹ ਤੇ ਹਿੰਦੁਸਤਾਨੀਆਂ ਨਾਲ ਭਰੇ ਆਏ ਜਹਾਜ ਕਾਮਾਗਾਟਾ ਮਾਰੂ ਨੂੰ ਵਾਪਿਸ ਮੋੜ੍ਹਨ ਵਿਚ ਉਸਦਾ ਦਾ ਵੱਡਾ ਰੋਲ ਸੀ। ਇਥੋਂ ਦੀ ਭਾਰਤੀ ਕਮਿਉਨਟੀ ਵਿਚ ਉਸਨੇ ਆਪਣੇ ਏਜੰਟਾਂ ਰਾਹੀਂ ਦਹਿਸ਼ਤ ਦਾ ਮਾਹੌਲ ਬਣਾ ਰੱਖਿਆ ਸੀ। ਭਾਰਤੀ ਕਮਿਊਨਟੀ ਅਨੁਸਾਰ ਉਹ ਇੱਥੇ ਹਿੰਦੁਸਤਾਨ ਅਤੇ ਬ੍ਰਿਟੇਨ ਦੀ ਬਸਤੀਵਾਦੀ ਸਰਕਾਰਾਂ ਦਾ ਨੁਮਾਇੰਦਾ ਸੀ। ਉਨ੍ਹਾਂ ਦੇ ਜ਼ੁਲਮ ਅਤੇ ਬੇਇਨਸਾਫ ਦਾ ਪ੍ਰਤੀਕ ਸੀ। ਉਸਨੂੰ ਕੈਨੇਡਾ ਦੀ ਇਮੀਗ੍ਰੇਸ਼ਨ ਵਿਭਾਗ ਅਤੇ ਇਥੋਂ ਦੀ ਸਰਕਾਰ ਦਾ ਪੂਰਾ ਪੂਰਾ ਸਮਰਥਨ ਹਾਸਲ ਸੀ। ਜਿਸ ਕਰਕੇ ਕੈਨੇਡਾ ਦੇ ਹਿੰਦੁਸਤਾਨੀਆਂ ਦਾ ਕੈਨੇਡਾ ਦੇ ਕਾਨੂੰਨ ਉਪਰ ਕੋਈ ਯਕੀਨ ਨਹੀਂ ਸੀ। ਇਨ੍ਹਾਂ ਹਾਲਤਾਂ ਵਿਚ ਇਸ ਜੁਲਮ ਅਤੇ ਬੇਇਨਸਾਫੀ ਵਿਰੁੱਧ ਅਵਾਜ਼ ਉਠਾਉਣ ਅਤੇ ਇਸਨੂੰ ਸਾਰੀ ਦੁਨੀਆਂ ਅੱਗੇ ਪੇਸ਼ ਕਰਨ ਲਈ ਮੇਵਾ ਸਿੰਘ ਨੇ ਹਾਪਕਿਨਸਨ ਨੂੰ ਅਦਾਲਤ ਵਿਚ ਗੋਲੀ ਮਾਰ ਦਿੱਤੀ ਅਤੇ ਆਪ ਫਾਂਸੀ ਉਪਰ ਚੜ੍ਹ ਗਏ। ਉਨ੍ਹਾਂ ਦਾ ਇਹ ਕੰਮ ਇਕੱਲੇ ਹਿੰਦੁਸਤਾਨੀਆਂ ਲਈ ਹੀ ਨਹੀਂ ਸਗੋਂ ਸਮੁੱਚੇ ਕੈਨੇਡੀਅਨ ਲੋਕਾਂ ਅਤੇ ਸਮਾਜ ਦੇ ਭਲੇ ਲਈ ਸੀ। ਅੱਜ 75ਵੀਂ ਬਰਸੀ ਤੇ ਅਸੀਂ ਉਨ੍ਹਾਂ ਦੀ ਇਸ ਕੁਰਬਾਨੀ ਨੂੰ ਯਾਦ ਕਰਦੇ ਹਾਂ।

* * * * *

ਜਨਵਰੀ ਦੀ ਆਰਸੀ ਵਿਚ ਦਿੱਲੀ ਵਿਚ ਪੰਜਾਬੀ ਭਵਨ ਦੇ ਨਿਰਮਾਣ ਬਾਰੇ ਪੜ੍ਹਨ ਨੂੰ ਮਿਲਿਆ ਹੈ। ਇਸ ਭਵਨ ਵਿਚ ਸਸਤੀਆਂ ਕਿਤਾਬਾਂ ਛਾਪਣ ਲਈ ਪ੍ਰੈਸ ਲਾਉਣ, ਕਾਨਫਰੰਸਾਂ ਅਤੇ ਜੋੜ-ਮੇਲੇ ਕਰਨ ਲਈ ਹਾਲ, ਲਾਈਬ੍ਰੇਰੀ ਅਤੇ ਬਾਹਰੋਂ ਆਉਣ ਵਾਲੇ ਲੇਖਕਾਂ ਦੇ ਰਹਿਣ ਲਈ ਕਮਰੇ ਬਨਾਉਣ ਦੀ ਸਕੀਮ ਹੈ। ਇਸੇ ਤਰ੍ਹਾਂ ਜਨਵਰੀ ਦੇ ਸਿਰਨਾਵੇਂ ਤੋਂ ਪਤਾ ਲੱਗਾ ਹੈ ਕਿ ਫਿਰੋਜਪੁਰ ਡਵੀਜ਼ਨ ਦੀਆਂ ਦੋ ਹਜਾਰ ਪੰਚਾਇਤਾਂ 1990 ਵਿਚ ਪੰਜਾਬੀ ਦੇ ਪੰਜ ਸਾਹਿਤਕ ਪਰਚੇ ਆਰਸੀ, ਪ੍ਰੀਤਲੜੀ, ਬਾਲ ਸੰਦੇਸ਼, ਸਿਰਜਣਾ ਅਤੇ ਸਿਰਨਾਵਾਂ ਚੰਦਾ ਭੇਜ ਕੇ ਮੰਗਵਾਉਣਾ ਸ਼ੁਰੂ ਕਰ ਦੇਣਗੀਆਂ। ਇਹ ਸੱਭ ਕੁਝ ਫਿਰੋਜਪੁਰ ਡਵੀਜ਼ਨ ਦੇ ਕਮਿਸ਼ਨਰ ਸ੍ਰੀ ਬੀ.ਐਸ.ਰਤਨ ਦੇ ਯਤਨਾਂ ਸਦਕਾ ਹੋਇਆ ਹੈ। ਉਨ੍ਹਾਂ ਨੇ ਇਸਨੂੰ 'ਕਿਤਾਬ ਇਨਕਲਾਬ ਵਲ' ਪਹਿਲਾ ਕਦਮ ਦੱਸਿਆ ਹੈ।

ਨੱਬੇਵੇਂ ਦਹਾਕੇ ਦੀ ਸ਼ੁਰੂਆਤ ਤੇ ਮਿਲੀਆਂ ਇਹ ਦੋਨੋਂ ਖਬਰਾਂ ਪੰਜਾਬੀਆਂ ਲਈ ਬਹੁਤ ਹੀ ਸ਼ੁਭਾਗੀਆਂ ਹਨ। ਇਨ੍ਹਾਂ ਨਾਲ ਨਿਸਚੇ ਹੀ ਪੰਜਾਬੀ ਬੋਲੀ, ਸਾਹਿਤ ਅਤੇ ਸੱਭਿਆਚਾਰ ਦੀ ਪ੍ਰਫੁਲਤਾ ਨੂੰ ਉਤਸ਼ਾਹ ਮਿਲੇਗਾ। ਦੁਨੀਆਂ ਭਰਦੇ ਪੰਜਾਬੀਆਂ ਨੂੰ ਇਨ੍ਹਾਂ ਨੂੰ ਜੀਅ ਆਈਆਂ ਕਹਿਣਾ ਚਾਹੀਦਾ ਹੈ। ਇਸ ਤੋਂ ਵੀ ਅਗਾਂਹ 'ਕਿਤਾਬ ਇਨਕਲਾਬ' ਦੇ ਸਕੰਲਪ ਨੂੰ ਅੱਗੇ ਤੋਰਨ ਵਿਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ ਤਾਂਕਿ ਹਰੇ ਇਨਕਲਾਬ ਤੋਂ ਬਾਅਦ ਨੱਬੇ ਦਾ ਦਹਾਕਾ ਪੰਜਾਬੀਆਂ ਲਈ 'ਕਿਤਾਬ ਇਨਕਲਾਬ' ਦਾ ਦਹਾਕਾ ਹੋ ਨਿੱਬੜੇ।

* * * * *

ਪਿਛਲੇ ਸਾਲ ਰੋਇਲ ਕੈਨੇਡੀਅਨ ਮਾਉਂਟਿਡ ਪੋਲੀਸ (R.C.M.P.) ਦੇ ਕਮਿਸ਼ਨਰ ਨੇ ਸਿਫਾਰਿਸ਼ ਕੀਤੀ ਸੀ ਕਿ ਜੇ RCMP ਵਿਚ ਭਰਤੀ ਹੋਣ ਵਾਲਾ ਪੱਗ ਬੰਨਣੀ ਚਾਹੇ ਤਾਂ ਉਸ ਨੂੰ ਇਸਦੀ ਆਗਿਆ ਹੋਣੀ ਚਾਹੀਦੀ ਹੈ। ਇਸ ਸਿਫਾਰਿਸ਼ ਦੇ ਵਿਰੋਧ ਵਿਚ ਕੈਨੇਡਾ ਵਿਚ ਹਜਾਰਾਂ ਲੋਕਾਂ ਵਲੋਂ ਰੌਲ੍ਹਾ ਪਾਇਆ ਜਾ ਰਿਹਾ ਹੈ। ਵਿਰੋਧ ਕਰਨ ਵਾਲੇ ਲੋਕਾਂ ਵਿਚ ਪਾਰਲੀਮੈਂਟ ਦੇ ਮੈਂਬਰ ਵੀ ਸ਼ਾਮਲ ਹਨ। ਵਿਰੋਧ ਕਰਨ ਵਾਲਿਆਂ ਵਲੋਂ ਇਹ ਦਲੀਲ ਦਿੱਤੀ ਜਾ ਰਹੀ ਹੈ ਕਿ ਪੱਗ ਬੰਨਣ ਦੀ ਆਗਿਆ ਦੇਣ ਨਾਲ ਕੈਨੇਡੀਅਨ ਪਰੰਪਰਾ ਖਤਮ ਹੋ ਜਾਵੇਗੀ। ਇਹ ਗੱਲ ਬਹੁਤ ਹੀ ਫਜ਼ੂਲ ਅਤੇ ਅਗਿਆਨਤਾ ਭਰਪੂਰ ਹੈ। ਸਮਾਜੀ ਵਿਕਾਸ ਵਿਚ ਕਈ ਪੜਾਅ ਅਜਿਹੇ ਆਉਂਦੇ ਹਨ ਜਦੋਂ ਕਈ ਪੁਰਾਣੀਆਂ ਰਵਾਇਤਾਂ ਛੱਡਣੀਆਂ ਪੈਂਦੀਆਂ ਹਨ ਜਿਵੇਂ ਕੈਨੇਡੀਅਨ ਪੈਸੇਂਜ਼ਰ-ਰੇਲ ਸਰਵਿਸ ਨੇ ਕੈਨੇਡਾ ਦੀ ਇਕ ਦੇਸ਼ ਵਜੋਂ ਪਹਿਚਾਣ ਬਨਾਉਣ ਵਿਚ ਬਹੁਤ ਵੱਡਾ ਹਿੱਸਾ ਪਾਇਆ ਸੀ ਅਤੇ ਅੱਜ ਸਰਕਾਰ ਨੇ ਉਸਦੇ ਕਈ ਹਿੱਸਿਆਂ ਨੂੰ ਬੰਦ ਕਰਨ ਦਾ ਫੈਸਲਾ ਕਰ ਲਿਆ ਹੈ। ਇਸ ਦੇ ਨਾਲ ਹੀ ਪਹਿਲਾਂ ਵੀ ਕਈ ਵਾਰ RCMP ਦੀ ਵਰਦੀ ਤਬਦੀਲ ਕੀਤੀ ਜਾ ਚੁੱਕੀ ਹੈ। ਦੂਜੀ ਗੱਲ ਪੱਗ ਦੀ ਆਗਿਆ ਦੇਣ ਦੀ ਵਿਰੋਧਤਾ ਕਰਨ ਵਾਲੀਆਂ ਵਲੋਂ ਇਹ ਕਹੀ ਜਾ ਰਹੀ ਹੈ ਕਿ ਉਹ ਇਹ ਗੱਲ ਕੈਨੇਡਾ ਦਾ ਸੱਭਿਆਚਾਰ ਬਚਾਉਣ ਲਈ ਕਰ ਰਹੇ ਹਨ। ਪਰ ਉਹ ਕਿਸ ਸੱਭਿਆਚਾਰ ਦੀ ਗੱਲ ਕਰਦੇ ਹਨ? ਪੱਗ ਬੰਨਣਾ ਅੱਜ ਦੇ ਨਵੇਂ ਕੈਨੇਡੀਅਨ ਬਹੁ-ਪੱਖੀ ਸਭਿਆਚਾਰ ਦਾ ਇਕ ਅਨਿੱਖੜਵਾ ਅੰਗ ਹੈ।

ਇਸ ਸਬੰਧ ਵਿਚ ਕੈਨੇਡੀਅਨ ਸਰਕਾਰ ਨੇ ਬਹੁਤ ਹੀ ਗੈਰਜਿੰਮੇਵਾਰਾਨਾ ਰਵੱਇਆ ਅਖਤਿਆਰ ਕੀਤਾ ਹੈ। ਸਰਕਾਰ ਨਾਲ ਸਬੰਧ ਰੱਖਣ ਵਾਲੇ ਕਈ ਪਾਰਲੀਮੈਂਟ ਦੇ ਮੈਂਬਰ ਇਸ ਸਬੰਧੀ ਪਾਰਲੀਮੈਂਟ ਵਿਚ ਰੱਖੇ ਬਿੱਲ ਦੇ ਕਾਨੂੰਨ ਬਨਣ ਵਿਚ ਰੁਕਾਵਟ ਬਣੇ ਹਨ। ਸਾਡੇ ਖਿਆਲ ਵਿਚ ਜੇ ਕੈਨੇਡੀਅਨ ਸਰਕਾਰ ਸੱਚਮੁੱਚ ਹੀ ਕੈਨੇਡਾ ਦੀ ਬਹੁਪੱਖੀ ਸਭਿਆਚਾਰ ਪਾਲਸੀ ਵਿਚ ਯਕੀਨ ਰੱਖਦੀ ਹੈ ਤਾਂ ਉਸਨੂੰ ਚਾਹੀਦਾ ਹੈ ਕਿ ਉਹ ਆਪਣੀ ਜਿੰਮੇਵਾਰੀ ਸਮਝੇ ਅਤੇ ਜਲਦੀ ਹੀ ਇਸ ਦੇ ਹੱਕ ਵਿਚ ਕਾਨੂੰਨ ਪਾਸ ਕਰੇ।

* * * * *

ਸਾਲ ਪਹਿਲਾ
ਅੰਕ ਤੀਜਾ

# ਵਤਨ

ਜਨਵਰੀ/ਫਰਵਰੀ/ਮਾਰਚ, 1990

Vol. 1, No. 3
Winter, 1990
January/February/March

Watan
P.O.Box 67681, Stn. 'O'
Vancouver, B.C., V5W 3V2

ਸੰਪਾਦਕ:
ਸਾਧੂ ਬਿਨਿੰਗ 437-9014
ਸੁਖਵੰਤ ਹੁੰਦਲ 581-3211
ਮੈਨੇਜਿੰਗ ਸੰਪਾਦਕ:
ਪਾਲ ਬਿਨਿੰਗ 270-7842
ਐਡਵਰਟਾਇਜ਼ਿੰਗ ਸੰਪਾਦਕ:
ਅਮਨਪਾਲ ਸਾਰਾ 434-1543
ਸਰਕੁਲੇਸ਼ਨ ਸੰਪਾਦਕ:
ਗੁਰਮੇਲ 583-7512
ਹਰਜਿੰਦਰ ਸਾਂਗਰਾ
ਸਹਿਯੋਗੀ
ਐਡਮੰਟਨ:
ਸਤਵੰਤ ਦੀਪਕ 461 - 1917
ਲਾਟ ਭਿੰਡਰ 435-7469

Editors:
Sadhu Binning 437-9014
Sukhwant Hundal 581-3211

Managing Editor:
Paul Binning 270-7842

Advertising:
Amanpal Sara

Circulation:
Gurmel Rai 583-7512
Harjinder Sangra

Associates:
Edmonton:
Satwant Deepak 461-1917
Latt Bhinder 435-7469

ਇਸ ਅੰਕ ਵਿਚ

ਸੰਪਾਦਕੀ
ਕਵਿਤਾ:
ਗੁਰਚਰਨ ਰਾਮਪੁਰੀ
ਸ਼ਸ਼ੀ ਸਮੁੰਦਰਾ
ਮਹਿੰਦਰ ਸੂਮਲ
ਰਾਜ
ਮਹਿੰਦਰ ਸਿੰਘ ਘੱਗ
ਹਰਜਿੰਦਰ ਸਿੰਘ ਸਿੱਧੂ
ਦਰਸ਼ਨ ਗਿੱਲ
ਕਸ਼ਮੀਰਾ ਸਿੰਘ ਚਮਨ
ਨਾਵਲ ਦਾ ਹਿੱਸਾ:
ਜੌਹਨ ਮੈਰਲਿਨ
ਲੇਖ:
ਸੋਹਣ ਸਿੰਘ ਪੂੰਨੀ
ਵਿਅੰਗ:
ਸਾਧੂ
ਸਥਾਈ ਕਾਲਮ:
ਆਪਣੇ ਲੋਕ
ਮਾਨਸਿਕ ਸਿਹਤ
ਤੂਤਕ ਤੂਤਕ ਤੂਤੀਆਂ...
ਪੁਸਤਕ ਪਰਿਚੈ
ਸਰਗਰਮੀਆਂ
ਤੇ ਤੁਸੀਂ ਲਿਖਿਆ..

ਸਾਲ 1989 ਦੇ ਅਖ਼ਰੀਲੇ ਮਹੀਨਿਆਂ ਵਿਚ ਪੂਰਬੀ ਯੂਰਪ ਅਤੇ ਦੁਨੀਆਂ ਦੇ ਹੋਰ ਕਮਿਊਨਿਸਟ ਮੁਲਕਾਂ ਵਿਚ ਬਹੁਤ ਮਹੱਤਵ ਪੂਰਨ ਘਟਨਾਵਾਂ ਵਾਪਰ ਰਹੀਆਂ ਹਨ। ਇਹ ਘਟਨਾਵਾਂ ਇਨ੍ਹੀਆਂ ਮਹੱਤਵਪੂਰਨ ਹਨ ਕਿ ਇਨ੍ਹਾਂ ਨੂੰ ਅੱਖੋਂ ਉਹਲੇ ਨਹੀ ਕੀਤਾ ਜਾ ਸਕਦਾ ਅਤੇ ਨਾਲ ਹੀ ਇਨ੍ਹੀਆਂ ਪੇਚੀਦਾ ਹਨ ਕਿ ਇਨ੍ਹਾਂ ਨੂੰ ਸਮਝਣਾ ਆਸਾਨ ਨਹੀ। ਇਸ ਲਈ ਅਸੀਂ ਲੇਖਕਾਂ, ਪਾਠਕਾਂ ਅਤੇ ਸਿਆਸੀ ਦੋਸਤਾਂ ਨੂੰ ਸੱਦਾ ਦਿੰਦੇ ਹਾਂ ਕਿ ਉਹ ਇਨ੍ਹਾਂ ਬਾਰੇ ਆਪਣੇ ਵਿਚਾਰ, ਪ੍ਰਤੀਕਰਮ ਲਿਖਕੇ ਭੇਜਣ ਤਾਂਕਿ ਇਨ੍ਹਾਂ ਬਾਰੇ ਸਹੀ ਸਮਝ ਬਨਾਉਣ ਲਈ ਯਤਨ ਕੀਤੇ ਜਾ ਸਕਣ। – ਸੰਪਾਦਕ

ਕੀਮਤ ਦੋ ਡਾਲਰ
Price: $2.00
Annual Subscription:
Canada & U.S.A.:
Individuals- $12.00
Institutions -$18.00
Other Countries: $18.00

ਵਤਨ ਵਿਚ ਛੱਪੀਆਂ ਰਚਨਾਵਾਂ ਨਾਲ ਵਤਨ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ, ਵਿਚਾਰ ਲੇਖਕਾਂ ਦੇ ਨਿਜੀ ਹਨ।
ਵਤਨ ਪਬਲੀਕੇਸ਼ਨ ਦੇ ਪਹਿਲਾਂ ਰਹਿ ਚੁੱਕੇ ਅਤੇ ਮੌਜੂਦਾ ਅਹੁਦੇਦਾਰ ਆਨਰੇਰੀ ਹਨ।

Opinions expressed are of the individual writers and may not necessarily reflect the official policies of Watan
All officeholders and members of Watan Publications past and present, have been and are honorary associates of Watan

# MINT AUTO BODY LTD.

* Complete Professional Auto Body repairs and Refinishing on all makes and models
* I.C.B.C. claims handled promptly
* Complete framework
* UNI-Body repairs
* All work conditionally guranteed
* Free estimates
* Courtesy cars

ਕਾਰਾਂ, ਵੈਨਾਂ ਅਤੇ ਪਿੱਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ।

ਫੋਨ: ਭੁਪਿੰਦਰ(ਬੋਬ) ਸਹੋਤਾ

433-1207

5590 LANE ST. BURNABY, B.C.

# Kohlis Unisex Hairstylists

SPECIAL RATES FOR CHILDREN AND SENIORS
can speak Hindi, Punjabi, Urdu, Gujrati, Greek, Persian and of course English

COLOURS
DR.PERMS ($5.00 OFF)
FACIALS
BEARD TRIM
SHAVE
SCALP TREATMENT
EAR PIERCING
EYE BROW ARCHING
THREADING

6480 VICTORIA
VANCOUVER
PH. 321-5555

STYLIST--------
APPT. ---------
DATE ----------

OPEN 9 a.m. to 9 p.m. EVERY DAY
Appointment on Saturday & Sunday

$1.00 Off WITH COUPON





# BYING OR SELLING

RESIDENTIAL, COMMERCIAL, FARMS OR LOTS

CONTACT

## RANGI BROTHERS

## 327-1111

NORTHRIDGE REALTY LTD.
6417 FRASER ST.,
VANCOUVER V5W 3A6

KULDIP RANGI
RES: 278-8320





DARSHAN RANGI
RES:270-7100

# ROYAL FURNITURE LTD.

2607 MAIN STREET (at 10th. AVE.), VANCOUVER, B.C.
VISA
TEL. 874-9525
MasterCard

* ਲਿਵਿੰਗ ਰੂਮ * ਡਾਈਨਿੰਗ ਰੂਮ
* ਬੈੱਡ ਰੂਮ ਗੱਲ ਕੀ ਹਰ ਕਿਸਮ ਦਾ ਫਰਨੀਚਰ ਸਾਥੋਂ ਖਰੀਦੋ।

ਜੇ ਕਰ ਤੁਸੀਂ ਨਵਾਂ ਜਾਂ ਪੁਰਾਣਾ ਫਰਨੀਚਰ ਖਰੀਦਣਾ ਹੋਵੇ ਤਾਂ ਹਮੇਸ਼ਾਂ ਸਾਡੇ ਸਟੋਰ ਤੇ ਦਰਸ਼ਨ ਦੇਵੋ। ਅਸੀਂ ਤੁਹਾਨੂੰ ਚੰਗੀ ਡੀਲ ਦਾ ਭਰੋਸਾ ਦਿਵਾਉਂਦੇ ਹਾਂ ।* ਜੇਕਰ ਪੁਰਾਣਾ ਫਰਨੀਚਰ ਟਰੇਡ ਕਰਨਾ ਹੋਵੇ ਤਾਂ ਵੀ ਸਾਡੀਆਂ ਸੇਵਾਵਾਂ ਪ੍ਰਾਪਤ ਕਰੋ

ਟੌਪ ਕੁਆਲਟੀ ਅਤੇ ਵਾਜ਼ਬ ਕੀਮਤਾਂ

TEL.

874-9525

*ਫਰਨੀਚਰ ਦੀ ਦੁਨੀਆਂ ਵਿਚ 36 ਸਾਲ ਪੁਰਾਣਾ ਸਟੋਰ*

Lowest Prices Guaranteed In B.C. * New *Used Or * Trade Ins

ਤਿੰਨ ਕਵਿਤਾਵਾਂ

## - ਗੁਰਚਰਨ ਰਾਮਪੁਰੀ

## 1. ਮਹਿਲ, ਮਰਿਆਦਾ, ਸਿਮਰਨ

ਮਚਲੀ ਰਾਣੀ ਚਾਤਰ ਡਾਢੀ
ਸੁਣ ਕੇ ਸਭ ਦੀ ਕਰੇ ਅਣਸੁਣੀ
ਸੂੰਗੀ ਬੋਲੀ ਨੂੰ ਦੁੱਖ ਦੱਸਦੇ ਲੋਕੀਂ ਥੱਕੇ।

ਜੀਅ ਕੀਤਾ ਮੈਂ ਰਾਜ-ਗੁਰੂ ਨੂੰ ਆਖਾਂ
ਕਿ ਉਹ ਰਾਣੀ ਨੂੰ ਸਮਝਾਵੇ:
ਲੋਕਾਂ ਦੀ ਸੇਵਾ ਦਾ ਉਸਨੂੰ
ਮਿਲਿਆ ਹੈ ਇਤਿਹਾਸਕ ਅਵਸਰ
ਅਦਲ ਕਰੇ ਆਪਣਾ ਨਾਂ ਅਮਰ ਬਣਾਵੇ
ਫਿਰ ਉਸਨੂੰ ਲੋਕਾਂ ਦੇ ਦਿਲ ਦਾ ਸਵਰਗ ਮਿਲੇਗਾ।

ਰਾਜ-ਗੁਰੂ ਗੱਲ ਸੁਣਕੇ ਬੋਲੇ:
ਅਜ ਕੱਲ੍ਹ ਉਪਦੇਸ਼ਾਂ ਲਈ ਸਮਾਂ ਨਹੀਂ ਹੈ
ਮੈਂ ਤਾਂ ਸਾਰਾ ਦਿਨ ਰਾਣੀ ਦੇ
ਸਵਿਸ-ਖਾਤੇ ਦੇ ਗੁਪਤੀ-ਨੰਬਰ, ਜਮਾਂ ਖਰਚ ਦੇ
ਸਿਮਰਨ ਵਿਚ ਹੀ ਆਪਣੀ ਸੁਰਤ ਟਿਕਾਈ ਰੱਖਦਾਂ
ਇਸ ਵਿਚ ਹੀ ਸਾਡੀ ਕਲਿਆਣ
ਮਰਿਆਦਾ ਜਾਨਣ ਦੀ ਅਜ ਦੇ ਮਹਿਲਾਂ ਨੂੰ ਨਹੀਂ ਬਾਣ।

## 2. ਸਿਖਰ ਚੁਬਾਰੇ ਚੜ੍ਹ ਬੈਠਾ ਦੁਰਯੋਧਨ

ਉਲਝੀ ਤਾਣੀ ਪਰੇਸ਼ਾਨ ਮਨ ਮੰਜ਼ਿਲ ਅੱਖੋਂ ਉਹਲੇ
ਤੰਦ ਸਿਰੇ ਦੀ ਖੋਈ ਕਿਧਰੇ
ਹੁਣ ਮੈਂ ਕਿੰਝ ਸੁਲਝਾਵਾਂ?
ਡਰਦੇ ਨਸਦੇ ਸਾਹਾਂ ਨੂੰ ਕਿੰਝ ਸਹਿਜ ਸਿਖਾਵਾਂ?

ਧਾੜਵੀਆਂ ਦਾ ਮੋਹਰੀ ਚੜ੍ਹਿਆ ਸਿਖਰ ਚੁਬਾਰੇ
ਬੈਠਾ ਸ਼ਿਸਤ ਲਗਾਈ
ਸਾਰਾ ਪਿੰਡ ਸਹਿਮਿਆ ਅੰਦਰ ਕੁੰਡੇ ਲਾਈ।
ਹਰ ਕੋਈ ਚਾਹੇ ਉਸਦੇ ਬੂਹੇ ਤੇ ਦਸਤਕ ਨਾ ਹੋਵੇ
ਜਾਬਰ ਬੂਟ ਰਫਲ ਦੀ ਅੰਨ੍ਹੀ ਅੱਖ ਤੇ ਨਿਰਲੱਜ ਗਾਲ੍ਹਾਂ
ਉਸਦਾ ਘਰ ਭੁੱਲ ਜਾਵਣ
ਅੰਨ੍ਹੇ ਮੂਰਖ ਆਪਣੇ ਵਿਹੂਲੇ ਜੈਕਾਰੇ ਬੋਝੇ ਵਿਚ ਪਾਵਣ
ਜਿਹਨਾਂ ਮਹਿਲਾਂ 'ਚੋਂ ਇਹਨਾਂ ਨੂੰ ਮਿਲਣ ਪਟਾਖੇ
ਉਹਨਾਂ ਦੇ ਹੀ ਉੱਚੇ ਪਾਪੀ ਦਰ ਦੇ ਕੋਲ ਚਲਾਵਣ
ਪਰ ਮੂਰਖ ਲਾਣੇ ਦੇ ਗਲ ਵਿਚ ਟੱਲੀ ਕਿਹੜਾ ਬੰਨ੍ਹੇ?
ਕੋਣ ਅਨਾੜੀ ਟੋਲੇ ਨੂੰ ਸਿੱਧੇ ਰਾਹ ਪਾਵੇ?
ਸਿਖਰ ਚੁਬਾਰੇ ਜੋ ਦੁਰਯੋਧਨ ਬੈਠਾ
ਉਸ ਤੇ ਆਪਣੇ ਬਾਣ ਚਲਾਓ
ਉਸ ਕਬੂਤਰ ਨੂੰ ਛਤਰੀ ਤੋਂ ਲਾਹੋ
ਜੀਵਨ ਦੀ ਇਹ ਉਲਝੀ ਤਾਣੀ ਅਗਲੀ ਭਲਕ ਸੁਲਝ ਜਾਇਗੀ।

## 3. ਸੁੱਕੇ ਮੁੱਢ ਦੀ ਵੱਖੀ ਵਿਚ ਕਰੂੰਬਲ

ਬੱਜਰ ਬੋਲ੍ਹੀ ਚੁੱਪ 'ਚ ਨਾਅਰਾ
ਭੈਅ ਦੀ ਹਿੱਕੜੀ ਤਿੱਖੀ ਨੂਰੀ ਸ਼ਬਦੀ ਕਿਰਚ ਕਟਾਰ
ਲੰਮੇਂ ਵਰ੍ਹਿਆਂ ਦੀ ਕਾਲ੍ਹੀ ਘਟ ਵਿਚ ਲਿਸ਼ਕਾਰ
ਆਵਾਜ਼ਾਂ ਦਾ ਹੜ੍ਹ ਸਹਿਰਾ ਦੇ ਸਿਰ ਚੜ੍ਹ ਕੇ ਲਹਿਰਾਏ
ਉੱਚੇ ਟਿੱਬੇ ਕਿਣਕਾ ਕਿਣਕਾ
ਝੱਖੜ ਅਪਰ ਅਪਾਰ
ਚਿਰ ਦੇ ਕੱਲ-ਮਕੱਲੇ ਜਿਊੜੇ ਆਏ ਬੰਨ੍ਹ ਕਤਾਰ
ਸੁੱਕੇ ਰੁੰਡ-ਮਰੁੰਡ ਮੁੱਢ ਦੀ ਵੱਖੀ ਵਿਚ ਕਰੂੰਬਲ
ਅਮਰ ਅਜਿੱਤ ਜੀਵਨ ਦਾ ਸੁੰਦਰ ਕੂਲ੍ਹਾ ਇਕ ਪਰਮਾਣ
ਬੱਜਰ ਬੋਲ੍ਹੀ ਚੁੱਪ 'ਚ ਨਾਅਰਾ
ਜੇਰੇ ਦੇ ਮੰਦਰ ਵਿਚ ਅਰਪਣ
ਸ਼ਬਦਾਂ ਦਾ ਉਪਹਾਰ
ਧੰਨ ਹੈ ਨਵੀਂ ਬਹਾਰ।


## ਥਰਡ ਆਈ ਪਬਲੀਕੇਸ਼ਨ

ਦੀਆਂ ਦੋ ਨਵੀਆਂ ਪੇਸ਼ਕਸ਼ਾਂ

**ਗੁਰੂ ਨਾਨਕ: ਕਵੀ ਤੇ ਫਿਲਾਸਫਰ**
**ਲੇਖਕ- ਸਾਧੂ ਸਿੰਘ ਧਾਮੀ**
ਕੀਮਤ - 10 ਡਾਲਰ

**ਸੁਰਤੀ** (ਕਾਵਿ-ਸੰਗ੍ਰਿਹ)
**ਲੇਖਕ - ਅਜਮੇਰ ਰੋਡੇ**
ਕੀਮਤ - 10 ਡਾਲਰ

ਮਿਲਣ ਦਾ ਪਤਾ: **Third Eye** Publications Inc.
31 Clarke Side Rd.
London, Ontario, N5W 5W5

ਦੋ ਕਵਿਤਾਵਾਂ

## -ਸ਼ਸ਼ੀ ਸਮੁੰਦਰਾ

## ਇਕ - ਕਵਿਤਾ ਜੰਮਦੀ ਹੈ

ਕਵਿਤਾ ਜੰਮਦੀ ਹੈ
ਜਦ ਕਿਸੇ ਮਰਦ ਨਾਲ ਬੋਲਣ 'ਤੇ
ਤੁਹਾਨੂੰ ਪਤੀ ਚੁਪੇੜ ਮਾਰਦਾ ਹੈ
ਜਦ ਸੁੱਤੀ ਪਈ ਧੀ ਦਾ ਮੱਥਾ ਤੱਕ
ਤੁਹਾਨੂੰ ਮਰਦ ਦੀਆਂ ਗਲੀਆਂ ਦਾ ਖਿਆਲ ਆਉਂਦਾ ਹੈ
ਜਦ ਤੁਹਾਡਾ ਗਰੀਬ ਬਾਪ
ਬਿਨ ਇਲਾਜੋਂ ਮਰ ਜਾਂਦਾ ਹੈ
ਜਦ "ਚੰਗੀ ਔਰਤ" ਦੇ ਫ਼ਰੇਮ ਵਿਚ
ਫਿਟ ਨਾ ਹੋਣ 'ਤੇ
ਤੁਹਾਨੂੰ ਵੇਸਵਾ ਆਖਿਆ ਜਾਂਦਾ ਹੈ
ਜਦ ਕਿਸੇ ਮੰਗਤੀ ਦਾ ਬੱਚਾ
ਹੱਥ ਫੈਲਾਅ,
ਤੁਹਾਤੋਂ ਭਿਖਿਆ ਮੰਗਦਾ ਹੈ
ਜਦ ਕਿਸੇ ਵਹਿਸ਼ੀ ਦੀ ਗੋਲੀ ਨਾਲ
ਤੁਹਾਡਾ ਪਾਸ਼ ਮਾਰਿਆ ਜਾਂਦਾ ਹੈ।

## ਦੋ - ਘੁੱਗੀ

ਇਕ ਘੁੱਗੀ ਨੇ
ਮੇਰੇ ਵਰਾਂਡੇ ਦੇ ਗਮਲੇ ਵਿਚ
ਆਪਣਾ ਘਰ ਬਣਾ ਲਿਆ ਹੈ
ਇਹ ਮੈਨੂੰ ਵੇਖ ਡਰਦੀ ਨਹੀਂ
ਇਹ ਮੈਨੂੰ ਵੇਖ ਉੱਡਦੀ ਨਹੀਂ
ਜਾਪਦਾ ਹੈ
ਕਿ ਇਹਨੂੰ ਮੇਰਾ ਕੋਈ ਫਿਕਰ ਨਹੀਂ
ਕਿ ਮੈਂ ਇਹਦਾ ਘਰ ਢਾਹ ਸਕਦੀ ਹਾਂ
ਕਿ ਮੈਂ ਇਹਦੇ ਆਂਡੇ ਫ਼ੋੜ ਸਕਦੀ ਹਾਂ
ਕਿ ਮੈਂ ਇਹਦੇ ਬੱਚਿਆਂ ਦੇ ਗਾਟੇ ਮਰੋੜ ਸਕਦੀ ਹਾਂ
ਇਹ ਅਮਨ ਪਸੰਦ ਪੰਛੀ
ਸ਼ਾਇਦ ਸੱਭ ਨੂੰ
ਆਪਣੇ ਜਿਹਾ ਸਮਝਦੀ ਹੈ
ਇਹ ਘੁੱਗੀ ਬਹੁਤ ਭੋਲੀ ਹੈ
ਘੁੱਗੀ ਨੂੰ ਇਨ੍ਹੀ ਭੋਲੀ ਨਹੀਂ ਹੋਣਾ ਚਾਹੀਦਾ
ਘੁੱਗੀ ਨੂੰ ਇਨ੍ਹੀ ਭੋਲੀ ਨਹੀਂ ਹੋਣਾ ਚਾਹੀਦਾ।

ਦੋ ਕਵਿਤਾਵਾਂ

## -ਮਹਿੰਦਰ ਸੂਮਲ

## ਇਸ ਸਦੀ ਦੇ ਬਚਦੇ ਸਾਲੋ

ਇਸ ਸਦੀ ਦੇ ਬਚਦੇ ਸਾਲੋ
ਆਪਣਾ ਬਲਦਾ ਜਿਸਮ ਸੰਭਾਲੋ
ਰੁੱਤਾਂ ਦੇ ਰੰਗ ਖੁਰ ਚੱਲੇ ਨੇ
ਆਸ ਦੇ ਦੀਵੇ ਬੁਝ ਚੱਲੇ ਨੇ
ਨੂਰੀ ਚਿਹਰੇ ਗਰਦਸ਼ ਵਲ ਮੁੜ ਚੱਲੇ ਨੇ।

ਅਕਲਾਂ ਵਾਲੇ ਭੁੱਲ ਰਹੇ ਨੇ ਆਪਣਾ ਹੀ ਸਿਰਨਾਵਾਂ
ਦਹਿਸ਼ਤ ਰੰਗੀ ਰਾਤ ਦੇ ਕੋਲੋਂ
ਪੁੱਛ ਰਹੇ ਨੇ ਰਾਹਵਾਂ
ਸੜ ਗਏ ਜੇ ਰੀਝਾਂ ਦੇ ਪਿੰਡੇ
ਰੁਸ ਗਏ ਜੇ ਰਿਸ਼ਮਾਂ ਦੇ ਚਿਹਰੇ
ਰੰਗ ਬਰੰਗੀ ਫੁੱਲਾਂ ਨੇ ਤਾਂ ਝੜ ਹੀ ਜਾਣਾ
ਜੇ ਰਹੀਆਂ ਇਹ ਵਾਵਾਂ।

ਨਿੱਕੇ ਨਿੱਕੇ ਕਦਮੀ ਟੁਰਿਆ
ਅਜੇ ਨਾ ਟੀਸੀ ਉੱਪਰ ਚੜ੍ਹਿਆ
ਕਿੰਨ੍ਹੀ ਵਾਰ ਬਚਾਇਆ ਇਸਨੂੰ
ਝੱਖੜਾਂ ਅਤੇ ਤੁਫਾਨਾਂ ਕੋਲੋਂ
ਖੂੰਖਾਰ ਸ਼ੈਤਾਨਾਂ ਕੋਲੋਂ
ਮਜ਼ਬਾਂ ਦੀ ਸਰਦਾਰੀ ਕੋਲੋਂ
ਬਹੁ ਰੰਗੀ ਭਗਵਾਨਾਂ ਕੋਲੋਂ
ਟੁਰੇ ਜਦੋਂ ਧਰਤੀ ਦੇ ਬੰਦੇ
ਹੱਕ ਜਿਨ੍ਹਾਂ ਜੀਵਣ ਲਈ ਮੰਗੇ
ਵਕਤ ਜਦੋਂ ਆਪਣੇ ਵਲ ਆਇਆ
ਚਾਰ ਦਿਸ਼ਾਵੀਂ ਰੌਲਾ ਪਾਇਆ
ਇਸ ਹਨੇਰ੍ਹੇ ਭੂਤ ਨੂੰ ਟਾਲੋ
ਇਸ ਸਦੀ ਦੇ ਬਚਦੇ ਸਾਲੋ
ਆਪਣਾ ਬਲਦਾ ਜਿਸਮ ਸੰਭਾਲੋ।

## ਰਾਖ਼

ਕੀ ਕਰਾਂਗੇ ਰਾਖ ਨੂੰ
ਫਿਰ ਕੀ ਕਰਾਂਗੇ
ਫਿਰ ਇਸ ਵਿਸ਼ਵਾਸ
ਨੂੰ ਵੀ ਕੀ ਕਰਾਂਗੇ।
ਕਤਲ ਹਰ ਦਿਨ ਸੋਚ ਦਾ
ਹੁੰਦਾ ਰਿਹਾ
ਵੇਖਕੇ ਇਨਸਾਨ ਜੇ
ਗੁੰਗਾ ਰਿਹਾ
ਇਹ ਹਵਾ ਜੇ ਖੌਫ ਦੀ
ਚਲਦੀ ਰਹੀ
ਹਰ ਸੁਨੇਹੜਾ ਸੋਗ ਦਾ
ਘਲਦੀ ਰਹੀ
ਨਜ਼ਰ ਸਾਡੀ ਧੁੱਪ
ਅੱਖਰ ਹੋ ਗਈ
ਸੜ ਗਏ ਜੇ ਲੋਕ
ਧੁੱਪ ਦੇ ਸੇਕ ਵਿਚ
ਮੁੱਕ ਗਿਆ ਜੇ ਜੋਸ਼
ਸਾਡੀ ਹੇਕ ਵਿਚ
ਧੂੜ ਅੰਦਰ ਘਿਰ ਗਿਆ
ਇਨਸਾਨ ਜੇ
ਸਿਰ 'ਚ ਸਾਡੇ ਵੜ੍ਹ ਗਿਆ
ਸ਼ੈਤਾਨ ਜੇ
ਫਿਰ ਸਿਧਾਂਤੀ ਬਾਤ ਨੂੰ ਵੀ ਕੀ ਕਰਾਂਗੇ
ਕੀ ਕਰਾਂਗੇ ਰਾਖ਼ ਨੂੰ ਫਿਰ ਕੀ ਕਰਾਂਗੇ।

# ਨਵਾਂ ਸਾਲ ਮੁਬਾਰਕ

## ਰਾਜ ਕੈਲਗਰੀ

ਮੇਰੇ ਦੋਸਤ
ਨਵਾਂ ਸਾਲ ਮੁਬਾਰਕ !
ਮੈਂ ਤਾਂ ਕਹਾਂਗਾ ਹੀ...
ਅਜ ਨਹੀਂ ਤਾਂ ਕਲ, ਕਲ ਨਹੀਂ ਤਾਂ ਉਸ ਦਿਨ ਲਈ
ਜਦੋਂ ਸਮੇਂ ਦੇ ਲਬਾਂ ਤੇ ਜਿੰਦਗੀ ਦੇ ਨਵੇਂ ਅਰਥ ਹੋਣਗੇ
ਤੇ ਜਿੰਦਗੀ ਖੁਦ ਕਹਿ ਉੱਠੇਗੀ
ਨਵਾਂ ਸਾਲ ਮੁਬਾਰਕ।
ਜਿਸ ਦਿਨ ਗਰੀਬੂ ਮੋਚੀ ਦਾ ਹਰ ਹਉਕਾ
ਗੁਰਦੁਆਰੇ 'ਚ ਸੁੱਖੀ ਸੁੱਖ ਨਾਲ ਨਹੀਂ
ਮਰ ਜਾਇਆ ਕਰੇਗਾ
ਜਿਸ ਦਿਨ ਚੋਗਿਰਦੇ 'ਚ ਫੈਲਿਆ ਮੌਤ ਵਰਗਾ ਸਹਿਮ,
ਤੇ ਬਾਪੂ ਦੀਆਂ ਅਖਾਂ 'ਚ ਉੱਤਰੇ ਮੋਤੀਏ ਵਰਗਾ
ਡਰ ਨਹੀ ਹੋਵੇਗਾ
ਜਿਸ ਦਿਨ ਅਖਬਾਰ ਦੀ ਹਰ ਸੁਰਖੀ
ਫਿਰਕਿਆਂ 'ਚ ਲੀਕ ਖਿਚਦੀ,
ਨਫਰਤ ਦਾ ਪੈਗਾਮ ਨਹੀਂ ਬਣੇਗੀ
ਸਗੋਂ ਜਿਊਣੇ ਝਿਊਰ ਵਰਗੇ ਕਿਰਤੀਆਂ ਦੇ
ਇਕੱਠ ਦੀਆਂ ਜਿੱਤਾਂ ਤੇ
ਸਤਾ 'ਚ ਹਿਸੇ ਦੀ ਪਹਿਲੀ ਖਬਰ ਹੋਵੇਗੀ।
ਜਿਸ ਦਿਨ ਪਿੰਡ ਦੀ ਬਜ਼ੁਰਗ ਔਰਤ,
ਗੁਰਦੁਆਰੇ 'ਚ ਪੋਚਾ ਦਿੰਦੀ, ਪੁੱਤ ਦੇ ਰੁਜ਼ਗਾਰ ਦੀਆਂ
ਸੁੱਖਾਂ ਨਹੀਂ ਮੰਗੇਗੀ,
ਧੀ ਦੀ ਇਜ਼ਤ ਦੀ ਰਾਖੀ ਲਈ ਅਰਦਾਸਾਂ ਤੇ ਤਰਲਿਆਂ ਤੇ
ਟੇਕ ਨਹੀ ਰਖੇਗੀ
ਸਗੋਂ ਕਰਮੇ ਜਗੀਰਦਾਰ ਦੇ ਜ਼ੁਲਮਾਂ ਦਾ ਹਿਸਾਬ,
ਜੜੀ ਸੱਥ 'ਚ ਉਸ ਦੇ ਮੂੰਹ ਤੇ ਦਸੇਗੀ
ਜਿਸ ਦਿਨ ਪੀਤੂ ਜਟ ਦੇ ਬੋਹਲ ਦੀ ਉਚਾਈ
ਸੇਠ ਦੀ ਵਹੀ ਦੇ ਖਾਤਿਆਂ 'ਚ ਉੱਕਰੇ ਹਿੰਦਸਿਆਂ ਨਾਲ
ਨਹੀ ਮਾਪੀ ਜਾਵੇਗੀ
ਜਦੋਂ ਵਿਦੇਸ਼ਾਂ 'ਚੋ ਪਰਤੇ ਨੰਬਰਦਾਰਾਂ ਦੇ ਮੁੰਡੇ ਨੂੰ
ਤੇ ਆਪਣੇ ਰੁਜ਼ਗਾਰ ਭਾਲਦੇ ਪਾੜ੍ਹੂ ਪੁੱਤ ਨੂੰ ਵੇਖ
ਬਾਪੂ ਦੇ ਮੂੰਹ ਤੇ ਪਸਰੀ ਚੁਪ,
ਤੇ ਹਉਕੇ 'ਚ ਮਰ ਗਈ ਆਸ ਵਰਗਾ
ਕੁੱਝ ਨਹੀ ਹੋਵੇਗਾ
ਜਿਸ ਦਿਨ ਸ੍ਰੀ ਲੰਕਾ 'ਚ ਮਰ ਗਏ ਪਤੀ ਦੀ
ਲਾਸ਼ ਵੇਖ, ਸੱਜ ਵਿਆਹੀ ਬਹੂ ਦੀਆਂ ਅੱਖਾਂ 'ਚ
ਜਿੰਦਗੀ ਪ੍ਰਸ਼ਨ ਚਿੰਨ੍ਹ(?) ਬਣ ਕੇ ਨਹੀ ਉਤਰੇਗੀ
ਜਿਸ ਦਿਨ ਮਾੜ੍ਹੂ ਜਿਹੇ ਮੁੰਡੇ ਦੀ,
ਕਿਸੇ ਖਾਂਦੇ ਪੀਂਦੇ ਘਰ ਦੀ ਕੁੜੀ ਨਾਲ ਮੁਹਬੱਤ
ਪਿੰਡ'ਚ ਸਤਿਕਾਰੀ ਜਾਵੇਗੀ,
ਵੈਲ੍ਹੀ ਮੁੰਡੇ ਵਲੋਂ ਅਸ਼ਲੀਲ ਹਰਕਤ ਦਾ ਜੁਆਬ
ਕੰਮੀਆਂ ਦੀ ਕੁੜੀ ਵਲੋਂ ਮੂੰਹ ਤੇ ਥੱਪੜ ਹੋਵੇਗਾ।
ਜਿਸ ਦਿਨ ਲੁਟ ਹੋ ਰਹੀਆਂ ਰੀਝਾਂ ਅਤੇ ਅਰਮਾਨਾ ਦਾ ਵਿਰਲਾਪ
ਗਲੀਆਂ'ਚ ਫਿਰਦੀ ਕੁੱਤਿਆਂ ਦੀ ਢਾਣੀ ਦੇ
ਘੋਰੂ 'ਚ ਦਬ ਕੇ ਨਹੀਂ ਰਹਿ ਜਾਵੇਗਾ
ਜਿਸ ਦਿਨ ਪਾਸ਼ ਵਰਗਾ ਸ਼ਾਇਰ ਜਿੰਦਗੀ ਨੂੰ ਗਲੇ ਤਕ
ਡੁੱਬ ਕੇ ਜੀਵੇਗਾ
.....ਤੇ ਉਸ ਦਿਨ, ਮੇਰੇ ਦੋਸਤੋ
ਉਸ ਦਿਨ...
ਵਿਹੜਿਆਂ 'ਚ ਸੱਚ ਦਾ ਸੂਹਾ ਸੂਰਜ ਚੜ੍ਹਨ ਸਮੇਂ
ਸਾਰੀ ਖੁਸ਼ੀ ਦੇ, "ਖੇਤਾਂ 'ਚ ਫੈਲੀ ਸਰ੍ਹੋਂ ਦੇ ਫੁੱਲਾਂ' ਦੀ ਖੁਸ਼ਬੋ" ਵਾਂਗ
ਚੋਗਿਰਦੇ ਦੀਆਂ ਹਵਾਵਾਂ 'ਚ ਫੈਲ ਜਾਣ ਸਮੇਂ
ਰੀਝਾਂ ਅਤੇ ਅਰਮਾਨਾਂ ਦੇ ਗਮਲੇ 'ਚ "ਗੁਲਾਬ ਦਾ ਫੁੱਲ" ਬਣਕੇ
ਖਿੜਨ ਸਮੇਂ
ਜੇ ਆਪਾਂ ਨਾ ਵੀ ਹੋਏ ਤਾਂ ਗਮ ਨਹੀਂ ਹੋਵੇਗਾ
ਉਦੋਂ ਜੋ ਹੋਣਗੇ ਸਾਡੇ ਹੀ ਹੋਣਗੇ
ਤੇ ਉਦੋਂ....
ਜਿੰਦਗੀ ਹੀ ਜਿੰਦਗੀ ਨੂੰ ਖੁਦ ਆਖੇਗੀ
ਨਵਾਂ ਸਾਲ ਮੁਬਾਰਕ!
ਨਵਾਂ ਸਾਲ ਮੁਬਾਰਕ!


**BUYING OR SELLING**



**REAL ESTATE**

Call **SUKH SHOKER**

Res. (604) 325-1982 Bus. (604) 435-9477

SUTTON GROUP EXCELL REALTY

**3010 BOUNDARY ROAD, BURNABY, B.C. V5M 4A1**

Sutton GROUP

# ਪੰਜਾਬੀ ਮਾਰਕਿਟ ਦੇ ਸੱਭ ਤੋਂ ਭਰੋਸੇਯੋਗ ਇਨਸ਼ੋਰੈਂਸ ਦਫਤਰ

ਅਸੀਂ ਵਿਜ਼ਟਿਰ ਤੇ ਮੈਡੀਕਲ
ਇਨਸ਼ੋਰੈਂਸ ਕਰਦੇ ਹਾਂ।

**S. & S. INSURANCE**
**6658 MAIN ST.**
**VANCOUVER, B.C.(IN PUNJABI MARKET)**

ਫੋਨ: 324-5711


Daljit Singh Sidhu

**Autoplan**

ਪੰਜਾਬੀ ਮਾਰਕਿਟ ਦਾ ਸਭ ਤੋਂ ਪਹਿਲਾ ਤੇ ਭਰੋਸੇਯੋਗ
ਇਨਸ਼ੋਰੈਂਸ ਦਾ ਦਫਤਰ ਕਾਰਾਂ, ਟਰੱਕਾਂ, ਵੈਨਾਂ ਤੇ
ਪਿਕਅੱਪਾਂ ਦੀ ਇਨਸ਼ੋਰੈਂਸ ਲਈ ਦਰਸ਼ਨ ਦਿਉ।

# LOWEST FARES TO:

ਲੰਡਨ, ਦਿੱਲੀ, ਬੰਬਈ,ਮਦਰਾਸ, ਕਰਾਚੀ, ਇਸਲਾਮਾਬਾਦ,
ਕੋਲੰਬੋ,ਦਾਕਾ, ਨੈਰੋਬੀ,ਦਾਰਾਸਲਮ, ਟਰਾਂਟੋ ਤੇ ਸਾਨਫਰਾਂਸਿਸਕੋ
ਜਾਂ ਦੁਨੀਆਂ ਦੇ ਕਿਸੇ ਵੀ ਹਿੱਸੇ ਲਈ:

## ਘੱਟ ਤੋਂ ਘੱਟ ਕਿਰਾਏ

Professional Travel Agents for 37 years
Complete Travel arrangements for
business or pleasure

**Authorized Agents for:**
**Air Canada, British Airways, Canadian,Cathay Pacific, Thai Airways Int., KLM and other major airlines.**

**BAINS** INTERNATIONAL TRAVEL
6364 FRASER STREET, VANCOUVER, B.C.
TEL. 324-2277
OFFICES ALSO IN VICTORIA AND NORTH VANCOUVER

# RAJA CATERING SERVICES SINCE 1975

**Raja**

For wedding sweets and your
catering needs
we offer

*Best Food
*Best Services
* Best Price

call Balwat Raja
**325-5014**
6450-Main St.
(at 49th., Ave)
Vancouver, B.C.
Canada V5W 2V4

moti-mahal

**Sutton Group**
**Medallion Realty**
#1-9200-120th St.
Surrey,B.C. V3V 4B7

**Sutton GROUP**

ਜਦੋਂ ਵੀ ਤੁਸੀਂ ਵੀ ਜਾਇਦਾਦ ਖਰੀਦਣੀ ਜਾਂ ਵੇਚਣੀ ਹੋਵੇ ਤਾਂ
ਤਾਂ ਆਪਣੀ ਕਮਿਊਨਟੀ ਦੇ ਜਾਣੇ ਪਹਿਚਾਣੇ ਕੁਲਦੀਪ ਗਿੱਲ
ਹੁਰਾਂ ਤੋਂ ਉਨ੍ਹਾਂ ਦੇ ਪ੍ਰੋਫੈਸ਼ਨਲ ਸਲਾਹ ਮਸ਼ਵਰੇ ਲਈ ਫੂਨ ਕਰੋ।



# KULDIP GILL M.A. B. Ed.

**Member of fraser Valley Real Estate Board M.L.S. Medallion Club. Looking for a house, building lot or house with acres, in Surrey or Delta. Call me first for my honest & genuine opinion**

**Ph. 581-1211 Res. 590-8066**

# ਮੌਤ ਦੀਆਂ ਪਸਲੀਆਂ ਦੇ ਹੇਠਾਂ

## ਜੌਹਨ ਮੈਰਲਿਨ

(ਕੈਨੇਡਾ ਵਿਚ ਹੰਗੇਰੀਅਨ ਅਵਾਸੀਆਂ ਬਾਰੇ ਲਿਖੇ ਇਕ ਨਾਵਲ ਦੇ ਕੁੱਝ ਹਿੱਸੇ।)

ਗਲੀ ਵਿਚ ਹੁਣ ਚੁੱਪ ਚਾਂਦ ਸੀ। ਲੱਕੜ ਦੇ ਫੁੱਟਪਾਥ 'ਤੇ ਉਸਦੇ ਪੈਰਾਂ ਦੀ ਠਪਕ ਠਪਕ ਸੁਣਾਈ ਦੇ ਰਹੀ ਸੀ। ਪਿਛੋਂ ਆਉਂਦੀ ਹਵਾ ਨੇ ਉਸਦੇ ਵਾਲਾਂ ਨੂੰ ਖਿੰਡਾ ਦਿੱਤਾ ਸੀ। ਉਪਰ ਗਲੀ ਦੀਆਂ ਬੱਤੀਆਂ ਜਗ ਪਈਆਂ ਸਨ ਅਤੇ ਹੈਨਰੀ ਐਵੀਨਿਊ ਜਿਹੜਾ ਇਕ ਪਲ ਪਹਿਲਾਂ ਹਨੇਰੇ ਵਿਚ ਅੱਧ-ਲੁਕਿਆ ਪਿਆ ਸੀ ਹੁਣ ਮਿੱਟੀ ਰੰਗੀ ਖੰਡਰਾਂ ਦਾ ਇਕ ਬੇਇੰਤਹਾ ਦ੍ਰਿਸ਼ ਜਾਪ ਰਿਹਾ ਸੀ। ਮਲਬੇ ਵਾਲੇ ਸ਼ੈੱਡਾਂ ਦੇ ਦੂਸਰੇ ਪਾਸਿਉਂ ਰਾਤ ਵਾਲੀ ਗੱਡੀ ਦੇ ਡੱਬਿਆਂ ਨੂੰ ਇਧਰ ਉਧਰ 'ਸ਼ੰਟ' ਕਰਦੇ ਇੰਜਣਾਂ ਦੀ ਭਾਰੀ ਖਰਖਰਾਹਟ ਵਾਲੀ ਆਵਾਜ਼ ਆ ਰਹੀ ਸੀ।

ਕੋਲੇ ਦੀ ਗੈਸ ਅਤੇ ਗਲ ਰਹੀ ਲੱਕੜ ਦੀ ਗੰਧ ਭਰੇ ਇਸ ਸੜਾਂਦ ਵਾਲੇ ਆਲੇ ਦੁਆਲੇ ਵਿਚ ਉਹਨੂੰ ਅਚਾਨਕ ਹੀ ਮਾਸ ਦੇ ਤਲਣ ਦੀ ਮਹਿਕ ਆਈ। ਇਸ ਮਹਿਕ ਨੇ ਉਸਦੀ ਭੁੱਖ ਨੂੰ ਹੋਰ ਚਮਕਾਇਆ ਅਤੇ ਉਹਦੀ ਤੋਰ ਵਿਚ ਥੋੜੀ ਤੇਜੀ ਆ ਗਈ। ਪਰ ਇਹ ਤੇਜੀ ਬਹੁਤਾ ਚਿਰ ਨਾ ਰਹੀ ਕਿਉਂਕਿ ਉਹਨੂੰ ਯਾਦ ਆਇਆ ਕਿ ਉਨ੍ਹਾਂ ਲਈ ਅੱਜ ਰਾਤ ਦੇ ਖਾਣੇ ਵਿਚ 'ਬਲੋਨੀ' ਅਤੇ 'ਪੋਟੇਟੋ ਸੈਲਡ' ਹੋਵੇਗਾ ਜਿਹੜਾ ਕੱਲ ਦੇ ਬਚੇ ਆਲੂਆਂ ਨੂੰ ਸਿਰਕੇ, ਪਾਣੀ ਅਤੇ ਪਿਆਜ਼ ਵਿਚ ਰਲਾ ਕੇ ਬਣਾਇਆ ਗਿਆ ਹੋਵੇਗਾ।

ਫੁੱਟਪਾਥ ਦੇ ਅਣਪੱਧਰੇ ਫੱਟਿਆਂ ਉਤੇ ਤੁਰੇ ਜਾਂਦੇ ਦਾ ਉਸਦਾ ਪਰਛਾਵਾਂ ਉਸਨੂੰ ਅੱਗੇ ਅੱਗੇ ਤੈਰ ਰਿਹਾ ਜਾਪ ਰਿਹਾ ਸੀ। ਉਸਨੂੰ ਇਹ ਪਰਛਾਵਾਂ ਲੰਮੇਰਾ ਹੁੰਦਾ ਜਾਪਿਆ ਅਤੇ ਅਚਾਨਕ ਹੀ ਉਹਦੇ ਮਨ ਵਿਚ ਇਕ ਡੂੰਘੀ ਸੱਧਰ ਜਾਗ ਪਈ। ਹੁਣ ਉਸ ਨੇ ਆਪਣੇ ਆਪ ਨੂੰ ਇਕ ਭਰ-ਜੁਆਨ ਆਦਮੀ ਦੇ ਰੂਪ ਵਿਚ ਕਲਪਿਤ ਕੀਤਾ ਜਿਹੜਾ ਚਮਕਦਾਰ ਕੋਕਿਆਂ ਵਾਲੇ ਬੂਟ ਪਾਈ ਹੋਟਲ ਦੀ 'ਲਾਬੀ' ਵਿਚ ਸ਼ਾਹੀ ਠਾਠ ਨਾਲ ਚਮੜੇ ਦੀ ਕੁਰਸੀ ਵਿਚ ਬੈਠਾ ਰਾਤ ਦੇ ਖਾਣੇ ਤੋਂ ਬਾਅਦ ਸਿਗਾਰ ਪੀ ਰਿਹਾ ਹੋਵੇ ਅਤੇ ਜਿਸਦੀ ਟੋਪੀ ਅਤੇ ਖੂੰਡੀ ਨਾਲ ਦੇ ਮੇਜ਼ ਤੇ ਰੱਖੀ ਹੋਈ ਹੋਵੇ।

ਉਸਨੇ ਸੋਚਿਆ ਕਿ ਇਕ ਦਿਨ ਉਹ ਵੱਡਾ ਹੋਵੇਗਾ ਅਤੇ ਇਸ ਸਭ ਕੁੱਝ ਵੱਲ ਕਦੇ ਵੀ ਪਿਛੇ ਮੁੜਕੇ ਨਹੀਂ ਤੱਕੇਗਾ, ਨਾ ਹੀ ਇਸ ਪਰਾਏ ਮੁਹੱਲੇ ਵੱਲ ਅਤੇ ਨਾ ਹੀ ਅੰਗ੍ਰੇਜ਼ ਮੁੰਡਿਆਂ ਦੇ ਉਸ ਗ੍ਰੋਹ ਨੂੰ ਯਾਦ ਕਰੇਗਾ ਜਿਹੜਾ ਸਕੂਲੋਂ ਘਰ ਪਰਤਦਿਆਂ ਹਰ ਰੋਜ ਉਸਦਾ ਪਿੱਛਾ ਕਰਿਆ ਕਰਦਾ ਸੀ। ਉਹ ਭੁੱਲ ਜਾਵੇਗਾ ਕਿ ਦੜੇ ਦੇ ਮਾਲ ਦੀ ਸਸ੍ਤੀ-ਸੇਲ 'ਤੇ ਖਰੀਦੇ ਕਪੜੇ ਪਹਿਨਣਾ ਅਤੇ ਹਮੇਸ਼ਾਂ ਦਿੱਤੋਂ ਭੁੱਖੇ ਰਹਿਣਾ ਕਿਵੇਂ ਮਹਿਸੂਸ ਹੁੰਦਾ ਹੈ। ਕੋਈ ਵੀ ਉਸਦਾ ਮਖੌਲ ਨਹੀਂ ਉਡਾਏਗਾ, ਖਾਸ ਤੌਰ 'ਤੇ ਗੋਰੇ ਕਿਉਂਕਿ ਉਦੋਂ ਤੀਕ ਤਾਂ ਉਹ ਆਪਣਾ ਨਾਮ ਬਦਲ ਚੁੱਕਾ ਹੋਵੇਗਾ ਅਤੇ ਇੰਗਲਿਸਤਾਨੀਆਂ ਵਾਂਗ ਹੀ ਦਫ਼ਤਰ ਵਿਚ ਕੰਮ ਕਰਦਾ ਹੋਵੇਗਾ। ਕੋਈ ਵੀ ਇਹ ਦੱਸ ਨਹੀਂ ਸਕੇਗਾ ਕਿ ਕਦੀ ਉਹ ਬਿਗਾਨੇ ਮੁਲਕ ਤੋਂ ਆਇਆ ਸੀ।

ਇਸ ਪਲ ਸਾਰਾ ਕੁੱਝ ਉਸਦੀ ਮਾਂ ਉਪਰ ਨਿਰਭਰ ਕਰਦਾ ਸੀ। ਮਾਂ ਦੇ ਥੋੜ੍ਹਾ ਜਿਹਾ ਬੋਲਣ ਦੀ ਦੇਰ ਹੀ ਸੀ ਕਿ ਉਹਦੇ ਪਿਉ ਨੇ ਭੰਬਲਾ ਸ਼ੁਰੂ ਕਰ ਦੇਣਾ ਸੀ। ਇਕ ਤਾਂ ਉਹ ਉਂਝ ਹੀ ਲੇਟ ਘਰ ਪਰਤਿਆ ਸੀ, ਉਸਦੇ ਕੱਪੜੇ ਫਟੇ ਹੋਏ ਸਨ, ਦੂਜਾ ਉਸਨੇ ਆਪਣਾ ਘਰ ਦਾ ਕੰਮ ਵੀ ਨਹੀਂ ਸੀ ਕੀਤਾ ਅਤੇ ਸੱਭ ਤੋਂ ਮਾੜੀ ਗੱਲ ਇਹ ਸੀ ਕਿ ਉਹ ਅੱਜ ਫਿਰ ਲੜਕੇ ਆਇਆ ਸੀ।

ਉਹ ਰਸੋਈ ਦੀ ਖੁਲ੍ਹੀ ਖਿੜਕੀ ਵੱਲ ਨੂੰ ਅਹੁੜਿਆ ਅਤੇ ਅੰਦਰ ਝਾਕਿਆ। ਛੋਟੇ ਬਾਲ ਨੂੰ ਗੋਦ ਵਿਚ ਲੋਰੀਆਂ ਦਿੰਦੀ ਉਸਦੀ ਮਾਂ ਰਸੋਈ ਵਿਚ ਘੁੰਮ ਰਹੀ ਸੀ। ਇਹ ਪਹਿਲੀ ਵਾਰ ਸੀ ਜਦ ਉਸਨੇ ਆਪਣੀ ਮਾਂ ਨੂੰ ਅਨੰਦਮਈ ਅਵਸਥਾ ਵਿਚ ਵੇਖਿਆ ਸੀ। ਉਸਦੇ ਚਿਹਰੇ 'ਤੇ ਕੋਈ ਤਣਾਉ ਨਹੀਂ ਸੀ। ਉਸਦੀਆਂ ਕਾਲੀਆਂ ਦਗਦੀਆਂ ਅੱਖਾਂ ਦੀਆਂ ਗਹਿਰਾਈਆਂ ਵਿਚ ਉਦਾਸੀ ਝਲਕਦੀ ਸੀ। ਉਹ ਜਾਨਣਾ ਚਾਹੁੰਦਾ ਸੀ ਕਿ ਉਸਦੇ ਮਾਂ ਪਿਉ ਹਮੇਸ਼ਾਂ ਉਦਾਸ ਕਿਉਂ ਦਿਸਦੇ ਸਨ। ਹੁਣ ਜਦੋਂ ਉਸਨੇ ਆਪਣੀ ਮਾਂ ਵੱਲ ਦੁਬਾਰਾ ਵੇਖਿਆ ਉਸਨੂੰ ਜਾਪਿਆ ਜਿਵੇਂ ਉਹ ਕਿਸੇ ਅਜਨਬੀ ਵੱਲ ਵੇਖ ਰਿਹਾ ਹੋਵੇ। ਉਸ ਨੂੰ ਪਤਾ ਨਹੀਂ ਸੀ ਕਿ ਉਸਦੀ ਮਾਂ ਇਨੀ ਸੁੰਦਰ ਸੀ। ਨਾਂ ਹੀ ਉਸਨੇ ਖਿਆਲ ਕੀਤਾ ਕਿ ਉਸਦੀ ਮਾਂ ਇਨੀ ਥੱਕੀ ਹੋਈ ਸੀ। ਉਹ ਮਲਕੜੇ ਜਿਹੇ ਲੱਕੜ ਦੀ ਸ਼ੈੱਡ ਵੱਲ ਨੂੰ ਗਿਆ। ਉਹਨੇ ਅਜੇ ਅੱਗ ਬਾਲਣ ਲਈ ਲੱਕੜੀਆਂ ਕੱਟਣੀਆਂ ਹੀ ਸ਼ੁਰੂ ਕੀਤੀਆਂ ਸਨ ਜਦੋਂ ਉਸਨੇ ਦਰਵਾਜ਼ੇ ਨਾਲ ਪਹਿਲਾਂ ਹੀ ਕੱਟੀਆਂ ਹੋਈਆਂ ਲੱਕੜਾਂ ਦੀ ਇਕ ਢੇਰੀ ਦੇਖੀ। "ਅੱਜ ਤਾਂ ਰੱਬ ਹੀ ਬਚਾਏ", ਉਹਨੇ ਦੁਖੀ ਮਨ ਨਾਲ ਕਿਹਾ " ਪਿਤਾ ਨੇ ਪਹਿਲਾਂ ਹੀ ਲੱਕੜਾਂ ਕੱਟ ਰੱਖੀਆਂ ਹਨ।" ਉਸਨੇ ਦਰਵਾਜ਼ਾ ਬੰਦ ਕੀਤਾ ਅਤੇ ਮਾਂ ਦੀਆਂ ਅੱਖਾਂ ਵਿਚ ਅਗਾਂਹ ਵਰਤਣ ਵਾਲੇ ਭਾਣੇ ਦੀ ਚਿੰਤਾ ਨੂੰ ਨਕਾਰਦਿਆਂ ਅਗਾਂਹ ਰਸੋਈ ਵੱਲ ਵਧਿਆ।

"ਲੜ ਕੇ ਆਇਆਂ ਏਂ?" ਉਸਦੀ ਮਾਂ ਨੇ ਹੌਲੀ ਜਿਹੇ ਪੁਛਿਆ, ਪਰ ਏਨ੍ਹਾਂ ਹੌਲੀ ਵੀ ਨਹੀਂ। ਸਾਹਮਣੇ ਕਮਰੇ ਵਿਚ ਅਚਾਨਕ ਹੀ ਹਿੱਲਜੁੱਲ ਹੋਈ। ਜਦੋਂ ਉਸਨੇ ਆਪਣੇ ਪਿਉ ਨੂੰ ਆਉਂਦਿਆਂ ਤੱਕਿਆ ਤਾਂ ਉਸਦਾ ਦਿਲ ਸਹਿਮਿਆ। ਉਸਦੇ ਪਿਉ ਦੀ ਨਿਗਾਹ ਉਸਦੇ ਸੁੱਜੇ ਹੋਏ ਬੁੱਲ੍ਹ ਉਪਰ ਪਈ। ਬੁੱਲ੍ਹ ਟਸ ਟਸ ਕਰਦਾ ਮਹਿਸੂਸ ਹੋਇਆ। ਉਸਨੇ ਨੀਵੀਂ ਪਾ ਲਈ।

" ਐਧਰ ਮੇਰੇ ਨਾਲ ਆ" ਕਹਿੰਦਿਆਂ ਜਿਉਂ ਹੀ ਉਹ ਸਾਹਮਣੇ ਕਮਰੇ ਵੱਲ ਗਏ, ਉਸਦੇ ਪਿਉ ਨੇ ਦਰਵਾਜ਼ੇ ਦੇ ਪਿਛੋਂ ਛਾਂਟਾ ਕੱਢ ਲਿਆ। "ਸਿਰਫ ਇਕੋ ਗੱਲ ਕਰਕੇ ਤੈਨੂੰ ਮਾਰਦਾਂ- ਉਹ ਹੈ ਲੜਾਈ। ਤੂੰ ਬਾਰ੍ਹਾਂ ਵਰ੍ਹਿਆਂ ਦਾ ਹੋ ਗਿਆ ਏਂ, ਸਭ ਕੁਝ ਸਮਝਣ ਯੋਗ। ਤੂੰ ਲੜਾਈ ਕਿਉਂ ਕਰਦੈਂ? ਕੀ ਇਸ ਤੋਂ ਕੁੱਝ ਸਾਬਤ ਹੁੰਦਾ ਹੈ?"

ਇਕ ਪਲ ਉਹ ਉੱਤਰ ਲਈ ਰੁਕਿਆ। ਫਿਰ ਅਚਾਨਕ ਹੀ ਚੀਖਿਆ "ਕੋਈ ਜਵਾਬ ਦੇ ਸਕਦਾ ਏਂ?" ਉਹਨੇ ਭਰੜਾਈ ਆਵਾਜ਼ ਵਿਚ ਕਿਹਾ "ਕਾਰਨ!"

ਉਸਦੇ ਪਿਉ ਨੇ ਹੱਥ ਉਪਰ ਚੁੱਕਿਆ ਅਤੇ ਛਾਂਟਾ ਉਹਦੇ ਮੋਢਿਆਂ 'ਤੇ ਵਰ੍ਹਨ ਲੱਗਾ। ਮੈਂਡਰ ਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ। ਉਹ ਛਾਂਟਿਆਂ ਦੀ ਪੀੜ ਜਰ ਸਕਦਾ ਸੀ। ਭਾਵੇਂ ਉਸਨੇ ਫੈਸਲਾ ਕੀਤਾ ਸੀ ਕਿ ਮੁਹਰਿਓਂ ਚਿਲਾਵੇਗਾ ਨਹੀਂ ਪਰ ਨਫ਼ਰਤ, ਬੇਇਨਸਾਫ਼ੀ ਅਤੇ ਜ਼ਲੀਲਤਾ ਭਰੀ ਦੁਨੀਆਂ ਵਿਚ ਕੁੱਝ ਕਰ ਸਕਣ ਦੀ ਅਸਮਰਥਾ ਨੇ ਉਸਦੀ ਦ੍ਰਿੜਤਾ ਨੂੰ ਵੰਗਾਰਿਆ। ਛਾਂਟਾ ਫਿਰ ਵਰ੍ਹਿਆ। ਉਸਨੇ ਆਪਣੇ ਦੰਦ ਕਸੀਸ ਲਏ। ਉਸਨੂੰ ਪਤਾ ਸੀ ਕਿ ਉਸਦੇ ਰੋਣ ਦੀ ਹੀ ਦੇਰ ਸੀ ਕਿ ਕੁੱਟ ਪੈਣੀ ਬੰਦ ਹੋ ਜਾਣੀ ਸੀ, ਪਰ ਹੁਣ ਇਦਾਂ ਨਾ ਕਰਨਾ ਉਹਦੇ ਲਈ ਸਵੈਮਾਣ ਵਾਲੀ ਗਲ ਬਣ ਚੁੱਕੀ ਸੀ। ਇਸ ਦੇ ਉਲਟ ਉਹ ਗੁੱਸੇ ਨਾਲ ਗਰਜਦਿਆਂ ਅਤੇ ਹੱਥ ਪੈਰ ਮਾਰਦਿਆਂ ਸ਼ੂਟ ਵੱਟ ਕੇ ਰਸੋਈ ਵਲ ਵਧਿਆ ਅਤੇ ਖਿੜਕੀ ਦੀ ਹੇਠਲੀ ਫੱਟੀ ਉਪਰ ਬੈਠ ਗਿਆ।

"ਇਹ ਮੈਨੂੰ ਬਿਨਾਂ ਕਸੂਰ ਮਾਰਦਾ ਏ" ਉਹਨੇ ਸੋਚਿਆ ਅਤੇ ਭਰੇ ਪੀਤੇ ਨੇ ਆਪਣੇ ਅੱਥਰੂ ਪੂੰਝੇ। "ਇਸ ਕੋਲ ਮੈਨੂੰ ਮਾਰਨ ਦਾ ਕੋਈ ਹੱਕ ਨਹੀਂ। ਇਹ ਤਾਂ ਮੇਰਾ ਪਿਉ ਵੀ ਨਹੀਂ। ਮੇਰਾ ਅਸਲੀ ਪਿਉ ਤਾਂ ਇਕ ਇੰਗਲਿਸਤਾਨੀ ਲਾਰਡ ਸੀ। ਇਕ ਦਿਨ ਉਹ ਜ਼ਰੂਰ ਵਾਪਸ ਪਰਤੇਗਾ ਅਤੇ ਫਿਰ ਇਹ ਜੋਸਫ ਹੁਨਿਆਡੀ ਆਪਣਾ ਪੜ੍ਹਿਆ ਵਿਚਾਰ ਲਵੇ।"

ਯਾਦਾਂ ਦੀ ਲੰਮੀ ਲੜੀ ਵਿਚੋਂ ਉਸਦੇ ਮਨ ਨੂੰ ਸਕੂਨ ਦੇਣ ਵਾਲੀ ਇਕ ਕਲਪਿਤ ਯਾਦ ਆਈ। ਖਿਆਲਾਂ ਹੀ ਖਿਆਲਾਂ ਵਿਚ ਉਸਦੇ ਮਨ ਵਿਚ ਇਕ ਲੰਬੇ, ਵਿਕੋਲਿਤਰੇ ਇਨਸਾਨ ਦਾ ਅਕਸ ਉਭਰਿਆ ਜੋ ਕਿ ਉਸ ਸਮੁੰਦਰੀ ਜਹਾਜ਼ ਦੇ ਡੈੱਕ ਉਪਰ ਉਨ੍ਹਾਂ ਤੋਂ ਉਪਰ ਬੈਠਾ ਸੀ ਅਤੇ ਜਿਹੜਾ ਉਸਨੂੰ ਅਤੇ ਉਸਦੀ ਮਾਂ ਨੂੰ ਕੈਨੇਡਾ ਲੈ ਕੇ ਆਇਆ ਸੀ। ਹਰ ਰੋਜ਼ ਇਹ ਆਦਮੀ ਉਸ ਲਈ ਇਕ ਸੰਗਤਰਾ ਲੈ ਕੇ ਆਉਂਦਾ ਅਤੇ ਉਸਦੀ ਮਾਂ ਲਈ ਇਕ ਮੁਸਕਾਣ। ਉਸਨੂੰ ਉਸਦੀ ਮਾਂ ਦਾ ਸ਼ਰਮਾਉਣਾ ਅਤੇ ਉਸਦੀਆਂ ਖਾਖਾਂ ਦਾ ਰੰਗ ਯਾਦ ਆਇਆ। ਉਸਨੂੰ ਉਸਦੇ ਵੱਡੇ ਭਰਾ, ਜੋ ਕਿ ਸ਼ਾਇਦ ਇਸ ਇੰਗਲਿਸਤਾਨੀ ਲਾਰਡ ਦਾ ਹੀ ਪੁੱਤਰ ਸੀ, ਦੀ ਭੇਦਭਰੀ ਮੌਤ ਦਾ ਖਿਆਲ ਆਇਆ। ਇਸ ਜੋਸਫ ਹੁਨਿਆਡੀ ਨੂੰ ਪਤਾ ਲੱਗ ਗਿਆ ਸੀ ਅਤੇ ਉਸਨੇ ਉਸਨੂੰ ਮਾਰ ਦਿੱਤਾ ਸੀ।

ਮੈਂਡਰ ਕੰਬਿਆ-ਡਰ ਨਾਲ ਜਾਂ ਖੁਸ਼ੀ ਨਾਲ-ਇਹ ਉਸਨੂੰ ਪਤਾ ਨਹੀਂ ਸੀ। ਕਿਸੇ ਕਿਸੇ ਮੌਕੇ ਜੋਸਫ ਹੁਨਿਆਡੀ ਉਸ ਵੱਲ ਅਜਨਬੀ ਵਾਂਗ ਵੇਖਦਾ ਸੀ। ਕੀ ਉਸਨੂੰ ਕੋਈ ਸ਼ੱਕ ਸੀ? ਜੇ ਹੋਈ ਤਾਂ...

ਉਸਨੇ ਮੂੰਹ ਉਪਰ ਕੀਤਾ। ਜਦ ਉਸਦੀ ਮਾਂ ਮੂੰਹ ਪੂੰਝਣ ਲਈ ਤੌਲੀਆ ਲੈ ਕੇ ਆਈ ਤਾਂ ਮੈਂਡਰ ਨੇ ਮੂੰਹ ਦੂਜੇ ਪਾਸੇ ਫੇਰ ਲਿਆ। "ਤੂੰ ਲੜਦਾ ਕਿਉਂ ਹੁੰਨੈਂ?" ਉਸਦੀ ਮਾਂ ਨੇ ਪੁੱਛਿਆ।

"ਮੈਂ ਲੜਨਾ ਪਸੰਦ ਜੁ ਕਰਦਾਂ" ਉਹ ਗੁੱਸੇ ਨਾਲ ਬੋਲਿਆ।

ਉਸਦੀ ਮਾਂ ਨੇ ਸਾਹਮਣੇ ਵਾਲੇ ਕਮਰੇ ਵੱਲ ਤੱਕਦਿਆਂ ਕਿਹਾ "ਤੇਰੇ ਸੱਟ ਲੱਗੀ ਹੈ? ਤੇਰੇ ਪਿਉ ਨੂੰ ਵੀ ਪਤਾ ਲੱਗਣਾ ਚਾਹੀਦਾ।" ਜਿਉਂ ਹੀ ਉਸਦੀ ਮਾਂ ਨੇ ਉਸਦਾ ਮੂੰਹ ਚਾਨਣ ਵਾਲੇ ਪਾਸੇ ਕੀਤਾ, ਉਸਨੇ ਆਪਣੇ ਆਪ ਨੂੰ ਛੁਡਾਉਂਦਿਆਂ ਕਿਹਾ "ਨਹੀਂ।"

"ਆਹ ਚੁੱਕ ਤੌਲੀਆ ਅਤੇ ਜਾ ਕੇ ਆਪਣਾ ਮੂੰਹ ਸਾਫ ਕਰ।" ਮਾਂ ਨੇ ਕਿਹਾ।

ਮੈਂਡਰ ਨੇ ਆਪਣੀ ਠੋਡੀ ਨੂੰ ਆਪਣੇ ਹੱਥਾਂ ਦੀ ਕਰੰਘੜੀ ਵਿਚ ਰੱਖਦਿਆਂ ਬਾਹਰ ਵੱਲ ਤੱਕਿਆ। ਉਸਦੇ ਪਿਛਲੇ ਪਾਸੇ ਮਾਂ ਰਸੋਈ ਵਿਚ ਕੰਮ ਕਰ ਰਹੀ ਸੀ। ਛੋਟਾ ਬਾਲ ਰੋਣ ਲੱਗ ਪਿਆ ਸੀ। ਉਪਰ ਰਹਿੰਦੇ ਦੋ ਕਿਰਾਏਦਾਰ ਆਪਸ ਵਿਚ ਝਗੜ ਰਹੇ ਸਨ। ਉਸਨੇ ਇਹ ਸੁਣਨ ਲਈ ਆਪਣਾ ਸਿਰ ਰਸੋਈ ਦੀ ਖਿੜਕੀ 'ਚੋਂ ਬਾਹਰ ਕੱਢਿਆ। ਪਰ ਉਹ 'ਹੰਗੇਰੀਅਨ' ਬੋਲੀ ਵਿਚ ਬੋਲ ਰਹੇ ਸਨ। ਉਹ ਚਾਹੁੰਦਾ ਸੀ ਕਿ ਖਾਣਾ ਛੇਤੀਂ ਖਤਮ ਹੋ ਜਾਵੇ ਤਾਂ ਜੁ ਉਹ ਲਾਲ ਵਲਗਣ ਵਾਲੇ ਵਿਹੜੇ ਵਿਚ ਖੇਡਦੇ ਮੁੰਡਿਆਂ ਦੀ ਟੋਲੀ ਵਿਚ ਸ਼ਾਮਲ ਹੋ ਸਕੇ। ਉਸਦੀ ਮਾਂ ਨੇ ਚੁੱਲ੍ਹੇ ਵੱਲ ਇਸ਼ਾਰਾ ਕਰਦਿਆਂ ਕਿਹਾ, "ਮੈਂਡਰ ਇਹ ਸ਼ੋਰਬਾ ਮਿਸਟਰ ਲੈਸਲੋ ਲਈ ਉਪਰ ਲੈ ਜਾਹ।"

ਪਹਿਲੀ ਵਾਰੀ ਉਸਨੂੰ ਤੇਜ ਮਹਿਕ ਦਾ ਪਤਾ ਲੱਗਾ ਜੋ ਕਿ ਸਾਰੀ ਰਸੋਈ ਵਿਚ ਫੈਲੀ ਹੋਈ ਸੀ। ਇਹ ਭਾਫਾਂ ਛੱਡਦੀਆਂ ਸਬਜ਼ੀਆਂ ਅਤੇ ਗਾਂ ਦੇ ਮਾਸ ਦਾ ਸ਼ੋਰਬਾ ਸੀ। ਮਾਸ ਜਿਹੜਾ ਕਿ ਮੂੰਹ ਵਿਚ ਹੀ ਭੁਰ ਜਾਵੇ, ਘਰ ਦੀਆਂ ਬਣਾਈਆਂ ਸੇਵੀਆਂ ਅਤੇ ਤੈਰਦੀ ਹੋਈ ਬੁਲਬਲੀਆਂ ਛੱਡਦੀ ਚਰਬੀ ਨਾਲ ਨੱਕੋ ਨੱਕ ਭਰੀ ਸ਼ੋਰਬੇ ਦੀ ਪਲੇਟ! ਇਹ ਸਭ ਕੁੱਝ ਉਹਦੇ ਸਹਿਣ ਤੋਂ ਬਾਹਰ ਸੀ।

"ਮੈਂ ਇਹ ਸ਼ੋਰਬਾ ਨਹੀਂ ਲੈ ਕੇ ਜਾਵਾਂਗਾ।" ਉਹ ਚਿਲਾਇਆ "ਅਸੀਂ ਸਿਰਫ਼ 'ਬਲੋਨੀ' ਖਾਈਏ ਅਤੇ ਮਿਸਟਰ ਲੈਸਲੋ ਸਾਡਾ ਸ਼ੋਰਬਾ ਖਾਵੇ। ਉਹ ਸਾਡੇ ਪੈਸੇ ਵੀ ਨਹੀਂ ਦਿੰਦਾ..."

"ਤੈਨੂੰ ਸ਼ਰਮ ਨਹੀਂ ਆਉਂਦੀ?" ਉਹਦੀ ਮਾਂ ਚਿੱਲਾਈ 'ਤੇ ਫੇਰ ਆਹ ਭਰ ਕੇ ਬੋਲੀ "ਵਿਚਾਰਾ, ਬੀਮਾਰ ਅਤੇ ਘਰ ਤੋਂ ਦੂਰ..."

"ਹਾਂ, ਤੇ ਅਸੀਂ ਗਰੀਬ ਨਹੀਂ ਹਾਂ।" ਉਹ ਨਫ਼ਰਤ ਨਾਲ ਫੁੰਕਾਰਿਆ "ਨਹੀਂ, ਅਸੀਂ ਤਾਂ ਲੱਖਪਤੀ ਹਾਂ। ਅਸੀਂ ਹਰ ਰਾਤ 'ਬਲੋਨੀ' ਖਾਣੀ ਪਸੰਦ ਕਰਦੇ ਹਾਂ। ਮੇਰੇ ਕੱਪੜਿਆਂ ਵੱਲ ਵੇਖ। ਸਕੂਲ ਵਿਚ ਇੰਗਲਿਸਤਾਨੀ ਮੁੰਡੇ ਮੇਰਾ ਮਖੌਲ ਉਡਾਉਂਦੇ ਹਨ। ਪੂਰੇ ਵਰ੍ਹੇ ਤੋਂ ਮੰਜਾ ਨਾ ਮਿਲਣ ਕਰਕੇ ਮੈਨੂੰ ਇਹਨਾਂ ਕੁਰਸੀਆਂ ਉੱਤੇ ਹੀ ਸੌਣਾ ਪੈ ਰਿਹਾ ਹੈ। ਤੇ ਆਪਣੇ ਘਰ ਵੱਲ ਵੇਖ-ਇਹਦੇ ਵਿਚ ਕੋਈ ਬੈੱਡਰੂਮ ਵੀ ਨਹੀਂ-ਫਰਸ਼ 'ਤੇ ਕਦੀ ਕੱਪੜਾ ਨਹੀਂ ਫੇਰਿਆ-ਘਰ ਵਿਚ ਕੋਈ ਆਈਸ ਬਾਕਸ ਵੀ ਨਹੀਂ...।"

ਉਸਦੀ ਮਾਂ ਨੇ ਉਸ ਵਲ ਤੱਕਿਆ ਅਤੇ ਸਾਹਮਣੇ ਕਮਰੇ ਵੱਲ ਮੂੰਹ ਭਵਾਇਆ। ਉਹ ਚੁੱਪ ਹੋ ਗਿਆ। ਇਹ ਉਹਦੀ ਮਾਂ ਦਾ ਕਸੂਰ ਨਹੀਂ ਸੀ। ਜੇ ਉਸਦਾ ਵੱਸ ਚਲਦਾ ਤਾਂ ਉਸ ਨੇ ਉਪਰ ਰਹਿ ਰਹੇ ਕਿਰਾਏਦਾਰਾਂ ਦਾ ਕਦੋਂ ਦਾ ਬਿਸਤਰਾ ਗੋਲ ਕਰ ਦੇਣਾ ਸੀ ਜਾਂ ਘੱਟੋ ਘੱਟ ਉਹਨਾਂ ਤੋਂ ਉੱਥੇ ਰਹਿਣ ਦੇ ਪੈਸੇ ਵਸੂਲ ਕਰਨੇ ਸਨ। ਪਰ ਉਹ ਤਾਂ ਕੇਵਲ ਇਕ ਔਰਤ ਸੀ। ਅਖੀਰ ਵਿਚ ਉਸਨੂੰ ਉਸਦੇ ਪਿਉ ਕੋਲੋਂ ਹਾਰ ਹੀ ਮੰਨਣੀ ਪੈਂਦੀ ਸੀ।

"ਮਿਸਟਰ ਸਵਾਲਬ ਪਹਿਲਾਂ ਹੀ ਦੂਸਰਿਆਂ ਲਈ ਸਲਾਦ ਉਪਰ ਲਿਜਾ ਚੁੱਕਾ ਹੈ।" ਉਸਦੀ ਮਾਂ ਨੇ ਕਿਹਾ "ਹੁਣ ਜਾਹ ਅਤੇ ਸ਼ੋਰਬਾ ਲੈ ਜਾਹ।"

"ਹੂੰ ਵਿਚਾਰਾ" ਉਸਨੇ ਨਫ਼ਰਤ ਨਾਲ ਕਿਹਾ ਅਤੇ ਪੌੜੀਆਂ ਵੱਲ ਵਧਿਆ। ਮਿਸਟਰ ਲੈਸਲੋ ਨੂੰ ਕੀ ਤਕਲੀਫ ਹੋਣੀ ਸੀ ਜਿਹੜਾ ਹਰ ਰੋਜ਼ ਮੌਜ ਨਾਲ ਬਿਸਤਰੇ 'ਚ ਪਿਆ ਰਹਿੰਦਾ ਸੀ ਤੇ ਜਿਸਦੀ ਖ਼ੂਬ ਖਾਤਰ ਹੁੰਦੀ ਸੀ। ਜੇ ਕਿਸੇ ਨੂੰ ਤਕਲੀਫ ਸੀ ਤਾਂ ਉਸ ਪਰਵਾਰ ਨੂੰ ਜਿਹੜਾ ਉਸਦੀ ਦੇਖਭਾਲ ਕਰਦਾ ਸੀ। ਉਸਦੇ ਤਿੰਨੇ ਜੋਟੀਦਾਰ ਹਫਤਿਆਂ ਬੱਧੀ ਖਾਂਦੇ ਅਤੇ ਘੁਰਾੜੇ ਮਾਰ ਛੱਡਦੇ ਸਨ ਅਤੇ ਇਕ ਧੇਲਾ ਵੀ ਨਹੀਂ ਦਿੰਦੇ ਸਨ। ਪਰ ਘਰ ਵਿਚ ਕਿਸੇ ਨੂੰ ਉਸਦੇ ਪਿਉ ਨੂੰ ਕੁੱਝ ਕਹਿਣ ਦੀ ਹਿੰਮਤ ਨਹੀਂ ਸੀ ਜਿਹੜਾ ਘਰ ਦੇ ਜੀਆਂ ਨਾਲੋਂ ਹੋਰਨਾਂ ਦਾ ਜਿਆਦਾ ਖਿਆਲ ਰੱਖਦਾ ਸੀ।

ਉਸਨੇ ਪੈਰ ਘਸੀਟੇ। ਅਸਲ ਵਿਚ ਉਸਨੇ ਉਹਨਾਂ ਨੂੰ ਫੇਰ ਵੀ ਨਫਰਤ ਕਰਨੀ ਸੀ ਜੇ ਉਹ ਖਾਣਪੀਣ ਅਤੇ ਰਿਹਾਇਸ਼ ਦੇ ਪੈਸੇ ਵੀ ਕਿਉਂ ਨਾ ਦਿੰਦੇ ਰਹਿੰਦੇ। ਮਿਸਟਰ ਸਵਾਲਬ ਜਿਹੜਾ ਭਾਵੇਂ ਪੈਸੇ ਦਿੰਦਾ ਸੀ, ਬਾਕੀਆਂ ਨਾਲੋਂ ਬਦਤਰ ਸੀ। ਉਹ ਪਰਦੇਸੀ ਸਨ ਸਾਰੇ ਦੇ ਸਾਰੇ। ਇਸਤੇ ਉੱਤੇ ਬੁਰੀ ਗੱਲ ਇਹ ਸੀ ਉਹ ਆਪਣੇ ਦੇਸੀ ਤੌਰ ਤਰੀਕਿਆਂ 'ਤੇ ਮਾਣ ਕਰਦੇ ਸਨ। ਉਹਨਾਂ 'ਚੋਂ ਕਿਸੇ ਨੇ ਵੀ ਅਜੇ ਅੰਗਰੇਜ਼ੀ ਸਿੱਖਣ ਦਾ ਕੋਈ ਗੰਭੀਰ ਯਤਨ ਨਹੀਂ ਕੀਤਾ ਸੀ।

ਉਹ ਦੌੜ ਕੇ ਪੌੜੀਆਂ ਉਤਰਿਆ ਅਤੇ ਸਿੱਧਾ ਰਸੋਈ ਵੱਲ ਗਿਆ। ਉਸਦੇ ਮਾਂ ਪਿਉ ਉਸਦੀ ਉਡੀਕ 'ਚ ਬੈਠੇ ਸਨ। ਉਹ ਬੈਠ ਗਿਆ ਅਤੇ ਖਾਣਾ ਸ਼ੁਰੂ ਕਰ ਦਿੱਤਾ। ਆਪਣਾ ਸਿਰ ਉਸਨੇ ਉਨ੍ਹੀ ਦੇਰ ਉਪਰ ਨਾ ਕੀਤਾ ਜਿੰਨੀ ਦੇਰ ਖਾਣਾ ਨਾ ਮੁਕਾ ਲਿਆ। ਉਹਨੂੰ ਮਲੂਮ ਹੋਇਆ ਕਿ ਉਹਦੇ ਮਾ ਪਿਉ ਉਹਦੇ ਬਾਰੇ ਗੱਲਬਾਤ ਕਰ ਰਹੇ ਸਨ। ਗੱਲਾਂ ਕਰਦੇ ਉਹ ਉਹਦੀਆਂ ਅੱਖਾਂ 'ਚ ਅੱਖਾਂ ਪਾਉਣੋ ਟਾਲ ਰਹੇ ਸਨ। ਉਹ 'ਹੰਗੇਰੀਅਨ' ਬੋਲ ਰਹੇ ਸਨ। 'ਹੰਗੇਰੀਅਨ' ਉਸਨੂੰ ਇਨ੍ਹੀ ਕੁ ਆਉਂਦੀ ਸੀ ਜਿਸ ਨਾਲ ਉਹ ਰੋਟੀ ਦੀ ਬੁਰਕੀ ਮੰਗ ਸਕੇ। ਜਦੋਂ ਉਹ ਪਹਿਲੀ ਵਾਰ ਵਿਨੀਪੈੱਗ ਪਹੁੰਚੇ ਸਨ ਤਾਂ ਉਹਨਾਂ ਨੂੰ ਪਤਾ ਲੱਗਾ ਸੀ ਕਿ ਉੱਥੇ ਇਕ ਹੰਗੇਰੀਅਨ ਮਗਰ ਵੀਹ ਵੀਹ ਅਸਟਰੀਅਨ ਜਾਂ ਜਰਮਨ ਸਨ ਅਤੇ ਛੇਤੀਂ ਹੀ ਉਹਨਾਂ ਦੇ ਘਰ ਵਿਚ ਹੰਗਰੀਅਨ ਜ਼ਬਾਨ ਬਹੁਤ ਘੱਟ ਬੋਲੀ ਜਾਣ ਲੱਗੀ ਅਤੇ ਜਰਮਨ ਜਿਹੜੀ ਉਹਨਾਂ ਦੇ ਮੁਲਕ ਦੀ ਦੂਸਰੀ ਭਾਸ਼ਾ ਸੀ, ਜਿਆਦਾ ਬੋਲੀ ਜਾਣ ਲੱਗੀ। ਜਦੋਂ ਸੈਂਡਰ ਮੌਜੂਦ ਹੁੰਦਾ ਸੀ ਤਾਂ ਉਦੋਂ ਅੰਗਰੇਜ਼ੀ ਜਾਂ ਜਰਮਨ ਹੀ ਚੱਲਦੀ ਸੀ ਅਤੇ ਕਿਸੇ ਖਾਸ ਮੌਕੇ ਤੇ ਜਦੋਂ ਉਸਦੇ ਮਾਂ ਪਿਉ ਨੇ ਕੋਈ ਖਾਸ ਗੱਲ ਉਸਤੋਂ ਗੁਪਤ ਰੱਖਣੀ ਹੁੰਦੀ ਸੀ ਤਾਂ ਉਹ ਹੰਗਰੀ ਜ਼ਬਾਨ ਬੋਲਦੇ ਸਨ।

ਕਾਫੀ ਦਾ ਘੁੱਟ ਭਰਦਿਆਂ ਜਿਸ ਆਸਾਨੀ ਨਾਲ ਉਸਨੇ ਉਹਨਾਂ ਦੀ ਗੱਲਬਾਤ ਦੇ ਵਿਸ਼ੇ ਦਾ ਅੰਦਾਜ਼ਾ ਲਗਾਇਆ, ਉਸ ਉਪਰ ਉਹ ਮਨ ਹੀ ਮਨ ਮੁਸਕਰਾਇਆ। ਉਹਨੂੰ ਬੜੀ ਹੈਰਾਨੀ ਹੋਈ ਜਦੋਂ ਉਸਦੀ ਮਾਂ ਨੇ ਉਸ ਵੱਲ ਮੂੰਹ ਕਰਕੇ ਪੁੱਛਿਆ ਕਿ ਕੀ ਉਹ ਉਸਦੇ ਪਿਉ ਨਾਲ ਬਾਹਰ ਜਾ ਸਕਦਾ ਹੈ। "ਉਹ ਮਿਸਟਰ ਨਾਗੀ ਨੂੰ ਸੱਦਣ ਲੱਗਾ ਹੈ ਤੇ ਫੇਰ ਉਹ ਵਾਪਸ ਕੰਮ 'ਤੇ ਜਾ ਰਿਹਾ। ਉਹ ਸੋਚਦੈ ਜੇ ਕਰ ਤੂੰ ਉਸਦੀ ਮਦਦ ਕਰਾ ਦੇਵੇ।" ਉਸਦੀ ਮਾਂ ਨੇ ਕਿਹਾ।

ਸੈਂਡਰ ਨੇ ਸਿਰ ਨੀਵਾਂ ਕਰ ਲਿਆ। ਉਹਦੇ ਪਿਉ ਨੂੰ ਕੋਈ ਮਦਦ ਨਹੀਂ ਚਾਹੀਦੀ ਸੀ, ਇਹ ਤਾਂ ਸਿਰਫ ਮਾਰਕੁਟਾਈ ਵਾਲੀ ਗੱਲਬਾਤ ਨੂੰ ਭੁਲਾਉਣ ਲਈ ਸੋਚੀ ਚਾਲ ਸੀ। ਉਸਦੇ ਜਾਣ ਪਛਾਣ ਵਾਲੇ ਹੰਗੇਰੀਅਨਾ ਵਿਚੋਂ ਮਿਸਟਰ ਨਾਗੀ ਹੀ ਅਜਿਹਾ ਸੀ ਜੋ ਦਫਤਰ ਵਿਚ ਕੰਮ ਕਰਦਾ ਸੀ। ਉਸਨੂੰ ਮਿਲਣਾ ਸੈਂਡਰ ਲਈ ਇਕ ਅਹਿਮ ਖੁਸ਼ੀ ਵਾਲੀ ਗੱਲ ਸੀ। ਦੂਜੇ ਬੰਨੇ ਆਪਣੇ ਪਿਉ ਦੀ ਕੰਮ ਕਰਨ ਦੀ ਥਾਂ ਉਪਰ ਉਸਨੂੰ ਜੋ ਗੱਲਾਂ ਸੁਨਣ ਨੂੰ ਮਿਲਦੀਆਂ ਸਨ ਉਹਨਾਂ ਦੇ ਖਿਆਲ ਨੇ ਹੀ ਉਸਦੇ ਮਨ ਵਿਚ ਸੁਆਦ ਦੀ ਝਰਨਾਟ ਛੇੜ ਦਿੱਤੀ। ਇਹ ਗੱਲਾਂ ਨਾਈ ਦੀ ਦੁਕਾਨ ਤੇ ਜਿਥੇ ਉਸਦਾ ਪਿਉ ਕੰਮ ਕਰਦਾ ਸੀ, ਬਿਲੀਅਰਡ ਰੂਮ ਵਿਚ, ਜਾਂ ਗਰਮ ਭਾਫਾਂ ਛੱਡਦੇ ਹਮਾਮ ਵਿਚ -ਜਿਥੇ ਗੈਰਕਾਨੂੰਨੀ ਅਤੇ ਵਰਜਿਤ ਕੰਮ ਹੁੰਦੇ ਸਨ -ਵਿਚ ਹੁੰਦੀਆਂ ਸਨ। ਉਸਦੇ ਪਿਉ ਵਲੋਂ ਉਸਨੂੰ ਅਜਿਹੇ ਥਾਵਾਂ 'ਤੇ ਜਾਣ ਲਈ ਇਜਾਜ਼ਤ ਦੇਣੀ ਇਕ ਅਸਧਾਰਣ ਰਿਆਇਤ ਸੀ। ਪਰ ਇਹ ਉਸਦੇ ਪਿਉ ਦੀ ਇਕ ਚਾਲ ਸੀ। ਇਹ ਲਾਲਚ ਭਾਵੇਂ ਬਹੁਤ ਵੱਡਾ ਸੀ ਪਰ ਉਹ ਇਹਦੇ ਖਿਲਾਫ਼ ਡਟ ਗਿਆ।

"ਮੇਰਾ ਅਜੇ ਸਕੂਲ ਦਾ ਕੰਮ ਕਰਨ ਵਾਲਾ ਪਿਆ।" ਉਸਨੇ ਕਿਹਾ।

ਇਹ ਇਕ ਅਜਿਹਾ ਬਹਾਨਾ ਸੀ ਜਿਸ 'ਤੇ ਉਸਦਾ ਪਿਉ ਕੋਈ ਉਜ਼ਰ ਨਹੀਂ ਕਰ ਸਕਦਾ ਸੀ। ਪੜ੍ਹਨ ਲਿਖਣ ਵਾਲੀ ਹਰ ਸ਼ੈਅ ਨੂੰ ਉਹ ਪਵਿੱਤਰ ਸਮਝਦਾ ਸੀ। ਉਸਦੇ ਪਿਉ ਦਾ ਇਹ ਚਿਤਾਰਨਾ ਕਿ ਸੈਂਡਰ ਨੇ ਕਦੇ ਵੀ ਸ਼ੁਕਰਵਾਰ ਦੀ ਰਾਤ ਨੂੰ ਆਪਣਾ ਸਕੂਲ ਦਾ ਕੰਮ ਨਹੀਂ ਕੀਤਾ ਸੀ, ਨੇ ਇਸ ਹਾਲਾਤ ਨੂੰ ਥੋੜਾ ਹੋਰ ਰੋਚਕ ਬਣਾ ਦਿੱਤਾ ਸੀ। ਸੈਂਡਰ ਸੋਚ ਰਿਹਾ ਸੀ ਕਿ ਉਸਦੇ ਪਿਤਾ ਨੂੰ ਹੁਣ ਪਤਾ ਲੱਗੇਗਾ ਕਿ ਜਦੋਂ ਬਿਨ੍ਹਾ ਵਜਾਹ ਕੁੱਟ ਪੈਂਦੀ ਹੈ ਤਾਂ ਕਿਵੇਂ ਮਹਿਸੂਸ ਹੁੰਦਾ ਹੈ। ਉਹਨੇ ਆਪਣਾ ਸਿਰ ਉਪਰ ਚੁੱਕਿਆ। ਪਰ ਜਿਉਂ ਹੀ ਉਸਨੇ ਆਪਣੇ ਪਿਉ ਦੇ ਚਿਹਰੇ 'ਤੇ ਤਣਾਅ ਦੇਖਿਆ, ਉਹਦਾ ਅਭਿਮਾਨ ਖੇਰੂੰ ਖੇਰੂੰ ਹੋ ਗਿਆ।

"ਮੈਂ ਆਪਣਾ ਸਕੂਲ ਦਾ ਕੰਮ ਬਾਅਦ ਵਿਚ ਕਰ ਲਵਾਂਗਾ" ਉਹਨੇ ਕਿਹਾ। "ਮੇਰੇ ਕੋਲ ਸਾਰਾ ਵੀਕ-ਐਂਡ ਪਿਆ ਹੈ।" ਉਹਦਾ ਪਿਉ ਪਹਿਲਾਂ ਹੀ ਖਲੋਤਾ ਸੀ। ਸੈਂਡਰ ਛਾਲ ਮਾਰ ਕੇ ਉਠਿਆ "ਈਮਾਨ ਨਾਲ, ਮੈਂ ਇਹ ਕੰਮ ਬਾਅਦ ਵਿਚ ਕਰ ਸਕਦਾ ਹਾਂ।"

"ਤਾਂ ਛੇਤੀ ਕਰ। ਕੀ ਉਡੀਕਦਾਂ" ਉਹਦੀ ਮਾਂ ਨੇ ਖੁਸ਼ੀ ਵਿਚ ਕਿਹਾ। "ਜਾਹ ਜਾ ਕੇ ਆਪਣੇ ਪਿਤਾ ਦੀ ਟੋਪੀ ਲੈ ਕੇ ਆ।" ਮਾਂ ਨੇ ਆਪਣੇ ਐਪਰਨ ਨਾਲ ਮੂੰਹ ਪੂੰਝਦਿਆਂ ਸੁੱਖ ਦਾ ਸਾਹ ਲਿਆ। ਸੈਂਡਰ ਸਾਹਮਣੇ ਕਮਰੇ ਵੱਲ ਦੌੜਿਆ ਅਤੇ ਪਿਤਾ ਨੂੰ ਟੋਪੀ ਲਿਆ ਦਿੱਤੀ, ਜਿਹੜਾ ਦਰਵਾਜੇ 'ਤੇ ਉਹਨੂੰ ਉਡੀਕ ਰਿਹਾ ਸੀ।

ਬਾਹਰ ਮੱਠੀ ਮੱਠੀ ਠੰਡ ਸੀ। ਲੋਕ ਬਾਹਰ ਆਪਣੀਆਂ ਦਹਿਲੀਜ਼ਾਂ 'ਤੇ ਬੈਠੇ ਸਨ। ਮਰਦ ਆਰਾਮ ਨਾ ਸਿਗਰਟਾਂ ਪੀ ਰਹੇ ਸਨ ਅਤੇ ਔਰਤਾਂ ਸੀਣ-ਪ੍ਰੋਣ ਦੇ ਆਹਰ ਲੱਗੀਆਂ ਗੁਆਂਢਣਾਂ ਨਾਲ ਗੱਲਾਂ ਮਾਰਦੀਆਂ ਜੁਆਕਾਂ ਨੂੰ ਖੇਡਦਿਆਂ ਦੇਖ ਰਹੀਆਂ ਸਨ। ਪੱਛਮ ਵਲੋਂ ਰੁਮਕਦੀ ਪੌਣ ਦੇ ਬੁੱਲੇ ਨੇ ਸੜਕ 'ਤੇ ਪਈ ਲਿੱਦ ਨੂੰ ਉਥਲ ਪੁੱਥਲ ਕਰ ਦਿੱਤਾ। ਇਹ ਲਿੱਦ ਸਾਰਾ ਦਿਨ ਧੁੱਪੇ ਪਈ ਸੁੱਕਦੀ ਰਹੀ ਸੀ ਅਤੇ ਘੋੜਾ-ਗੱਡੀ ਦੇ ਪਹੀਆਂ ਨੇ ਇਸਨੂੰ ਚਪਟੀ ਬਣਾ ਦਿੱਤਾ ਸੀ ਅਤੇ ਫਿਰ ਚਿੜੀਆਂ ਨੇ ਇਸਨੂੰ ਖਿੰਡਾ ਦਿੱਤਾ ਸੀ। ਰੁਮਕਦੀ ਪੌਣ ਨੇ ਛੋਟੇ ਛੋਟੇ ਟੱਬਿਆਂ ਵਾਂਗ ਉੱਡ ਰਹੀ ਇਸ ਲਿੱਦ ਨੂੰ ਮਾਲ-ਗੱਡੀ ਦੇ ਇੰਜਣ 'ਚੋਂ ਨਿਕਲ ਰਹੇ ਕਾਲੇ ਧੂੰਏ ਦੇ ਬੱਦਲਾਂ ਵਿਚ ਰਲਾ ਦਿਤਾ ਸੀ। ਧੂੰਏ ਭਰੀ ਇਸ ਗਰਦ ਨੇ ਸ਼ਾਮ ਦੇ

ਤਾਰਿਆਂ ਨੂੰ ਧੁੰਧਲਾ ਬਣਾ ਦਿੱਤਾ ਸੀ ਅਤੇ ਇਹ ਗਰਦ ਹੌਲੀ ਹੌਲੀ ਘਰਾਂ ਅਤੇ ਲੋਕਾਂ ਦੇ ਸਿਰਾਂ ਉਪਰ ਪੈ ਰਹੀ ਸੀ।

ਲਾਲ ਵਲਗਣ ਵਾਲੇ ਘਰ ਵੱਲੋਂ ਹਾਸੇ ਦੀ ਛਣਕਾਰ ਸੁਣਾਈ ਦਿੱਤੀ। ਸੈਂਡਰ ਨੇ ਸੋਚਿਆ ਕਿ ਐਸ ਵਕਤ ਲੂਈਸ ਮਜ਼ੇ ਵਿਚ ਹੋਵੇਗਾ। ਸ਼ਾਇਦ ਉਹ ਅਤੇ ਦੂਸਰੇ ਮਿਆਨੀ ਦੇ ਹੇਠਾਂ ਵਾਲੀ ਲੁਕਵੀਂ ਜਗਾਹ 'ਤੇ ਬੈਠੇ ਸਿਗਰਟਾਂ ਪੀ ਰਹੇ ਹੋਣਗੇ ਅਤੇ ਜੇਕਰ ਲੂਈਸ ਦਾ ਗੇੜ੍ਹਾ ਚੰਗਾ ਲੱਗ ਗਿਆ ਹੋਇਆ ਤਾਂ ਉੱਥੇ ਜਸ਼ਨ ਹੋਣਗੇ। ਸੈਂਡਰ ਸੋਚ ਰਿਹਾ ਸੀ ਕਿ ਕਾਸ਼ ਉਹ ਵੀ ਉਹਨਾਂ ਦੇ ਨਾਲ ਹੁੰਦਾ! ਉਹ ਅਜੇ ਇਹ ਸੋਚ ਹੀ ਰਿਹਾ ਸੀ ਕਿ ਉਸਦੇ ਪਿਉ ਦੇ ਖੰਘੂਰਾ ਮਾਰਨ ਦੀ ਆਵਾਜ਼ ਸੁਣਾਈ ਦਿੱਤੀ।

"ਤੂੰ ਲੜਿਆ ਕਿਉਂ ਸੀ" ਪਿਉ ਦੀ ਆਵਾਜ਼ ਵਿਚ ਖਰਵ੍ਹਾਪਣ ਸੀ।

ਸੈਂਡਰ ਡਰ ਨਾਲ ਕੰਬਿਆ। ਉਹ ਸ਼ਰਮਿੰਦਗੀ ਉਸ ਉਪਰ ਫੇਰ ਛਾ ਗਈ ਸੀ ਜੋ ਉਸਨੇ ਉਸ ਦਿਨ ਤਰਕਾਲੀਂ ਮਹਿਸੂਸ ਕੀਤੀ ਸੀ ਜਦੋਂ ਉਸਨੂੰ ਆਪਣੀ ਕਲਾਸ ਦੇ ਸਾਹਮਣੇ ਖੜਾ ਹੋ ਸਕੂਲ ਦੀ ਨਰਸ ਨੂੰ ਆਪਣੇ ਨਾਂ ਦੇ ਸ਼ਬਦਜੋੜ ਦੱਸਣੇ ਪਏ ਸਨ। ਇਸ'ਤੇ ਉਹਦਾ ਅਧਿਆਪਕ ਮੁਸਕਰਾਇਆ ਸੀ ਤੇ ਇਥੋਂ ਤੀਕ ਕਿ ਉਹਦੇ ਆਪਣੇ ਦੋਸਤਾਂ ਨੇ ਦੰਦ ਕੱਢੇ ਸਨ। ਉਸਨੇ ਹਰੇਕ ਜਣੇ ਪ੍ਰਤੀ ਅਤੇ ਹਰ ਸ਼ੈਅ ਪ੍ਰਤੀ ਨਫ਼ਰਤ ਮਹਿਸੂਸ ਕੀਤੀ ਸੀ।

"ਮੈਂ ਲੜਨਾ ਨਹੀਂ ਸੀ ਚਾਹੁੰਦਾ" ਉਹ ਗਿੜਗਿੜਾਇਆ "ਮੈਂ ਕਿਹੜਾ ਲੜਨਾ ਪਸੰਦ ਕਰਦਾਂ, ਪਰ ਉਹ ਮੈਨੂੰ ਮੱਲੋ ਮੱਲੀ ਮਜ਼ਬੂਰ ਕਰਦੇ ਐ।" ਉਸਦੀ ਆਵਾਜ਼ ਤੇਜ਼ ਹੋ ਗਈ। ਉਹ ਸ਼ਬਦ ਹੁਣ ਉਹਦੇ ਕੰਨਾਂ ਵਿਚ ਗੂੰਜ ਰਹੇ ਸਨ ਜੋ ਉਹ ਕਈ ਵਾਰ ਸੁੱਤਿਆਂ ਹੋਇਆਂ ਸੁਪਨੇ ਵਿਚ ਸੁਣਦਾ ਸੀ ਅਤੇ ਡਰ ਨਾਲ ਪਸੀਨੋ ਪਸੀਨੀ ਹੋਇਆਂ ਬੁੜਬੁੜਾਉਂਦਾ ਉਠਦਾ ਸੀ। "ਉਹ ਮੈਨੂੰ 'ਹੰਕੀ', 'ਹੰਕੀ'- 'ਹੰਪੀ' ਕਹਿੰਦੇ ਹਨ। ਜਿਥੇ ਵੀ ਮੈ ਜਾਨਾਂ ਜਦੋਂ ਮੈਂ ਆਪਣਾ ਨਾਮ ਦੱਸਦਾ ਲੋਕ ਮੇਰੇ 'ਤੇ ਹੱਸਦੇ ਹਨ। ਉਹ ਪੁੱਛਦੇ ਹਨ ਤੇਰੇ ਨਾਮ ਦੇ ਕੀ ਸ਼ਬਦ-ਜੋੜ ਹਨ? ਕੱਲ੍ਹ ਈ ਜਦੋਂ ਮੈਂ ਲਾਇਬਰੇਰੀ ਵਿਚ ਉਸ ਔਰਤ ਕੋਲ ਕਿਤਾਬ ਮੋੜਨ ਲੱਗਾ ਅਤੇ ਉਹਨੂੰ ਨਵਾਂ ਸ਼ਨਾਖਤੀ ਕਾਰਡ ਬਣਾਉਣਾ ਪਿਆ ਤਾਂ ਉਸਨੇ ਸਾਰੇ ਲੋਕਾ ਦੇ ਸਾਹਮਣੇ ਮੇਰਾ ਮਖੌਲ ਉਡਾਇਆ। ਜਣਾ ਖਣਾ - ਇਥੋਂ ਤੀਕ ਕਿ ਸਕੂਲ ਦੀ ਨਰਸ ਅਤੇ ਡਾਕੀਆ ਵੀ ਮੇਰੇ 'ਤੇ ਹੱਸਦੇ ਹਨ। ਜੇ ਅਸੀਂ ਆਪਣਾ ਨਾਮ ਬਦਲ ਲਈਏ ਤਾਂ ਮੈਨੂੰ ਕਿਸੇ ਨਾਲ ਲੜਨਾ ਨਹੀਂ ਪਵੇਗਾ। ਫਿਰ ਅਸੀਂ ਦੂਸਰਿਆਂ ਵਰਗੇ ਹੋ ਜਾਵਾਂਗੇ। ਇਸ ਤੋਂ ਪਹਿਲਾਂ ਕਿ ਬਹੁਤੇ ਲੋਕਾਂ ਨੂੰ ਪਤਾ ਲੱਗੇ, ਸਾਨੂੰ ਆਪਣਾ ਨਾਮ ਬਦਲ ਲੈਣਾ ਚਾਹੀਦਾ ਹੈ।"

"ਤਾਂ ਕੀ ਹੋਇਆ?" ਉਸਦਾ ਪਿਉ ਹੱਸਿਆ। "ਤੇ ਉਹ ਲੋਕ ਕੌਣ ਹਨ?" ਉਸਦੀ ਆਵਾਜ਼ ਵਿਚ ਹੁਣ ਨਰਮਾਈ ਸੀ ਜਿਸ ਕਰਕੇ ਸੈਂਡਰ ਦਾ ਦਿਲ ਵੀ ਕਰੜਾ ਹੋ ਗਿਆ। ਇਹ ਉਨ੍ਹਾਂ ਵਿਚਕਾਰ ਇਕ ਪੁਰਾਣਾ, ਕੁੜੱਤਣ ਭਰਿਆ ਵਿਸ਼ਾ ਸੀ ਪਰ ਅੱਜ ਰਾਤ ਉਸਨੂ ਲੱਗਦਾ ਸੀ ਕਿ ਉਹ ਆਪਣੇ ਪਿਉ ਨੂੰ ਸਮਝਾ ਕੇ ਹੀ ਹਟੇਗਾ।

ਉਹਨੇ ਹੌਲੀ ਜਿਹੀ ਕਿਹਾ, "ਇਹ ਇੰਗਲਿਸਤਾਨੀ ਹੀ ਹਨ ਜਿਹੜੇ ਸਭ ਤੋਂ ਵਧੀਆ ਕੰਮਾਂ ਉਪਰ ਲੱਗੇ ਹੋਏ ਹਨ। ਸਿਰਫ਼ ਉਹ ਹੀ ਹਨ ਜਿਨ੍ਹਾਂ ਨੂੰ ਕੋਈ ਪਰਵਾਸੀ ਨਹੀਂ ਕਹਿੰਦਾ। ਉਨ੍ਹਾਂ ਦੇ ਨਾਮ ਦਾ ਕੋਈ ਮਖੌਲ ਨਹੀਂ ਉਡਾਉਂਦਾ। ਨਾ ਕੋਈ ਉਹਨਾਂ ਤੇ 'ਬਲੋਨੀ ਖਾਣ ਵਾਲੇ' ਵਰਗੇ ਆਵਾਜ਼ੇ ਕੱਸਦਾ ਹੈ, ਨਾ ਉਹਨਾਂ ਦੇ ਪਹਿਰਾਵੇ ਅਤੇ ਬੋਲਣ ਢੰਗ 'ਤੇ ਕੋਈ ਹੱਸਦਾ ਹੈ। ਕਿਉਂ ਕਿ ਜੇਕਰ ਤੁਸੀਂ ਇੰਗਲਿਸਤਾਨੀ ਹੋ ਤਾਂ ਇਸਦਾ ਭਾਵ ਇਹ ਹੀ ਸਮਝਿਆ ਜਾਂਦਾ ਕਿ ਤੁਸੀਂ ਕੈਨੇਡੀਅਨ ਹੀ ਹੋ।" ਇਹ ਉਸਦੇ ਕੌੜੇ ਤਜ਼ਰਬੇ ਦਾ ਸਿੱਟਾ ਸੀ।

ਉਸ ਦਾ ਪਿਉ ਜਵਾਬ ਦੇਣ ਤੋਂ ਪਹਿਲਾਂ ਕੁੱਝ ਕਦਮ ਅੱਗੇ ਤੁਰਿਆ ਗਿਆ। ਉਸਦੇ ਪਹਿਲੇ ਸ਼ਬਦ ਤੋਂ ਹੀ ਸੈਂਡਰ ਨੂੰ ਪਤਾ ਸੀ ਕਿ ਬਹਿਸ ਕਰਨੀ ਫਜ਼ੂਲ ਸੀ। ਉਹਦਾ ਪਿਉ ਕਦੇ ਵੀ ਨਹੀਂ ਸਮਝੇਗਾ। ਉਸਨੇ ਉਹਨੂੰ ਜਰਮਨੀ ਵਿੱਚ ਕਹਿੰਦਿਆਂ ਸੁਣਿਆ, "ਪਹਿਲੀ ਗੱਲ ਤਾਂ ਇਹ ਕਿ ਤੂੰ ਕਿਹਾ ਹੈ ਪਈ ਇੰਗਲਿਸਤਾਨੀ ਮੁੰਡੇ ਤੈਨੂੰ ਲੜਣ ਲਈ ਮਜ਼ਬੂਰ ਕਰਦੇ ਆ। ਪਰ ਤੂੰ ਇਕ ਵਾਰ ਵੀ ਨਹੀਂ ਦੱਸਿਆ ਕਿ ਤੂੰ ਕਦੇ ਵੀ ਉਹਨਾਂ ਨਾਲ ਦਲੀਲ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਹੋਵੇ।"

"ਪਰ ਰੱਬ ਦੇ ਵਾਸਤੇ , ਉਹ ਮੇਰਾ ਪਿੱਛਾ ਕਰਦੇ ਆ" ਉਹ ਚੀਖਿਆ "ਉਹ ਮੈਨੂੰ ਫੜ ਲੈਂਦੇ ਐ ਅਤੇ ਲੜਣ ਲਈ ਉਕਸਾਉਂਦੇ ਐ। ਜਦੋਂ ਉਹ ਮੇਰੇ ਘਸੁੰਨ ਮਾਰ ਰਹੇ ਹੁੰਦੇ ਆ ਉਹੋ ਜਿਹੇ ਮੌਕੇ ਉਹਨਾਂ ਨਾਲ ਕੀ ਗੱਲ ਹੋ ਸਕਦੀ ਹੈ?" ਉਸਨੂੰ ਲੱਗਾ ਜੇ ਉਸਨੇ ਬੋਲਣਾ ਜ਼ਾਰੀ ਰੱਖਿਆ ਤਾਂ ਉਹ ਰੋ ਪਵੇਗਾ। ਉਹ ਖ਼ਾਮੋਸ਼ ਹੋ ਗਿਆ।

ਉਸਦੇ ਪਿਉ ਨੇ ਕਿਹਾ, "ਇਹ ਸਿਰਫ਼ ਅਹਿਮਕਾਨਾ ਹੀ ਨਹੀਂ, ਇਸ ਮੁਲਕ ਵਿੱਚ ਕਿਸੇ ਨੂੰ ਪਰਵਾਸੀ ਕਹਿਣਾ ਅਰਥਹੀਣ ਵੀ ਹੈ। ਆਪਾਂ ਇਥੇ ਸਾਰੇ ਹੀ ਪਰਵਾਸੀ ਹਾਂ। ਤੇ ਜੋ ਤੂੰ ਕਹਿਨੈ, ਉਹਦੇ 'ਚੋਂ ਮੈਨੂੰ ਇੰਗਲਿਸਤਾਨੀਆਂ ਦੇ ਖ਼ਿਲਾਫ਼ ਈਰਖਾ ਜਾਪਦੀ ਹੈ। ਮੈਂ ਤੈਨੂੰ ਕਈ ਵਾਰੀ ਕਿਹਾ ਹੈ ਕਿ ਇਹ ਗਲਤ ਹੈ। ਕੌਮੀਅਤ ਦਾ ਕੋਈ ਅਰਥ ਨਹੀਂ। ਅਸਲੀ ਵਿਚਾਰਾਂ ਦੇ ਸਾਹਮਣੇ ਅਜਿਹੀ ਕੋਈ ਦੀਵਾਰ ਨਹੀਂ ਹੁੰਦੀ।

ਸੈਂਡਰ ਨੇ ਤਨਜ਼ ਨਾਲ ਸੋਚਿਆ, "ਅਸਲੀ ਵਿਚਾਰ----"

ਉਸਦੇ ਪਿਉ ਨੇ ਮਾਣ ਨਾਲ ਕਿਹਾ, "ਸਪਿੰਸਰ, ਹਕਸਲੇ, ਡਾਰਵਿਨ ਵੀ ਤਾਂ ਇੰਗਲਿਸਤਾਨੀ ਸਨ। ਜੇ ਤੈਨੂੰ ਇੰਗਲਿਸਤਾਨੀਆਂ ਵਰਗਾ ਬਣਨ 'ਤੇ ਰਸ਼ਕ ਹੈ ਤਾਂ ਤੂੰ ਇਹਨਾਂ ਵਰਗਾ ਬਣ ਕੇ ਦਿਖਾ।"

ਹਾਂਅ, ਤੇ ਉਹ ਰੂਸੀ ਕਰੋਪੋਤਕਿਨ ਤੇ ਉਹਦੀ 'ਪ੍ਰਸਪਰ ਮਦਦ' ਵੀ - ਸੈਂਡਰ ਨੇ ਸੋਚਿਆ। ਉਸਨੂੰ ਉਹਨਾਂ ਨਾਵਾਂ ਤੋਂ ਵੀ ਘਿਰਣਾ ਹੋਈ। ਉਸਨੂੰ ਪਤਾ ਸੀ ਕਿ ਉਹਨਾਂ ਦੀਆਂ ਕਿਤਾਬਾਂ ਪੜ੍ਹ ਕੇ ਹੀ ਉਸਦੇ ਪਿਉ ਨੂੰ ਖਿਆਲ ਆਇਆ ਸੀ ਕਿ ਸਫਲਤਾ ਅਤੇ ਦੌਲਤ ਦੀ ਕੋਈ ਮਹੱਤਤਾ ਨਹੀਂ ਹੁੰਦੀ। ਅਤੇ ਅਚਾਨਕ ਹੀ ਉਹ ਇਹ ਸੋਚ ਕੇ ਖੁਸ਼ ਹੋਇਆ ਕਿ ਉਹ ਗਰੀਬ ਸਨ। ਉਸਦੇ ਪਿਉ ਦਾ ਇਹ ਅਰਮਾਨ ਕਿ ਉਹ ਯੂਨੀਵਰਸਿਟੀ ਜਾਵੇਗਾ ਅਤੇ ਇਕ ਧਰਵਾਨ ਜਾਂ ਫਿਲਾਸਫਰ ਬਣੇਗਾ ਜਾਂ ਅਜਿਹਾ ਇਨਸਾਨ ਜਿਹਦੇ ਵਾਰੇ ਉਹਦਾ ਪਿਉ ਹਮੇਸ਼ਾਂ ਹੀ ਗੱਲ ਕਰਦਾ ਹੁੰਦਾ ਸੀ - ਕਦੇ ਵੀ ਸਾਕਾਰ ਨਹੀਂ ਹੋਵੇਗਾ। ਇਹ ਇਕ ਛੋਟੀ ਜਿਹੀ ਮਨ ਨੂੰ ਧਰਵਾਸ ਸੀ।

ਜਿਉਂ ਹੀ ਉਹ 'ਮੇਨ ਸਟਰੀਟ' ਤੇ ਪਹੁੰਚੇ , ਉਹਨੇ ਆਪਣੇ ਪਿਤਾ ਦਾ ਹੱਥ ਆਪਣੇ ਮੋਢਿਆਂ 'ਤੇ ਰੱਖਿਆ ਮਹਿਸੂਸ ਕੀਤਾ। ਉਸਨੇ ਕਿਹਾ, "ਸੈਂਡਰ, ਤੂੰ ਗਲਤ ਗੱਲਾਂ ਬਾਰੇ ਸ਼ਰਮਿੰਦਾ ਏਂ, ਸਭ ਤੋਂ ਵੱਧ ਲਾਹਣਤ ਵਾਲੀ ਗੱਲ ਪੈਸੇ ਦੇ ਮਗਰ ਭੱਜੇ ਫਿਰਨਾ, ਬੇਈਮਾਨ ਹੋਣਾ ਅਤੇ ਅਗਿਆਨੀ ਰਹਿਣਾ ਹੈ, ਖ਼ਾਸ ਤੌਰ 'ਤੇ ਉਦੋਂ, ਜਦੋਂ ਕਿ ਇੱਥੇ ਸਿੱਖਣ

ਲਈ ਏਨੇ ਮੌਕੇ ਹਨ। ਕਿਉਂ ਕਿ ਤੂੰ ਹੰਗੇਰੀਅਨ ਏਂ ਅਤੇ ਗਰੀਬ ਏਂ ਇਸ ਕਰਕੇ ਆਪਣੇ ਨਾਮ ਤੇ ਹੀ ਸ਼ਰਮਿੰਦੇ ਹੋਈ ਜਾਣਾ- ਇਹ ਕੋਈ ਗੱਲ ਨਹੀਂ ਬਣਦੀ। ਜਦ ਤੂੰ ਵੱਡਾ ਹੋਇਆ ਤਾਂ ਤੂੰ ਇਹ ਸੋਚ ਕੇ ਹੱਸਿਆ ਕਰੇਂਗਾ ਕਿ ਕਦੀ ਇਹਨਾਂ ਗੱਲਾਂ ਨੇ ਤੈਨੂੰ ਪਰੇਸ਼ਾਨ ਕੀਤਾ ਸੀ। ਸਮਝਿਆ?"

"ਹਾਂ ਪਿਤਾ ਜੀ।" ਸੈਂਡਰ ਬੋਲਿਆ।

"ਤੂੰ ਮੈਥੋਂ ਅੱਗੇ ਵਧੇਂਗਾ।" ਉਸਦੇ ਪਿਉ ਨੇ ਕਹਿਣਾ ਜ਼ਾਰੀ ਰੱਖਿਆ "ਤੇਰੇ ਲਈ ਇਹ ਸਭ ਕੁਝ ਸੁਖਾਲਾ ਹੋਵੇਗਾ। ਜਿਹੜਾ ਇਨਸਾਨ ਆਪਣਾ ਅਧਿਆਪਕ ਆਪ ਹੀ ਹੁੰਦਾ ਹੈ ਉਹ ਕਦੇ ਪੂਰਨ ਮਨੁੱਖ ਨਹੀਂ ਹੁੰਦਾ। ਸਿੱਖਣ ਦੀਆਂ ਆਦਤਾਂ ਅਤੇ ਅਨੁਸਾਸ਼ਨ ਵਰਗੀਆਂ ਗੱਲਾਂ ਛੋਟੀ ਉਮਰੇ ਹੀ ਦਿਮਾਗ ਵਿਚ ਬਿਠਾਉਣੀਆਂ ਚਾਹੀਦੀਆਂ ਹਨ। ਇਥੋਂ ਤੱਕ ਕਿ ਠੀਕ ਸੋਚੀਦਾ ਕਿਵੇਂ ਹੈ ਇਹ ਵੀ ਸਿਖਾਇਆ ਜਾਣਾ ਚਾਹੀਦਾ ਹੈ। ਇਹਨਾਂ ਗੱਲਾਂ ਵਿਚ ਹੀ ਦਲੀਲ ਤੇ ਵਜ਼ਨ ਹੈ। ਸੋ ਇਸ ਤਰ੍ਹਾਂ ਪੁੱਤਰ ਪਿਉ ਤੋਂ ਅੱਗੇ ਹੀ ਵਧਦਾ ਹੈ। ਮੇਰਾ ਪਿਉ ਇਕ ਕਿਸਾਨ ਸੀ ਅਤੇ ਉਸਦਾ ਪਿਉ ਇਕ ਸਾਂਝੀ ਸੀ।" ਉਹ ਥੋੜ੍ਹਾ ਰੁਕਿਆ। "ਅਤੇ ਮੈਂ? ਮੈਂ ਇਕ ਕਾਮਾ ਹਾਂ। ਪਰ ਤੂੰ ਯੂਨੀਵਰਸਿਟੀ ਜਾਵੇਂਗਾ ਅਤੇ ਮਹਾਨ ਕੰਮ ਕਰੇਂਗਾ। ਤੂੰ ਲੋਕਾਂ ਨੂੰ ਦੱਸੇਂਗਾ ਜਿਵੇਂ ਕਿ ਕਰੋਪਤਕਿਨ ਨੇ ਕਿਹਾ ਏ 'ਇਕ ਆਦਮੀ ਦੀ ਸਮੁੱਚੀ ਲੋਕਾਈ ਨਾਲ ਜੰਗ ਕੁਦਰਤ ਦਾ ਨਿਯਮ ਨਹੀਂ ਹੈ।' "ਤੂੰ ਮਨੁੱਖਤਾ ਦੀ ਸੇਵਾ ਕਰੇਂਗਾ---।"

ਅੰਗਰੇਜੀ ਤੋਂ ਅਨੁਵਾਦ -ਸਤਵੰਤ

# ਰੁਕਦੇ ਨਾ ਕਦੇ ਵਹਿਣ ਝਨਾਂ ਦੇ

## ਮਹਿੰਦਰ ਸਿੰਘ ਘੱਗ

ਰੁਕਦੇ ਨਾ ਕਦੇ ਵਹਿਣ ਝਨਾਂ ਦੇ, ਭਾਵੇਂ ਲੱਖਾਂ ਹੀ ਬੰਨ ਬਣਾਈਏ
ਇਕ ਇਕ ਕਰਕੇ ਟੁੱਟ ਨੇ ਜਾਂਦੇ, ਭਾਵੇਂ ਕਿੰਨੇ ਯਤਨ ਕਮਾਈਏ।
ਜਿੰਨ੍ਹਾਂ ਉੱਚਾ ਬੰਨ ਉਹ ਹੋਵੇ, ਉਨ੍ਹੇ ਹੀ ਉਹ ਜੋਰ ਦੀ ਟੁੱਟੇ
ਹੜ ਜਾਂਦਾ ਫੇਰ ਸੱਭ ਕੁੱਝ ਅੱਗੇ, ਭਾਵੇਂ ਲੱਖ ਰੇੜਕਾ ਪਾਈਏ।
ਜੰਮਿਆ ਕੌਣ ਹੈ ਰੋਕਣ ਵਾਲਾ, ਦਿਲ ਦਰਿਆ ਦੇ ਤਾਂਈ
ਡੂੰਘਾ ਇਹ ਹੈ ਸਮੁੰਦਰਾਂ ਕੋਲੋਂ, ਇਸ ਦੀ ਥਾਹ ਨਾ ਪਾਈਏ।
ਜਿੰਨ੍ਹਾਂ ਇਸ ਨੂੰ ਰੋਕ 'ਚ ਰੱਖੀਏ, ਉੱਨ੍ਹਾਂ ਹੀ ਹੋ ਜਾਏ ਬਾਗੀ
ਜੋਰ ਜਬਰ ਜੱਦ ਇਸਤੇ ਕਰੀਏ, ਤਾਂ ਸੁੱਤੀਆਂ ਕਲਾਂ ਜਗਾਈਏ।
ਗੋਲੀ ਤੋਂ ਨਾ ਭੈਅ ਇਹ ਖਾਂਦਾ, ਨਾ ਤੇਗਾਂ ਤੋਂ ਡਰਦਾ
ਪੁਰਜਾ ਪੁਰਜਾ ਭਾਵੇਂ ਕਰੀਏ, ਜਾਂ ਕਾਲ ਕੋਠੜੀ ਪਾਈਏ।
ਆਜ਼ਾਦੀ ਦਾ ਇਹ ਮਤਵਾਲਾ, ਦਰਿਆ ਵਾਂਗੂ ਵਹਿਣਾ ਚਾਹੇ
ਰੋਕਾਂ ਇਸ ਨੂੰ ਰੋਕ ਨਾ ਸੱਕਣ, ਨਾ ਐਵੇਂ ਸਮਾਂ ਗਵਾਈਏ।
ਢਹਿ ਢੇਰੀ ਹੋ ਜਾਂਦੀਆਂ ਕੰਧਾਂ, ਜੱਦ ਵੀ ਜਨਤਾ ਜਾਗੇ
ਡਿੰਗ ਪੈਂਦੇ ਫੇਰ ਮਹਿਲ ਬਨਾਉਟੀ, ਭਾਵੇਂ ਕਿੰਨੀਆਂ ਥੰਮੀਆਂ ਲਾਈਏ।


THINKING OF BUYING OR SELLING REAL ESTATE -CALL US



*ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਤੋਂ ਪਹਿਲਾਂ ਹਮੇਸ਼ਾਂ ਯੋਗ ਰਾਇ ਲਵੋ।

* ਜੇ ਘਰ ਖਰੀਦਣਾ ਹੋਵੇ ਤਾਂ ਅਸੀਂ ਤੁਹਾਡੇ ਪੈਸੇ ਦੀ ਸਹੀ ਵਰਤੋਂ ਕਰਕੇ ਤੁਹਾਨੂੰ ਵਧੀਆ ਘਰ ਲੱਭ ਕੇ ਦਿਆਂਗੇ।

* ਜੇ ਤੁਸੀਂ ਘਰ ਵੇਚਣਾ ਹੋਵੇ ਤਾਂ ਸਹੀ ਕੀਮਤ ਲੈਕੇ ਦੇਵਾਂਗੇ।

**ਕਰਮਜੀਤ ਸਿੰਘ ਘੁੰਮਣ** ਨੂੰ ਮਿਲੋ ਜਾਂ ਫੋਨ ਕਰੋ।

**Res. 596-7965 Pag. 590-3231**

List with me and have your home displayed on the Real Estate Channel.

**LAKEVIEW (Delta) Realty**
**7909-120 St., Delta.**

**Paul's**

**Plumbing , Electrical & Heating Supply**



Plumbing & Bathroom Hot Water Heating
Fixtures & Supplies
Hot Water Tanks
Supplies And Instalations
We also do new Houses Plumbing
4578 Main St., Vancouver
Ph.: 872-3118 ; 872-7277

ਵਕੀਲ ਜਿਹੜੇ ਤੁਹਾਡੀ ਸਭਿਅਤਾ ਅਤੇ ਬੋਲੀ ਜਾਣਦੇ ਹਨ। **DOSANJH & COMPANY**

(ਵਕੀਲ)

**ਉੱਜਲ ਦੁਸਾਂਝ ਅਤੇ ਟੌਮ ਵੂਲੀ**

202-5887 ਵਿਕਟੋਰੀਆ ਡਰਾਈਵ
ਵੈਨਕੂਵਰ, ਬੀ.ਸੀ.

* ਆਈ. ਸੀ. ਬੀ. ਸੀ.
( ਕਾਰ ਐਕਸੀਡੈਂਟ ਦੇ ਕਲੇਮ ਪ੍ਰਤੀਸ਼ਤ ਫੀਸ)
* ਡਾਇਵੋਰਸ ਤੇ ਫੈਮਲੀ ਦੇ ਕੇਸ
* ਇਮੀਗਰੇਸ਼ਨ ਦੀਆਂ ਅਪੀਲਾਂ
* ਸੁਪਰੀਮ ਕੋਰਟ ਸਿਵਲ ਟਰਾਇਲਾਂ।

ਇਸ ਤਰ੍ਹਾਂ ਦੇ ਕੇਸਾਂ ਦਾ ਸਾਡਾ 12 ਸਾਲਾਂ ਦਾ ਤਜਰਬਾ ਹੈ।

ਮੁੱਢਲੀ ਸਲਾਹ ਮੁਫਤ
ਅਪਾਇੰਟਮੈਂਟ ਲਈ ਫੋਨ ਕਰੋ।

**ਫੋਨ: 327-6381**

# Jay's Travel Ltd.

Edmonton, Alta.
Low world wide fares

*Holiday Travel * Car & Hotel Reservation * Airlines Tickets * Ticket Delivery * Business Travel * Travel Insurance * Cruises * Major Credit Cards Accepted

Specializing in **Tours & Travel to Indian Subcontinent**

ਘੱਟ ਤੋਂ ਘੱਟ ਕਿਰਾਏ ਵਿਚ ਦੁਨੀਆਂ ਭਰ ਲਈ ਟਿਕਟਾਂ ਖਰੀਦਣ ਲਈ ਚਲੇ ਆਓ। ਇੰਡੀਆ ਲਈ ਟੂਰ ਤੇ ਸੈਰ ਵਾਸਤੇ ਜਾਣ ਲਈ ਵਿਸ਼ੇਸ਼ ਸਹੂਲਤਾਂ ਹਨ।

9209 - 34th Ave. 461-6666
10421 - 80th Ave. 432-7017

Toll Free (Alberta) 1-800-262 9062

# Majestic Insurance Sales Corp.

Insurance brokers for all needs

* LIFE * DISABILITY * GROUP *
* HOMEOWNERS * AUTOMOBILE *
* COMMERCIAL * BUSINESS *

Amar B. Singh BSc. M.A.(Econ.)

9209 - 34 Ave.
Edmonton, Alberta T6E 5T5
Ph.: (403) 461-1996

# DEVINDERJIT (DAVE) SINGH PUREWAL

(Barrister, Solicitor & Notary Public)

ਦਵਿੰਦਰਜੀਤ (ਡੇਵ) ਸਿੰਘ ਪੁਰੇਵਾਲ

Ph.: (403) 462-7555
General Practice of Law Including -

* ਕ੍ਰਿਮੀਨਲ (Criminal) * ਇਮੀਗਰੇਸ਼ਨ (Immigration)
* ਰੀਅਲ ਅਸਟੇਟ ਤੇ ਮੋਰਗੇਜ਼ (Real Estate & Mortgage)
* ਵਿੱਲ ਤੇ ਅਸਟੇਟ (Will & Estate) * ਸਿਵਲ (Civil)
* ਡਾਇਵੋਰਸ ਤੇ ਫੈਮਲੀ ਕਾਨੂੰਨ (Divorce & Family Law)
* ਨਿਜੀ ਸੱਟਾਂ ਦੇ ਕਲੇਮ (Personal Injury Claims)

Milwood Office : 9209 - 34th Ave. Edmonton, Alta. T6E 5T5

ਸੇਵਾਵਾਂ ਪੰਜਾਬੀ, ਹਿੰਦੀ ਤੇ ਉਰਦੂ ਵਿਚ ਵੀ ਮਿਲਦੀਆਂ ਹਨ

# ਕਾਮਾਗਾਟਾ ਮਾਰੂ ਅਤੇ ਸੋਸ਼ਲਿਸਟ

## ਸੋਹਣ ਸਿੰਘ ਪੂੰਨੀ

ਕਾਮਾਗਾਟਾ ਮਾਰੂ ਦਾ ਦੁਖਾਂਤ ਕੈਨੇਡਾ ਦੀ ਹਿੰਦੁਸਤਾਨੀ ਕਮਿਊਨਿਟੀ ਦੇ ਇਤਿਹਾਸ ਵਿੱਚ ਇਕ ਬਹੁਤ ਹੀ ਮਹੱਤਵਪੂਰਨ ਘਟਨਾ ਹੈ। ਕੈਨੇਡਾ ਦੀ ਨਸਲਵਾਦੀ ਸਰਕਾਰ ਨੇ ਕਾਮਾਗਾਟਾ ਮਾਰੂ ਨੂੰ ਦੋ ਮਹੀਨੇ ਸਮੁੰਦਰ ਵਿੱਚ ਘੇਰੀ ਰੱਖਣ ਤੋਂ ਬਾਅਦ 23 ਜੁਲਾਈ 1914 ਨੂੰ ਡੀਪੋਰਟ ਕਰ ਦਿੱਤਾ। ਇਹ ਦੋ ਮਹੀਨੇ ਕੈਨੇਡਾ ਦੀ ਹਿੰਦੁਸਤਾਨੀ ਕਮਿਊਨਿਟੀ ਲਈ ਯਾਦਗਾਰੀ ਮਹੀਨੇ ਹਨ। ਇਹ ਉਹ ਸਮਾਂ ਸੀ ਜਦੋਂ ਸਾਰੀ ਦੀ ਸਾਰੀ ਹਿੰਦੁਸਤਾਨੀ ਕਮਿਊਨਿਟੀ ਨੇ ਇਕੱਠੇ ਹੋ ਕੇ ਕੈਨੇਡਾ ਦੀ ਨਸਲਵਾਦੀ ਸਰਕਾਰ ਵਿਰੁੱਧ ਸੰਘਰਸ਼ ਕੀਤਾ ਸੀ। ਇਸ ਸੰਘਰਸ਼ ਵਿੱਚ ਵੱਖਰੇ ਵੱਖਰੇ ਧਰਮਾਂ ਅਤੇ ਹਿੰਦੁਸਤਾਨ ਦੇ ਵੱਖਰੇ ਵੱਖਰੇ ਇਲਾਕਿਆਂ ਤੋਂ ਆਏ ਲੋਕ ਆਪਣੇ ਬੁਨਿਆਦੀ ਸਾਂਝੇ ਵਿਰਸੇ ਨੂੰ ਪਹਿਚਾਨਦੇ ਹੋਏ, ਇਕੱਠੇ ਹੋ ਕੇ ਮੋਢੇ ਨਾਲ ਮੋਢਾ ਜੋੜਕੇ ਜੂਝੇ ਸਨ। ਇਸ ਸੰਘਰਸ਼ ਦਾ ਇੰਡੋ-ਕੈਨੇਡੀਅਨ ਕਮਿਊਨਿਟੀ ਦੇ ਹਰ ਵਰਗ ਨੂੰ ਮਾਣ ਹੈ।

ਕਾਮਾਗਾਟਾ ਮਾਰੂ ਦੇ ਦੁਖਾਂਤ ਬਾਰੇ ਇਤਿਹਾਸਕਾਰਾਂ ਵਲੋਂ ਵੱਖਰੇ ਵੱਖਰੇ ਦ੍ਰਿਸ਼ਟੀਕੋਨ ਤੋਂ ਬਹੁਤ ਸਾਰੀਆਂ ਕਿਤਾਬਾਂ ਅਤੇ ਲੇਖ ਲਿਖੇ ਗਏ ਹਨ। ਇਨ੍ਹਾਂ ਕਿਤਾਬਾਂ ਅਤੇ ਲੇਖਾਂ ਵਿੱਚ ਕਾਮਾਗਾਟਾ ਮਾਰੂ ਸੰਘਰਸ਼ ਦੇ ਇਕ ਬਹੁਤ ਹੀ ਮਹੱਤਵ ਪੂਰਨ ਪੱਖ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਹ ਪੱਖ ਹੈ ਕਾਮਾਗਾਟਾ ਮਾਰੂ ਦੇ ਸੰਘਰਸ਼ ਵਿੱਚ ਸੋਸ਼ਲਿਸਟਾਂ ਵਲੋਂ ਨਿਭਾਇਆ ਰੋਲ। ਇਸ ਹਥਲੇ ਲੇਖ ਦਾ ਮਕਸਦ ਕਾਮਾਗਾਟਾ ਮਾਰੂ ਦੇ ਸੰਘਰਸ਼ ਵਿੱਚ ਸੋਸ਼ਲਿਸਟ ਵਿੱਚਾਰਧਾਰਾ ਦੇ ਲੋਕਾਂ ਵਲੋਂ ਨਿਭਾਏ ਇਸ ਰੋਲ ਨੂੰ ਵੇਖਣਾ ਹੈ।

ਕਾਮਾਗਾਟਾ ਮਾਰੂ ਦੇ ਸੰਘਰਸ਼ ਵਿੱਚ ਹਿੰਦੁਸਤਾਨੀਆਂ ਦੀਆਂ ਦੋ ਜਥੇਬੰਦੀਆਂ ਨੇ ਅਹਿਮ ਰੋਲ ਨਿਭਾਇਆ। ਇਹ ਜਥੇਬੰਦੀਆਂ ਸਨ - ਯੂਨਾਈਟਿਡ ਇੰਡੀਆ ਲੀਗ ਅਤੇ ਵੈਨਕੂਵਰ ਦੀ ਖਾਲਸਾ ਦੀਵਾਨ ਸੁਸਾਇਟੀ। ਯੂਨਾਇਟਿਡ ਇੰਡੀਆ ਲੀਗ ਪੂਰਨ ਤੌਰ ਤੇ ਇਕ ਰਾਜਨੀਤਕ ਜਥੇਬੰਦੀ ਸੀ। ਇਹ ਜਥੇਬੰਦੀ ਰਾਜਨੀਤਕ ਵਿੱਚਾਰਧਾਰਾ ਦੇ ਤੌਰ ਤੇ ਸੋਸ਼ਲਿਸਟ ਸੀ। ਇਸ ਜਥੇਬੰਦੀ ਵਲੋਂ ਆਪਣੇ ਪਰਧਾਨ ਹਸਨ ਰਹੀਮ ਦੀ ਰਹਿਨੁਮਾਈ ਥੱਲੇ ਅੰਗਰੇਜੀ ਵਿੱਚ 'ਦੀ ਹਿੰਦੁਸਤਾਨੀ' ਨਾਉਂ ਦਾ ਮਾਸਕ ਅਖਬਾਰ ਕੱਢਿਆ ਜਾਂਦਾ ਸੀ। ਇਸ ਵਿੱਚ ਕਾਰਲ ਮਾਰਕਸ, ਏਂਗਲਜ਼ ਤੇ ਰਾਬਰਟ ਓਵਨ ਵਰਗੇ ਮਜ਼ਦੂਰ ਜਮਾਤ ਦੇ ਲਿਖਾਰੀਆਂ ਦੀਆਂ ਲਿਖਤਾਂ ਛਾਪੀਆਂ ਜਾਂਦੀਆਂ ਸਨ। 'ਦੀ ਹਿੰਦੁਸਤਾਨੀ' ਦੇ ਪਹਿਲੇ ਅੰਕ ਵਿੱਚ ਹੀ ਜਥੇਬੰਦੀ ਦੀ ਸੋਸ਼ਲਿਸਟ ਵਿੱਚਾਰਧਾਰਾ ਨੂੰ ਦਰਸਾਉਂਦਾ ਕਾਰਲ ਮਾਰਕਸ ਦਾ ਜਗਤ ਪ੍ਰਸਿੱਧ ਕਥਨ ਦਿੱਤਾ ਗਿਆ ਸੀ:

"ਦੁਨੀਆਂ ਦੇ ਮਜ਼ਦੂਰੋ! ਇਕ ਹੋ ਜਾਓ।

ਤੁਹਾਡਾ ਆਪਣੀਆਂ ਜੰਜੀਰਾਂ ਤੋਂ ਬਿਨ੍ਹਾਂ ਹੋਰ ਕੁਝ ਨਹੀਂ ਗਵਾਚਣਾ"1

ਖਾਲਸਾ ਦੀਵਾਨ ਸੁਸਾਇਟੀ ਬੇਸ਼ਕ ਸਿੱਖਾਂ ਦੀ ਇਕ ਧਾਰਮਕ ਜਥੇਬੰਦੀ ਸੀ ਪਰ ਇਸਦੇ ਬਹੁਤ ਸਾਰੇ ਮੈਂਬਰਾਂ ਦੀ ਰਾਜਨੀਤਕ ਵਿਚਾਰਧਾਰਾ ਸੋਸ਼ਲਿਸਟ ਸੀ। ਉਹ ਗੁਰੂ ਸਾਹਿਬਾਨ ਦੇ ਸੱਚੇ-ਸੁੱਚੇ ਸਿੱਖ ਸਨ ਜੋ ਭਾਈ ਲਾਲੋ ਦੇ ਕੈਂਪ 'ਚ ਖੜ੍ਹੇ ਸਨ। ਉਹ ਸਿੱਖ ਧਰਮ ਦੇ 'ਸਰਬਤ ਦਾ ਭਲਾ', 'ਕਿਰਤ ਕਰਨਾ- ਵੰਡ ਛਕਣਾ' ਅਤੇ 'ਬਰਾਬਰਤਾ ਅਤੇ ਸਾਂਝੀਵਾਲਤਾ' ਦੇ ਅਸੂਲਾਂ ਤੇ ਚਲਣ ਵਾਲੇ ਵਧੀਆ ਸਿੱਖ ਸਨ। ਉਹ ਸਿੱਖ ਵਿਚਾਰਧਾਰਾ ਅਤੇ ਸੋਸ਼ਲਿਸਟ ਫਿਲਾਸਫੀ ਵਿੱਚ ਕੋਈ ਫਰਕ ਨਹੀਂ ਸਨ ਸਮਝਦੇ। ਇਸੇ ਲਈ ਖਾਲਸਾ ਦੀਵਾਨ ਸੁਸਾਇਟੀ ਅਤੇ ਯੂਨਾਈਟਿਡ ਇੰਡੀਆ ਲੀਗ ਦੇ ਬਹੁਤ ਸਾਰੇ ਜਲਸੇ ਇਕੱਠੇ ਹੁੰਦੇ ਸਨ ਜਿਥੇ ਗੋਰੇ ਸੋਸ਼ਲਿਸਟ ਵੀ ਆ ਕੇ ਬੋਲਦੇ ਸਨ। 'ਹਾਂਡੂਰਾਅਜ਼' ਦੇ ਘੋਲ ਦੇ ਦਿਨਾਂ ਵਿੱਚ (ਉਦੋਂ ਯੂਨਾਈਟਿਡ ਇੰਡੀਆ ਲੀਗ ਦੀ ਥਾਂ 'ਹਿੰਦੁਸਤਾਨ ਅਸੋਸੀਏਸ਼ਨ' ਹੁੰਦੀ ਸੀ) ਜਦੋਂ ਕੈਨੇਡਾ ਦੀ ਨਸਲੀ ਸਰਕਾਰ ਕੈਨੇਡਾ ਨੂੰ ਚਿੱਟਾ ਰੱਖਣ ਦੇ ਇਰਾਦੇ ਨਾਲ ਹਿੰਦੁਸਤਾਨੀਆਂ ਨੂੰ ਕੈਨੇਡਾ ਤੋਂ ਕੱਢ ਕੇ 'ਹਾਂਡੂਰਾਅਜ਼' ਭੇਜਣਾ ਚਾਹੁੰਦੀ ਸੀ ਉਦੋਂ ਅਮਰੀਕਾ ਦੀ ਮਸ਼ਹੂਰ ਸੋਸ਼ਲਿਸਟ ਲੀਡਰ ਐਮਾ ਗੋਲਡਮੈਨ ਕਈ ਵਾਰ ਵੈਨਕੂਵਰ ਆਈ ਤੇ ਉਸਨੇ ਹਿੰਦੁਸਤਾਨੀਆਂ ਦੇ ਇਨ੍ਹਾਂ ਜਲਸਿਆਂ ਵਿੱਚ ਮਜ਼ਦੂਰ ਏਕਤਾ ਅਤੇ ਹਿੰਦ ਦੀ ਅਜ਼ਾਦੀ ਦੇ ਹੱਕ ਵਿੱਚ ਤਕਰੀਰਾਂ ਕੀਤੀਆਂ।2 ਇਨ੍ਹਾਂ ਜਲਸਿਆਂ ਵਿੱਚ ਲਾਲ ਝੰਡਾ ਝੁਲਾਇਆ ਜਾਂਦਾ ਸੀ। ਦਰਅਸਲ ਖਾਲਸਾ ਦੀਵਾਨ ਸੁਸਾਇਟੀ ਦੀ ਐਗਜ਼ੈਕਟਿਵ ਦੇ ਅਹੁਦੇਦਾਰ ਕੈਨੇਡਾ ਦੀ ਸੋਸ਼ਲਿਸਟ ਪਾਰਟੀ ਦੇ ਮੈਂਬਰ ਸਨ। ਡਾਕਟਰ ਹਿਊ ਜਾਹਨਸਟਨ ਨੇ ਕੈਨੇਡਾ ਸਰਕਾਰ ਦੇ ਜਾਸੂਸੀ ਮਹਿਕਮੇ ਦੀਆਂ ਰੀਪੋਰਟਾਂ ਦੇ ਆਧਾਰ ਤੇ ਲਿਖਿਆ ਹੈ ਕਿ ਖਾਲਸਾ ਦੀਵਾਨ ਸੁਸਾਇਟੀ ਦੇ ਪਰਧਾਨ ਭਾਈ ਭਾਗ ਸਿੰਘ ਤੇ ਐਗਜ਼ੈਕਟਿਵ ਦੇ ਦੂਸਰੇ ਅਹੁਦੇਦਾਰਾਂ ਨੇ ਹਸਨ ਰਹੀਮ ਤੇ ਜੀ. ਡੀ. ਕੁਮਾਰ ਵਰਗੇ ਸੋਸ਼ਲਿਸਟਾਂ ਨਾਲ ਰਲਕੇ ਵੈਨਕੂਵਰ ਵਿੱਚ ਸੋਸ਼ਲਿਸਟ ਪਾਰਟੀ ਆਫ ਕੈਨੇਡਾ ਦੀ ਇਕ ਸਪੈਸ਼ਲ ਬਰਾਂਚ ਤਿਆਰ ਕੀਤੀ ਸੀ।3

ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੀ ਮੱਦਦ ਲਈ ਯੂਨਾਈਟਿਡ ਇੰਡੀਆ ਲੀਗ ਦੇ ਪਰਧਾਨ ਹਸਨ ਰਹੀਮ ਨੇ ਬਹੁਤ ਹੀ ਸਰਗਰਮ ਰੋਲ ਨਿਭਾਇਆ। ਇਸ ਸੋਸ਼ਲਿਸਟ ਦਾ ਅਸਲ ਨਾਉਂ ਛਗਨ ਖੈਰਾਜ ਵਰਮਾ ਸੀ ਤੇ ਪਿਛੋਂ ਉਹ ਪੋਰਬੰਦਰ (ਗੁਜਰਾਤ) ਦੇ ਰਹਿਣ ਵਾਲੇ ਸਨ। ਜਦੋਂ ਕਾਮਾਗਾਟਾ ਮਾਰੂ ਹਾਲਾਂ ਵੈਨਕੂਵਰ ਆਈਲੈਂਡ ਤੋਂ ਪਿਛੇ ਹੀ ਸੀ ਤਾਂ ਵੈਨਕੂਵਰ ਤੋਂ ਯੂਨਾਈਟਿਡ ਇੰਡੀਆ ਲੀਗ ਦੇ ਪਰਧਾਨ ਹਸਨ ਰਹੀਮ ਤੇ ਸਕੱਤਰ ਰਾਜਾ ਸਿੰਘ ( ਦੋਨੋ ਸੋਸ਼ਲਿਸਟ) ਵੈਨਕੂਵਰ ਆਈਲੈਂਡ ਇਸ ਇਰਾਦੇ ਨਾਲ ਪੁੱਜੇ ਤਾਂ ਜੁ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਸੂਚਤ ਕੀਤਾ ਜਾ ਸਕੇ ਕਿ ਉਹ ਵੈਨਕੂਵਰ ਦੀ ਥਾਂ ਪੋਰਟ ਅਲਬਰਨੀ ਪੁੱਜਣ। 21 ਮਈ

ਨੂੰ ਕਿਰਾਏ ਤੇ ਲਈ ਕਿਸ਼ਤੀ 'ਚ ਉਹ ਸਾਰਾ ਦਿਨ ਤੂਫਾਨੀ ਸਮੁੰਦਰ 'ਚ ਕਾਮਾਗਾਟਾ ਮਾਰੂ ਨੂੰ ਲੱਭਦੇ ਰਹੇ। ਸੋਸ਼ਲਿਸਟ ਵਿਚਾਰਧਾਰਾ ਨੇ ਉਹਨਾਂ ਨੂੰ ਦੱਬੇ-ਕੁਚਲੇ ਲੋਕਾਂ ਲਈ ਜੂਝਣਾ ਸਿਖਾਇਆ ਸੀ। ਇਸ ਲਈ ਉਨ੍ਹਾਂ ਇਹ ਕੰਮ ਆਪਣੀ ਜਾਨ ਖਤਰੇ 'ਚ ਪਾਕੇ ਵੀ ਕੀਤਾ। ਪਰ ਇਮੀਗਰੇਸ਼ਨ ਅਧਿਕਾਰੀਆਂ ਨੇ ਉਨ੍ਹਾਂ ਦੀ ਇਹ ਕੋਸ਼ਿਸ਼ ਸਫਲ ਨਾ ਹੋਣ ਦਿੱਤੀ।

ਵੈਨਕੂਵਰ ਪੁੱਜਣ ਤੇ ਕਾਮਾਗਾਟਾ ਮਾਰੂ ਤੇ ਉਸਦੇ ਮੁਸਾਫਰਾਂ ਨੂੰ ਸਮੁੰਦਰ 'ਚ ਕੰਢੇ ਤੋਂ ਇਕ ਕਿਲੋਮੀਟਰ ਹਟਵਾਂ ਕੈਦ ਵਾਲੀਆਂ ਹਾਲਤਾਂ ਵਿੱਚ ਰੱਖਿਆ ਗਿਆ। ਕਾਮਾਗਾਟਾ ਮਾਰੂ ਦੇ ਮੁਸਾਸਫਰਾਂ ਦੀ ਮੱਦਦ ਲਈ ਯੁਨਾਈਟਿਡ ਇੰਡੀਆ ਲੀਗ ਅਤੇ ਖਾਲਸਾ ਦੀਵਾਨ ਸੁਸਾਇਟੀ ਵਲੋਂ 31 ਮਈ ਨੂੰ ਇਕ ਮੀਟਿੰਗ ਸੱਦੀ ਗਈ। ਸੋਸ਼ਲਿਸਟ ਵਿਚਾਰਧਾਰਾ ਨੇ ਹਿੰਦੀਆਂ ਨੂੰ ਆਪਣੇ ਇਨ੍ਹਾਂ ਘੋਲਾਂ 'ਚ ਸਹੀ ਸੇਧ ਦਿੱਤੀ। ਇਸੇ ਲਈ ਉਹਨਾਂ ਨੇ ਇਹ ਮੀਟਿੰਗ ਵੈਨਕੂਵਰ ਸਿਟੀ ਸੈਂਟਰ ਵਿੱਚ ਕਿਰਾਏ ਤੇ ਲਏ ਇਕ ਹਾਲ ਵਿੱਚ ਕੀਤੀ ਜਿਥੇ ਹਿੰਦੁਸਤਾਨੀਆਂ ਤੋਂ ਬਿਨ੍ਹਾਂ ਉਹ ਗੋਰੇ ਵੀ ਪੁੱਜ ਸਕਦੇ ਜੋ ਦੱਬੇ-ਕੁਚਲੇ ਲੋਕਾਂ ਲਈ ਲੜਨ ਵਾਲੇ ਅਤੇ ਕੈਨੇਡਾ ਦੀ ਨਸਲਵਾਦੀ ਅਤੇ ਸਰਮਾਏਦਾਰ ਸਰਕਾਰ ਦੇ ਵਿਰੋਧੀ ਸਨ। ਇਸ ਮੀਟਿੰਗ ਵਿੱਚ ਸੋਸ਼ਲਿਸਟ ਗੋਰੇ ਆਪਣੀਆਂ ਪਤਨੀਆਂ ਸਮੇਤ ਸ਼ਾਮਲ ਹੋਏ। ਸੋਸ਼ਲਿਸਟ ਹਸਨ ਰਹੀਮ ਦੀ ਪਰਧਾਨਗੀ ਥੱਲੇ ਹੋਈ ਇਸ ਮੀਟਿੰਗ ਵਿੱਚ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੀ ਮੱਦਦ ਲਈ 5,000 ਡਾਲਰ ਨਕਦ ਇਕੱਠਾ ਹੋਇਆ ਤੇ 66,000 ਡਾਲਰ ਦੇਣ ਦੀਆਂ ਲੋਕਾਂ ਸਹੁੰਆਂ ਚੁਕੀਆਂ।

ਕੈਨੇਡੀਅਨ ਇਮੀਗਰੇਸ਼ਨ ਅਧਿਕਾਰੀਆਂ ਨੂੰ ਇਸ ਗਲ ਦਾ ਪਤਾ ਸੀ ਕਿ ਹਿੰਦੁਸਤਾਨੀਆਂ ਲਈ ਜਹਾਜ਼ ਦੀ ਅਗਲੀ ਕਿਸ਼ਤ 11 ਜੂਨ ਤੱਕ ਤਾਰਨੀ ਜ਼ਰੂਰੀ ਹੈ। ਕੈਨੇਡੀਅਨ ਸਰਕਾਰ ਨੂੰ ਇਸ ਗਲ ਦੀ ਬੜੀ ਆਸ ਸੀ ਕਿ ਹਿੰਦੁਸਤਾਨੀ ਸਮੇਂ ਸਿਰ ਜਹਾਜ਼ ਦੀ ਕਿਸ਼ਤ ਨਹੀਂ ਤਾਰ ਸਕਣਗੇ ਤੇ ਨਤੀਜੇ ਵਜੋਂ ਜਾਪਾਨੀ ਆਪਣੇ ਜਹਾਜ਼ ਤੇ ਇਸਦੇ ਮੁਸਾਫਰਾਂ ਨੂੰ ਵਾਪਸ ਲੈ ਜਾਣਗੇ। ਇਸ ਤਰ੍ਹਾਂ ਕੈਨੇਡੀਅਨ ਸਰਕਾਰ ਕਿਸੇ ਕਾਨੂੰਨੀ ਝਮੇਲੇ 'ਚ ਪੈਣ ਤੋਂ ਬਿਨ੍ਹਾਂ ਹੀ ਇਸ ਜਹਾਜ਼ ਅਤੇ ਇਸਦੇ ਮੁਸਾਫਰਾਂ ਤੋਂ ਖਹਿੜਾ ਛੁਡਾ ਸਕਦੀ ਸੀ। ਕੈਨੇਡੀਅਨ ਸਰਕਾਰ ਨੇ ਬੜੇ ਜਤਨ ਕੀਤੇ ਕਿ ਹਿੰਦੁਸਤਾਨੀ ਮੌਕੇ ਸਿਰ ਜਹਾਜ਼ ਦੀ ਕਿਸ਼ਤ ਨਾ ਤਾਰ ਸਕਣ। ਪਰ ਸੋਸ਼ਲਿਸਟ ਵਿਚਾਰਧਾਰਾ ਨੇ ਹਿੰਦੁਸਤਾਨੀਆਂ ਨੂੰ ਮਜ਼ਹਬੀ ਮੱਤ-ਭੇਦ ਭੁਲਾ ਕੇ ਇਕੱਠੇ ਹੋ ਕੇ ਸੰਘਰਸ਼ ਕਰਨ ਦੀ ਜਾਚ ਸਿਖਾ ਦਿੱਤੀ ਸੀ। ਇਸ ਲਈ ਯੁਨਾਈਟਿਡ ਇੰਡੀਆ ਲੀਗ ਦੇ ਪਰਧਾਨ ਹਸਨ ਰਹੀਮ ਅਤੇ ਖਾਲਸਾ ਦੀਵਾਨ ਸੁਸਾਇਟੀ ਦੇ ਪਰਧਾਨ ਭਾਈ ਭਾਗ ਸਿੰਘ ਨੇ ਸਾਂਝੇ ਤੌਰ ਤੇ ਹਿੰਦੀਆਂ ਨੂੰ ਮਾਇਕ ਸਹਾਇਤਾ ਲਈ ਤੇ ਇਕੱਠੇ ਹੋ ਕੇ ਸੰਘਰਸ਼ ਕਰਨ ਲਈ ਅਪੀਲ ਕਰਦੀ ਇਕ ਵੱਡੀ ਚਿੱਠੀ ਕੱਢੀ ਜਿਸ ਵਿੱਚ ਲਿਖਿਆ ਸੀ, "ਭਰਾਓ ਇਕ ਉਹ ਵਕਤ ਸੀ ਕਿ ਹਿੰਦੁਸਤਾਨੀ ਕੌਮਾਂ ਆਪਣੇ ਧਰਮ ਅਸਤਾਨਾਂ ਤੋਂ ਲੜਦੀਆਂ ਸਨ ਅਰ ਨਫਰਤ ਨਾਲ ਦੂਰ ਦੂਰ ਰੈਹਦੀਆਂ ਸਨ, ਅੱਜ ਇਹ ਵਕਤ ਹੈ ਕਿ ਕਾਮਾਗਾਟਾ ਮਾਰੂ ਜਹਾਜ਼ ਵਿੱਚ ਇਕ ਤੂਫ ਗੁਰਦੁਵਾਰਾ ਹੈ ਤੇ ਦੂਜੀ ਤੂਫ ਮਸੀਤ ਹੈ ... ਹਿੰਦੁਸਤਾਨੀ ਭਰਾਓ ਤੁਹਾਡਾ ਫਰਜ਼ ਹੈ ਕਿ ਤੇਤੀ ਕਰੋੜ ਹਿੰਦੁਸਤਾਨੀਆਂ ਦੀ ਕਿਸਮਤ ਦਾ ਫੈਸਲਾ ਕਰਨ ਲਈ ਗਫਲਤ ਦੀ ਨੀਂਦ ਤੋਂ ਜਾਗੋ।"4 ਹਿੰਦੁਸਤਾਨੀਆਂ ਨੇ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਲਈ ਦਿਲ ਖੋਲ੍ਹ ਕੇ ਮਾਇਕ ਸਹਾਇਤਾ ਦਿੱਤੀ। ਦਸ ਜੂਨ ਨੂੰ ਸੋਸ਼ਲਿਸਟ ਹਸਨ ਰਹੀਮ ਨੇ 11,000 ਡਾਲਰ ਦਾ ਚੈਕ ਦੇ ਕੇ ਕਿਸ਼ਤ ਤਾਰ ਦਿੱਤੀ ਤੇ ਕੈਨੇਡੀਅਨ ਸਰਕਾਰ ਦੀਆਂ ਕਾਮਾਗਾਟਾ ਮਾਰੂ ਤੋਂ ਖਹਿੜਾ ਛੁਡਾਉਣ ਦੀਆਂ ਆਸਾਂ ਤੇ ਪਾਣੀ ਫੇਰ ਦਿੱਤਾ। ਸੋਸ਼ਲਿਸਟ ਵਿਚਾਰਧਾਰਾ ਤੋਂ ਸੇਧ ਲੈਂਦਿਆਂ ਹਿੰਦੁਸਤਾਨੀਆਂ ਨੇ ਇਕੱਠੇ ਹੋਕੇ ਵੀਹ ਜੂਨ ਤੱਕ 18,000 ਡਾਲਰ ਇਕੱਠਾ ਕਰ ਲਿਆ ਅਤੇ ਬਕਾਇਆ ਪੈਸੇ ਦੇ ਕੇ ਕਾਮਾਗਾਟਾ ਮਾਰੂ ਦਾ ਪਟਾ ਗੁਰਦਿੱਤ ਸਿੰਘ ਤੋਂ ਬਦਲ ਕੇ ਵੈਨਕੂਵਰ ਦੇ ਦੋ ਸੋਸ਼ਲਿਸਟਾਂ ਹਸਨ ਰਹੀਮ ਤੇ ਭਾਗ ਸਿੰਘ ਦੇ ਨਾਉਂ ਕਰਵਾ ਲਿਆ।

ਹਸਨ ਰਹੀਮ ਤੇ ਉਸਦੇ ਦੋਸਤਾਂ ਨੇ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਲਈ ਜੋ ਵਕੀਲ ਕੀਤਾ ਉਹ ਇਕ ਬਚਨ-ਬੱਧ (committed) ਸੋਸ਼ਲਿਸਟ ਸੀ। ਇਸ ਸੋਸ਼ਲਿਸਟ ਵਕੀਲ ਦਾ ਨਾਉਂ ਜੇ. ਐਡਵਰਡ ਬਰਡ ਸੀ ਤੇ ਉਹ ਹਿੰਦੁਸਤਾਨੀਆਂ ਦਾ ਇਕ ਬਹੁਤ ਹੀ ਵਧੀਆ ਦੋਸਤ ਸੀ। ਹਿੰਦੁਸਤਾਨੀਆਂ, ਨੇਟਿਵ ਇੰਡੀਅਨਾਂ ਅਤੇ ਹੋਰ ਦੱਬੇ-ਕੁਚਲੇ ਲੋਕਾਂ ਦੇ ਹੱਕਾਂ ਲਈ ਸੰਘਰਸ਼ ਕਰਨਾ ਬਰਡ ਦਾ ਜੀਵਨ ਨਿਸ਼ਾਨਾ ਸੀ। ਉਸ ਵਕਤ ਮੀਡੀਏ ਨੇ ਗੋਰਿਆਂ ਦੇ ਮਨਾਂ ਵਿੱਚ ਹਿੰਦੁਸਤਾਨੀਆਂ ਪ੍ਰਤੀ ਬੜੀ ਨਫਰਤ ਭਰ ਰੱਖੀ ਸੀ। ਅਜਿਹੇ ਮਾਹੌਲ ਵਿੱਚ ਕਿਸੇ ਗੋਰੇ ਵਕੀਲ ਵਲੋਂ ਹਿੰਦੁਸਤਾਨੀਆਂ ਦਾ ਕੇਸ ਲੜਨਾ ਬੜੇ ਹੌਸਲੇ ਦੀ ਗੱਲ ਸੀ। ਮਿਸਟਰ ਬਰਡ ਨੂੰ ਕਾਮਾਗਾਟਾ ਮਾਰੂ ਦਾ ਕੇਸ ਲੜਨ ਨਾਲ ਬੜਾ ਨੁਕਸਾਨ ਉਠਾਉਣਾ ਪਿਆ। ਉਸ ਨੂੰ ਆਪਣੀ ਵਕਾਲਤ ਵਿੱਚ ਬੜਾ ਘਾਟਾ ਉਠਾਉਣਾ ਪਿਆ। ਬਰਡ ਨੂੰ ਨਸਲੀ ਗੋਰਿਆਂ ਵਲੋਂ ਚਿੱਠੀਆਂ ਰਾਹੀਂ ਧਮਕੀਆਂ ਦਿੱਤੀਆਂ ਗਈਆਂ ਕਿ ਜੇ ਉਸਨੇ ਕਾਮਾਗਾਟਾ ਮਾਰੂ ਦਾ ਕੇਸ ਨਾ ਛੱਡਿਆ ਤਾਂ ਉਸ ਨੂੰ ਗੋਲੀ ਮਾਰ ਦਿੱਤੀ ਜਾਵੇਗੀ।5 ਜਾਣ-ਬੁਝ ਕੇ ਆਪਣੀ ਜਾਨ ਨੂੰ ਖਤਰੇ 'ਚ ਪਾਉਣ ਦਾ ਇਲਜ਼ਾਮ ਲਾਕੇ ਇਨਸ਼ੋਰੈਂਸ ਕੰਪਨੀ ਵਲੋਂ ਮਿਸਟਰ ਬਰਡ ਦੀ ਐਕਸੀਡੈਂਟ ਇਨਸ਼ੋਰੈਂਸ ਪਾਲਿਸੀ ਕੈਂਸਲ ਕਰ ਦਿੱਤੀ ਗਈ। ਅਜਿਹੇ ਹਾਲਾਤ ਵਿੱਚ ਇਕ ਆਮ ਵਕੀਲ ਵਲੋਂ ਕਾਮਾਗਾਟਾ ਮਾਰੂ ਦਾ ਕੇਸ ਲੜਨਾ ਸੰਭਵ ਨਹੀਂ ਸੀ। ਪਰ ਕਿਰਤੀਆਂ, ਕਿਸਾਨਾਂ ਤੇ ਹੋਰ ਦੱਬੇ-ਕੁਚਲੇ ਲੋਕਾਂ ਦੇ ਇਸ ਸੋਸ਼ਲਿਸਟ ਮਿੱਤਰ ਨੇ ਕਾਮਾਗਾਟਾ ਮਾਰੂ ਦਾ ਕੇਸ ਬੜੇ ਹੌਸਲੇ ਅਤੇ ਨਿਡਰਤਾ ਨਾਲ ਲੜਿਆ। ਉਹ ਇਹ ਸਭ ਕੁਝ ਤਾਂ ਹੀ ਕਰ ਸਕਿਆ ਕਿਉਂਕਿ ਸੋਸ਼ਲਿਸਟ ਵਿਚਾਰਧਾਰਾ ਨੇ ਉਸਨੂੰ ਲੋਕਾਂ ਲਈ ਹਰ ਕੁਰਬਾਨੀ ਦੇ ਕੇ ਸੰਘਰਸ਼ ਕਰਨਾ ਸਿਖਾਇਆ ਸੀ। ਐਡਵਰਡ ਬਰਡ ਦੇ ਪੋਤਰੇ ਰਿਚਰਡ ਬਰਡ ( ਜੋ ਡੰਕਨ, ਬੀ ਸੀ 'ਚ ਵਕੀਲ ਹਨ) ਨੇ 'ਵੈਨਕੂਵਰ ਸਨ' ਦੀ ਰੀਪੋਰਟਰ ਕਿਮ ਬੋਲਨ ਨੂੰ ਇੰਟਰਵਿਊ ਦੇਂਦਿਆਂ ਸਚ ਹੀ ਆਖਿਆ ਕਿ, "ਉਸਦੇ ਦਾਦੇ ਨੇ ਹਿੰਦੁਸਤਾਨੀਆਂ ਦਾ 'ਅਨਪਾਪੂਲਰ' ਕੇਸ ਇਸ ਕਰਕੇ ਲੜਿਆ ਕਿਉਂਕਿ ਉਹ ਇਕ ਬਚਨ ਬੱਧ ਸੋਸ਼ਲਿਸਟ ਅਤੇ ਬੇਇਨਸਾਫੀ ਵਿਰੁੱਧ ਲੜਨ ਵਾਲਾ ਇਨਸਾਨ ਸੀ।"6

ਬਹੁਤ ਸਾਰੇ ਭਾਰਤੀ ਇਤਿਹਾਸਕਾਰਾਂ ਵਲੋਂ ਕਾਮਾਗਾਟਾ ਮਾਰੂ ਬਾਰੇ ਲਿਖਦਿਆਂ ਵਕੀਲ ਐਡਵਰਡ ਬਰਡ ਨਾਲ ਬੜੀ ਭਾਰੀ ਬੇਇਨਸਾਫੀ ਕੀਤੀ ਗਈ ਹੈ। ਕਾਮਾਗਾਟਾ ਮਾਰੂ ਦੇ ਮੁਸਾਫਰਾਂ ਵਲੋਂ ਕੈਨੇਡੀਅਨ ਅਦਾਲਤਾਂ ਵਿੱਚ ਕੇਸ ਹਾਰ ਜਾਣ ਦਾ ਕਾਰਨ ਦੱਸਦਿਆਂ ਗੁਰਚਰਨ ਸਿੰਘ ਸਹਿੰਸਰੇ ਵਲੋਂ ਇਹ ਲਿਖਣਾ ਕਿ ਕਾਮਗਾਟਾ ਮਾਰੂ ਦੇ ਕੇਸ ਵਿੱਚ ਹਿੰਦੀਆਂ ਵਲੋਂ ਕੀਤਾ ਗੋਰਾ ਵਕੀਲ ਹੀ ਬਹਿ ਗਿਆ, ਦਰੁਸਤ ਨਹੀਂ।7 ਇਸੇ ਤਰ੍ਹਾਂ

ਜਸਵੰਤ ਸਿੰਘ ਜੱਸ ਵਲੋਂ ਇਹ ਲਿਖਣਾ ਵੀ ਠੀਕ ਨਹੀਂ ਕਿ ਹਾਪਕਿਨਸਨ ਨੇ ਮੁਨਸ਼ੀ ਸਿੰਘ ਨਾਉਂ ਦੇ ਇਕ ਮੁਸਾਫਰ ਨੂੰ ਲਾਲਚ ਵਿੱਚ ਫਸਾ ਕੇ ਉਸ ਪਾਸੋਂ ਕੈਨੇਡਾ ਵਿੱਚ ਉਤਰਨ ਲਈ ਅਰਜ਼ੀ ਦਿਵਾ ਦਿੱਤੀ ਅਤੇ ਮੁਨਸ਼ੀ ਸਿੰਘ ਪਾਸੋਂ ਪੁੱਠੇ-ਸਿੱਧੇ ਬਿਆਨ ਦਿਵਾ ਦਿੱਤੇ ਜਿਸਦੇ ਨਤੀਜੇ ਵਜੋਂ ਅਦਾਲਤ ਨੇ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਵਿਰੁਧ ਫੈਸਲਾ ਦੇ ਦਿੱਤਾ 8। ਇਹ ਮਿਸਟਰ ਬਰਡ ਨਾਲ ( ਮੁਨਸ਼ੀ ਸਿੰਘ ਨਾਲ ਵੀ ) ਵਧੀਕੀ ਹੈ। ਮੁਨਸ਼ੀ ਸਿੰਘ ਨੂੰ ਬਰਡ ਨੇ ਹੀ ਚੁਣਿਆ ਸੀ ਅਤੇ ਮੁਨਸ਼ੀ ਸਿੰਘ ਦੇ ਬਿਆਨ ਵੀ ਮਾੜੇ ਨਹੀਂ ਸਨ। ਉਨ੍ਹਾਂ ਹਾਲਾਤ ਵਿੱਚ ਮਿਸਟਰ ਬਰਡ ਨੇ ਇਹ ਸਾਰਾ ਮੁਕੱਦਮਾ ਬੜੇ ਸੁਚੱਜੇ ਢੰਗ ਨਾਲ ਲੜਿਆ। ( ਕਾਮਾਗਾਟਾ ਮਾਰੂ ਦੀ ਕਾਨੂੰਨੀ ਲੜਾਈ ਅਤੇ ਇਸ ਵਿੱਚ ਬਰਡ ਦਾ ਰੋਲ ਵਿਸਥਾਰ ਨਾਲ ਜਾਨਣ ਲਈ ਵਤਨ ਦੇ ਪਹਿਲੇ ਅੰਕ 'ਚ ਮੇਰਾ ਲੇਖ 'ਕਾਮਾਗਾਟਾ ਮਾਰੂ ਅਤੇ ਕੈਨੇਡੀਅਨ ਇਨਸਾਫ' ਪੜ੍ਹਿਆ ਜਾ ਸਕਦਾ ਹੈ )।

ਸੋਸ਼ਲਿਸਟ ਪਾਰਟੀ ਆਫ਼ ਕੈਨੇਡਾ ਵਲੋਂ ਵੀ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਲਈ ਬਹੁਤ ਕੁਝ ਕੀਤਾ ਗਿਆ। ਉਸ ਵਕਤ ਕੈਨੇਡਾ ਦੀਆਂ ਦੂਸਰੀਆਂ ਸਿਆਸੀ ਪਾਰਟੀਆਂ ਲਿਬਰਲ ਤੇ ਟੋਰੀ ਆਦਿ, ਹਿੰਦੁਸਤਾਨੀਆਂ ਵਿਰੁਧ ਨਸਲਵਾਦੀ ਨੀਤੀਆਂ ਨੂੰ ਸ਼ਰੇਆਮ ਅਪਣਾ ਰਹੀਆਂ ਸਨ। ਹਿੰਦੁਸਤਾਨੀਆਂ ਨੂੰ ਕੈਨੇਡਾ ਤੋਂ ਬਾਹਰ ਰੱਖਣ ਦੇ ਇਰਾਦੇ ਨਾਲ 1908-10 ਵਿੱਚ ਇਮੀਗਰੇਸ਼ਨ ਦੇ ਨਸਲਵਾਦੀ ਕਾਨੂੰਨ ਲਿਬਰਲ ਸਰਕਾਰ ਵਲੋਂ ਬਣਾਏ ਗਏ ਸਨ। ਆਟਾਵਾ ਵਿੱਚ ਟੋਰੀ ਪਾਰਟੀ ਦੀ ਸਰਕਾਰ 1911 ਵਿੱਚ ਬਣੀ ਤੇ ਉਸ ਨੇ ਇਮੀਗਰੇਸ਼ਨ ਦੇ ਇਹ ਨਸਲਵਾਦੀ ਕਾਨੂੰਨ ਹਿੰਦੁਸਤਾਨੀਆਂ ਵਿਰੁਧ ਬੜੀ ਸਖਤੀ ਨਾਲ ਲਾਗੂ ਕੀਤੇ। ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਕੈਨੇਡਾ 'ਚ ਦਾਖਲ ਨਾ ਹੋਣ ਦੇਣ ਦਾ ਫੈਸਲਾ ਟੋਰੀ ਸਰਕਾਰ ਵਲੋਂ ਪਹਿਲਾਂ ਹੀ ਕਰ ਲਿਆ ਗਿਆ ਸੀ। ਅਖਬਾਰਾਂ ਨੇ ਗੋਰਿਆਂ ਦੇ ਮਨਾਂ ਵਿੱਚ ਹਿੰਦੁਸਤਾਨੀਆਂ ਵਿਰੁਧ ਪੂਰੀ ਤਰ੍ਹਾਂ ਨਫਰਤ ਦਾ ਜ਼ਹਿਰ ਭਰ ਦਿੱਤਾ ਸੀ। ਸਿਆਸਤਦਾਨ ਆਪਣੀਆਂ ਵੋਟਾਂ ਦੇ ਫਿਕਰ 'ਚ ਪੂਰੀ ਤਰ੍ਹਾਂ ਨਸਲਵਾਦੀ ਬਣੇ ਹੋਏ ਸਨ। ਟਰੇਡ ਯੂਨੀਅਨਾਂ ਵੀ ਹਿੰਦੁਸਤਾਨੀਆਂ ਦੀ ਵਿਰੋਧਤਾ ਕਰ ਰਹੀਆਂ ਸਨ। ਏਸ਼ੀਆ ਦੇ ਜੰਮ ਪਲ ਅਤੇ ਭੂਰੇ ਰੰਗ ਦੇ ਜੀਸਸ ਕਰਾਈਸਟ ਨੂੰ ਮੰਨਣ ਵਾਲੇ ਗੋਰੇ ਈਸਾਈ ਵੀ ਨਸਲਵਾਦੀ ਬਣੇ ਬੈਠੇ ਸਨ ਤੇ ਕੈਨੇਡਾ ਨੂੰ ਚਿੱਟਾ ਰੱਖਣ ਦੇ ਇਰਾਦੇ ਨਾਲ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੀ ਵਿਰੋਧਤਾ ਕਰ ਰਹੇ ਸਨ। ਉਸ ਵਕਤ ਜਦੋਂ ਕਿ ਸਭ ਲੋਕ ਹਿੰਦੁਸਤਾਨੀਆਂ ਦੇ ਦੁਸ਼ਮਣ ਬਣੇ ਬੈਠੇ ਸਨ ਤਾਂ ਸਿਰਫ ਸੋਸ਼ਲਿਸਟ ਪਾਰਟੀ ਆਫ਼ ਕੈਨੇਡਾ ਨੇ ਹਿੰਦੁਸਤਾਨੀਆਂ ਦਾ ਸਾਥ ਦਿੱਤਾ। ਕਿਉਂਕਿ ਸੋਸ਼ਲਿਸਟ ਵਿਚਾਰਧਾਰਾ 'ਬਰਾਬਰਤਾ ਅਤੇ ਸਾਂਝੀਵਾਲਤਾ' ਦੀ ਗੱਲ ਕਰਦੀ ਹੈ ਤੇ ਮਨੁੱਖ ਹੱਥੋਂ ਹੁੰਦੀ ਮਨੁੱਖ ਦੀ ਲੁਟ-ਖਸੁਟ ਦੀ ਵਿਰੋਧਤਾ ਕਰਦੀ ਹੈ ਇਸ ਲਈ ਸੋਸ਼ਲਿਸਟਾਂ ਨੇ ਲੋਕਾਂ ਦੀਆਂ ਵੋਟਾਂ ਦੀ ਪਰਵਾਹ ਨਾ ਕਰਦਿਆਂ ਹਿੰਦੁਸਤਾਨੀਆਂ ਨਾਲ ਹੋ ਰਹੀ ਬੇਇਨਸਾਫੀ ਵਿਰੁਧ ਸਟੈਂਡ ਲਿਆ। ਇਸ ਪਾਰਟੀ ਨੇ ਜੂਨ ਦੇ ਅੱਧ ਵਿੱਚ ਮਤਾ ਪਾਸ ਕੀਤਾ ਕਿ ਜਮਾਤੀ ਸੁਭਾਅ ਵਾਲੀ ਕੈਨੇਡੀਅਨ ਸਰਕਾਰ ਕਾਮਗਾਟਾ ਮਾਰੂ ਦੇ ਮੁਸਾਫਰਾਂ ਨਾਲ ਬੇ-ਇਨਸਾਫੀ ਕਰ ਰਹੀ ਹੈ ਅਤੇ ਸੋਸ਼ਲਿਸਟ ਪਾਰਟੀ ਕੈਨੇਡੀਅਨ ਸਰਕਾਰ ਦੇ ਇਸ ਬੇਇਨਸਾਫੀ ਵਾਲੇ ਅਤੇ ਨਸਲਵਾਦੀ ਰਵੱਈਏ ਦੀ ਮੰਗ ਕਰਦੀ ਹੈ ਕਿ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਇਨਸਾਫ ਦਿੱਤਾ ਜਾਵੇ।9

ਮੀਡੀਏ ਵਲੋਂ ਹਿੰਦੁਸਤਾਨੀਆਂ ਵਿਰੁਧ ਪ੍ਰਾਪੇਗੰਡਾ ਜ਼ੋਰਾਂ ਤੇ ਸੀ। ਵੈਨਕੂਵਰ ਦੀਆਂ ਅਖਬਾਰਾਂ ਇਸ ਤਰ੍ਹਾਂ ਦੀਆਂ ਖਬਰਾਂ ਅਤੇ ਲੇਖ ਲਿਖ ਰਹੀਆਂ ਸਨ ਤਾਂ ਜੁ ਗੋਰੀ ਵਸੋਂ ਦੇ ਮਨਾਂ ਵਿੱਚ ਹਿੰਦੁਸਤਾਨੀਆਂ ਪ੍ਰਤੀ ਨਫਰਤ ਦਾ ਜ਼ਹਿਰ ਭਰ ਸਕੇ, ਜਿਵੇਂ, "... ਠੀਕ ਸੋਚਣੀ ਵਾਲੇ ਲੋਕ ਜਾਣਦੇ ਹਨ ਕਿ ਹਿੰਦੁਸਤਾਨ ਦੇ ਵਾਸੀਆਂ ਨੂੰ ਸਿਵਾਏ ਸਰਕਸ ਵਿੱਚ ਤਮਾਸ਼ੇ ਕਰਨ ਤੋਂ ਹੋਰ ਕਿਸੇ ਕੰਮ ਲਈ ਕੈਨੇਡਾ ਵਿੱਚ ਨਹੀਂ ਆਉਣ ਦੇਣਾ ਚਾਹੀਦਾ"।10 ਅਖਬਾਰਾਂ ਵਿੱਚਲੇ ਇਸ ਪਰਾਪੇਗੰਡੇ ਨੇ ਹਿੰਦੁਸਤਾਨੀਆਂ ਨੂੰ ਬੜਾ ਗੁੱਸਾ ਚਾੜ੍ਹਿਆ। ਸਿੱਟੇ ਵਜੋਂ ਯੂਨਾਈਟਿਡ ਇੰਡੀਆ ਲੀਗ ਅਤੇ ਖਾਲਸਾ ਦੀਵਾਨ ਸੁਸਾਇਟੀ ਵਲੋਂ 21 ਜੂਨ ਨੂੰ ਵੈਨਕੂਵਰ ਦੇ ਡੁਮੀਨੀਅਨ ਹਾਲ ( ਇਹ ਹਾਲ ਖਸਤਾ ਹਾਲਤ ਵਿੱਚ ਪੈਂਡਰ ਸਟਰੀਟ ਤੇ ਅਜ ਵੀ ਕਾਇਮ ਹੈ। ਕਿੰਨਾ ਚੰਗਾ ਹੋਵੇ ਜੇ ਇੰਡੋ-ਕੈਨੇਡੀਅਨ ਕਮਿਊਨਿਟੀ ਇਸ ਨੂੰ ਖਰੀਦ ਕੇ ਕਾਮਾਗਾਟਾ ਮਾਰੂ ਦੀ ਯਾਦ 'ਚ ਇਥੇ ਕੋਈ ਮਿਊਜ਼ੀਅਮ ਬਣਾ ਸਕੇ।) ਵਿੱਚ ਇਕ ਵੱਡੀ ਮੀਟਿੰਗ ਸੱਦੀ ਗਈ। ਇਸ ਵਿੱਚ ਪੰਜ ਛੇ ਸੋ ਹਿੰਦੀ ਅਤੇ ਲੱਗ ਭੱਗ 125 ਗੋਰੇ ਸ਼ਾਮਲ ਹੋਏ। ਸਾਡੀ ਕਮਿਊਨਿਟੀ ਦੇ ਇਤਿਹਾਸ ਵਿੱਚ ਸ਼ਾਇਦ ਇਹ ਇਕੋ ਇਕ ਮੌਕਾ ਹੈ ਜਦੋਂ ਨਿਰੋਲ ਹਿੰਦੁਸਤਾਨੀਆਂ ਦੇ ਕਾਜ਼ ਲਈ ਸੱਦੀ ਗਈ ਕਿਸੇ ਵੱਡੀ ਪਬਲਿਕ ਮੀਟਿੰਗ ਵਿੱਚ ਹਿੰਦੁਸਤਾਨੀਆਂ ਦੇ ਮੁਕਾਬਲੇ ਗੋਰੇ ਐਨੀ ਵੱਡੀ ਗਿਣਤੀ (4:1) ਵਿੱਚ ਸ਼ਾਮਲ ਹੋਏ ਹੋਣ। ਮੀਟਿੰਗ 'ਚ ਸ਼ਾਮਲ ਲਗ-ਭਗ ਸਾਰੇ ਗੋਰੇ ਸੋਸ਼ਲਿਸਟ ਪਾਰਟੀ ਆਫ਼ ਕੈਨੇਡਾ ਦੇ ਮੈਂਬਰ ਸਨ।11

ਮੀਟਿੰਗ ਦਾ ਮਾਹੌਲ ਬਹੁਤ ਹੀ ਜੋਸ਼ ਅਤੇ ਰੋਹ ਭਰਿਆ ਸੀ। ਸਾਰਾ ਹਾਲ ਵੱਡੇ ਵੱਡੇ ਲਾਲ ਝੰਡਿਆਂ ਨਾਲ ਸਜਾਇਆ ਗਿਆ ਸੀ। ਲੋਕਾਂ ਨੇ ਛੋਟੇ ਛੋਟੇ ਲਾਲ ਝੰਡੇ ਹੱਥਾਂ ਵਿੱਚ ਫੜੇ ਹੋਏ ਸਨ। ਬੁਲਾਰਿਆਂ ਦੇ ਭਾਸ਼ਨਾਂ ਵਿੱਚਕਾਰ, ਲੋਕ ਜ਼ੋਰ ਜ਼ੋਰ ਨਾਲ ਤਾੜੀਆਂ ਮਾਰ ਰਹੇ ਸਨ ਅਤੇ ਹੱਥਾਂ ਵਿੱਚ ਫੜੇ ਹੋਏ ਲਾਲ ਝੰਡੇ ਲਹਿਰਾਉਂਦੇ (wave) ਸਨ। ਅਤੇ ਸਰਮਾਏਦਾਰੀ ਨਿਜ਼ਾਮ ਦੇ ਖਾਤਮੇ ਲਈ 'ਸਰਮਾਏਦਾਰੀ - ਮੁਰਦਾਬਾਦ' ਦੇ ਨਾਹਰੇ ਲਾਉਂਦੇ ਸਨ।12 ਇਸ ਇਤਿਹਾਸਕ ਮੀਟਿੰਗ ਦਾ ਮੁੱਖ ਬੁਲਾਰਾ ਸੋਸ਼ਲਿਸਟ ਐਡਵਰਡ ਬਰਡ ਸੀ। ਕੈਨੇਡਾ ਅਤੇ ਅਮਰੀਕਾ ਦਾ ਮਸ਼ਹੂਰ ਸੋਸ਼ਲਿਸਟ ਅਤੇ ਬਰਿਟਿਸ਼ ਕੋਲੰਬੀਆ ਦੀ ਸੋਸ਼ਲਿਸਟ ਪਾਰਟੀ ਦਾ ਲੀਡਰ ਫਿਟਜ਼ੈਰਲਡ ਵੀ ਸਟੇਜ਼ ਤੇ ਹਾਜ਼ਰ ਸੀ। ਮੀਟਿੰਗ ਦੇ ਪਰਧਾਨ ਹਸਨ ਰਹੀਮ ਨੇ ਬੁਲਾਰਿਆਂ ਨੂੰ ਇੰਟਰੋਡਿਊਸ ਕਰਵਾਉਂਦਿਆਂ ਆਖਿਆ,"... ਸਾਡੇ ਵਿਚਕਾਰ ਮਿਸਟਰ ਜੇ. ਐਡਵਰਡ ਬਰਡ ਵੀ ਹਾਜ਼ਰ ਹੈ ਜੋ ਕਿ ਹਮੇਸ਼ਾਂ ਮਜ਼ਦੂਰਾਂ ਦਾ ਦੋਸਤ ਰਿਹਾ ਹੈ।... ਸਾਡੇ ਵਿਚਕਾਰ ਕਾਮਰੇਡ ਫਿਟਜ਼ੈਰਲਡ ਵੀ ਸ਼ਾਮਲ ਹੈ। "

ਮੀਟਿੰਗ ਦੇ ਮੁੱਖ ਬੁਲਾਰੇ ਮਿਸਟਰ ਬਰਡ ਨੇ ਆਪਣੇ ਭਾਸ਼ਨ 'ਚ ਕੈਨੇਡੀਅਨ ਸਰਕਾਰ ਦੀਆਂ ਨਸਲਵਾਦੀ ਨੀਤੀਆਂ ਦੀ ਅਲੋਚਨਾ ਕੀਤੀ। ਉਸਨੇ ਇਮੀਗਰੇਸ਼ਨ ਅਧਿਕਾਰੀਆਂ ਦੇ ਆਪ-ਹੁਦਰੇ ਰਵੱਈਏ ਦੀ ਨਿਖੇਧੀ ਕੀਤੀ। ਉਸਨੇ ਅਖਬਾਰਾਂ ਵਲੋਂ ਹਿੰਦੁਸਤਾਨੀਆਂ ਵਿਰੁਧ ਕੀਤੇ ਜਾ ਰਹੇ ਪ੍ਰਾਪੇਗੰਡੇ ਅਤੇ ਸੋਸ਼ਲਿਸਟ ਵਿਚਾਰਾਂ ਵਿਰੁਧ ਲਾਏ ਜਾਂਦੇ ਇਲਜ਼ਾਮਾਂ ਦਾ ਜਵਾਬ ਦਿੰਦਿਆਂ ਆਖਿਆ, "ਮੈਂ ਅਜਿਹੀਆਂ ਗੱਲਾਂ ਸੁਣੀਆਂ ਹਨ ਕਿ

ਇਹ ਬੰਦੇ ਅਨਾਰਕਿਸਟ ਹਨ, ਸਾਰੇ ਦੇ ਸਾਰੇ ਭੈੜੇ ਹਨ ਤੇ ਸੋਸ਼ਲਿਸਟ ਹਨ। ਮੈਨੂੰ ਮਾਣ ਹੈ ਕਿ ਮੈਂ ਖੁਦ ਕਈਆਂ ਸਾਲਾਂ ਤੋਂ ਕੈਨੇਡਾ ਦੀ ਸੋਸ਼ਲਿਸਟ ਪਾਰਟੀ ਦਾ ਮੈਂਬਰ ਹਾਂ ਅਤੇ ਮੈਂ ਕਦੀ ਕੋਈ ਅਜਿਹਾ ਸੋਸ਼ਲਿਸਟ ਨਹੀਂ ਵੇਖਿਆ ਜੋ ਚੰਗਾ ਬੰਦਾ ਨਾ ਹੋਵੇ। ਫਰਕ ਸਿਰਫ ਇਤਨਾ ਹੈ ਕਿ ਇਕ ਸੋਸ਼ਲਿਸਟ ਆਪਣੀਆਂ ਸਮੱਸਿਆਵਾਂ ਬਾਰੇ ਸਹੀ ਢੰਗ ਨਾਲ ਸੋਚਦਾ ਹੈ ਅਤੇ ਆਪਣੇ ਭਵਿੱਖ ਬਾਰੇ ਸਹੀ ਨਿਰਣੇ ਕਰਦਾ ਹੈ ਤੇ ਇਕ ਆਮ ਆਦਮੀ ਆਪਣੇ ਵੱਡੇ ਵਡੇਰਿਆਂ ਵਲੋਂ ਧਰਮ ਤੇ ਰਾਜਨੀਤੀ ਬਾਰੇ ਚਲਾਈਆਂ ਰਵਾਇਤਾਂ ਤੇ ਹੀ ਤੁਰਦਾ ਹੈ।13

ਬਰਡ ਤੋਂ ਬਾਅਦ ਬੀ. ਸੀ. ਦੀ ਸੋਸ਼ਲਿਸਟ ਪਾਰਟੀ ਦੇ ਲੀਡਰ ਫਿਟਜ਼ੈਰਲਡ ਨੇ ਬਹੁਤ ਹੀ ਜੋਸ਼ੀਲਾ ਭਾਸ਼ਨ ਦਿੱਤਾ। ਉਸਨੇ ਬਰਤਾਨਵੀ ਹਕੂਮਤ ਵਲੋਂ ਹਿੰਦੁਸਤਾਨ ਦੀ ਕੀਤੀ ਜਾ ਰਹੀ ਲੁਟ-ਖਸੁਟ ਦੀ ਨਿੰਦਿਆ ਕੀਤੀ। ਆਪਣੇ ਭਾਸ਼ਨ ਦੇ ਅਖੀਰ ਤੇ ਉਸਨੇ ਹਿੰਦੁਸਤਾਨੀਆਂ ਨੂੰ ਸੰਬੋਧਨ ਕਰਦਿਆਂ ਆਖਿਆ, "ਜੇ ਹਿੰਦੁਸਤਾਨ ਵਿੱਚ ਇਥੇ ਨਾਲੋਂ ਜਿਆਦਾ ਭੁਖ-ਮਰੀ ਹੈ ਤਾਂ ਯਾਦ ਰੱਖੋ ਕਿ ਇਹੋ ਜਹੀਆਂ ਹਾਲਤਾਂ ਵਿੱਚੋਂ ਇਨਕਲਾਬ ਪੈਦਾ ਹੁੰਦੇ ਹਨ। ਆਪਣੇ ਮੁਲਕ ਮੁੜੋ, ਇਨਕਲਾਬੀ ਜਜ਼ਬਾਤਾਂ ਨਾਲ ਭਰੇ ਹੋਏ, ਦੇਸ ਦੇ ਲੋਕਾਂ ਨੂੰ ਨਾਲ ਲਵੋ ਅਤੇ ਉਨ੍ਹਾਂ ਵਿਰੁਧ ਲੜੋ ਜਿਨ੍ਹਾਂ ਵਿਰੁਧ ਅਸੀਂ ਉਤਰੀ ਅਮਰੀਕਾ ਦੇ ਸੋਸ਼ਲਿਸਟ ਲੜ ਰਹੇ ਹਾਂ।" ਸਾਰਾ ਹਾਲ 'ਸਰਮਾਏਦਾਰੀ - ਮੁਰਦਾਬਾਦ' ਦੇ ਨਾਹਰਿਆਂ ਨਾਲ ਗੂੰਜ ਰਿਹਾ ਸੀ।

ਹਿੰਦੁਸਤਾਨੀਆਂ ਦੀ ਇਸ ਇਤਿਹਾਸਕ ਮੀਟਿੰਗ ਤੋਂ ਅਗਲੇ ਦਿਨ 'ਵੈਨਕੂਵਰ ਸਨ' ਨੇ ਮੀਟਿੰਗ ਬਾਰੇ ਜ਼ਹਿਰ ਭਰੀ ਸੁਰਖੀ ਲਾਈ, "ਹਿੰਦੂਆਂ ਵਲੋਂ ਵੱਡੀ ਮੀਟਿੰਗ - ਬਗਾਵਤ ਦਾ ਪਰਚਾਰ"। ਗੋਰੇ ਸਿਆਸਤਦਾਨਾਂ ਵਲੋਂ 23 ਜੂਨ ਦੀ ਸ਼ਾਮ ਨੂੰ ਉਸੇ ਡੁਮੀਨੀਅਨ ਹਾਲ ਵਿੱਚ ਹਿੰਦੁਸਤਾਨੀਆਂ ਵਿਰੁਧ ਇਕ ਵੱਡੀ ਮੀਟਿੰਗ ਸੱਦੀ ਗਈ। ਦੋ ਹਜਾਰ ਨਸਲਵਾਦੀ ਗੋਰਿਆਂ ਨਾਲ ਹਾਲ ਭਰਿਆ ਪਿਆ ਸੀ। ਕਈ ਹਜਾਰ ਨਸਲਵਾਦੀ ਗੋਰਿਆਂ ਨੂੰ ਹਾਲ ਤੋਂ ਬਾਹਰ ਹੀ ਖੜਨਾ ਪੈ ਰਿਹਾ ਸੀ। ਵੈਨਕੂਵਰ ਦੇ ਮੇਅਰ ਟੀ ਐਸ ਬੈਕਸਟਰ, ਐਲਡਰਮੈਨ ਫਰੈਂਕ ਵੁਡਸਾਈਡ ਅਤੇ ਲਿਬਰਲ ਪਾਰਟੀ ਦੇ ਸਾਬਕਾ ਐਮ ਪੀ ਰੈਲਫ ਸਮਿਥ ਵਰਗੇ ਨਸਲਵਾਦੀ ਸਿਆਸਤਦਾਨਾਂ ਨੇ ਹਿੰਦੁਸਤਾਨੀਆਂ ਵਿਰੁਧ ਜ਼ਹਿਰ ਉਗਲਿਆ। ਪਰ ਸਭ ਤੋਂ ਜ਼ਿਆਦਾ ਜ਼ਹਿਰ ਹਿੰਦੁਸਤਾਨੀਆਂ ਦੇ ਵੱਡੇ ਦੁਸ਼ਮਣ, ਟੋਰੀ ਪਾਰਟੀ ਦੇ ਐਮ. ਪੀ. ਐਚ. ਐਸ. ਸਟੀਵਨਜ਼ ਨੇ ਉਗਲਿਆ। ਹਸਨ ਰਹੀਮ ਤੇ ਫਿਟਜ਼ੈਰਲਡ ਦੋਵੇਂ ਹਿੰਦੁਸਤਾਨੀਆਂ ਦਾ ਪੱਖ ਦੱਸਣ ਦੇ ਇਰਾਦੇ ਨਾਲ ਹਾਲ ਵਿੱਚ ਪੁੱਜੇ ਹੋਏ ਸਨ। ਜਦੋਂ ਹਸਨ ਰਹੀਮ ਨੇ ਬਾਲਕੋਨੀ 'ਚੋਂ ਖੜੇ ਹੋ ਕੇ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦਾ ਪੱਖ ਦੱਸਣਾ ਚਾਹਿਆ ਤਾਂ ਪੁਲੀਸ ਵਾਲਿਆਂ ਨੇ ਉਸਨੂੰ ਬਾਲਕੋਨੀ 'ਚੋਂ ਥੱਲੇ ਸੁੱਟ ਦਿੱਤਾ। ਸੋਸ਼ਲਿਸਟ ਪਾਰਟੀ ਦੇ ਲੀਡਰ ਫਿਟਜ਼ੈਰਲਡ ਨੂੰ ਵੀ ਬੋਲਣ ਨਾ ਦਿੱਤਾ ਗਿਆ। ਨਸਲੀ ਗੁੰਡਿਆਂ ਨੇ ਉਸਦੀ ਟੋਪੀ ਲਾਹ ਕੇ ਵਗਾਹ ਮਾਰੀ ਅਤੇ ਉਸਨੂੰ ਹਟ ਹਟ ਕੇ ਮੁੱਕੇ ਅਤੇ ਠੁਡੇ ਮਾਰੇ।14 ਪੁਲੀਸ ਕੋਲ ਖੜੀ ਤਮਾਸ਼ਾ ਦੇਖਦੀ ਰਹੀ। ਮੀਟਿੰਗ ਦੇ ਅੰਤ ਤੇ ਐਲਡਰਮੈਨ ਵੁਡਸਾਈਡ ਨੇ ਮਤਾ ਰੱਖਿਆ ਕਿ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਜ਼ਲਦੀ ਤੋਂ ਜ਼ਲਦੀ ਡੀਪੋਰਟ ਕਰਨਾ ਚਾਹੀਦਾ ਹੈ ਤੇ ਏਸ਼ੀਅਨ ਲੋਕਾਂ ਲਈ ਇਮੀਗਰੇਸ਼ਨ ਬੰਦ ਹੋਣੀ ਚਾਹੀਦੀ ਹੈ। ਮਤੇ ਦੇ ਹੱਕ ਵਿੱਚ 2000 ਨਸਲੀ ਗੋਰਿਆਂ ਨੇ 4000 ਬਾਹਾਂ ਖੜੀਆਂ ਕੀਤੀਆਂ। ਜਦੋਂ ਮਤੇ ਦੇ ਵਿਰੁਧ ਬਾਹਾਂ ਖੜੀਆਂ ਕਰਵਾਈਆਂ ਗਈਆਂ ਤਾਂ ਹਾਲ ਵਿੱਚ ਫਿਟਜ਼ੈਰਲਡ ਦੇ ਥੋੜੇ ਜਿੰਨੇ ਸੋਸ਼ਲਿਸਟ ਸਾਥੀਆਂ ਨੇ ਬਾਹਾਂ ਉਤੇ ਚੁੱਕੀਆਂ ਹੋਈਆਂ ਸਨ।

ਇੰਡੋ-ਕੈਨੇਡੀਅਨ ਕਮਿਊਨਿਟੀ ਉਨ੍ਹਾਂ ਮਹਾਨ ਸੋਸ਼ਲਿਸਟਾਂ ਦੀ ਸਦਾ ਦੇਣਦਾਰ ਰਹੇਗੀ ਤੇ ਕਾਮਾਗਾਟਾ ਮਾਰੂ ਦੀ ਪਛੱਤਰਵੀਂ ਵਰ੍ਹੇ ਗੰਢ ਤੇ ਉਨ੍ਹਾਂ ਵਲੋਂ ਹਿੰਦੁਸਤਾਨੀ ਕਮਿਊਨਿਟੀ ਲਈ ਕੀਤੀਆਂ ਕੁਰਬਾਨੀਆਂ ਅੱਗੇ ਸਿਰ ਝੁਕਾਉਂਦੀ ਹੈ। ਇੰਡੋ-ਕੈਨੇਡੀਅਨ ਕਮਿਊਨਿਟੀ ਹਮੇਸ਼ਾਂ ਯਾਦ ਰਖੇਗੀ ਕਿ ਕਾਮਾਗਾਟਾ ਮਾਰੂ ਦੇ ਦਿਨਾਂ ਤੋਂ ਲੈ ਕੇ ਅੱਜ ਤੱਕ ਜਦ ਵੀ ਕਦੀ ਸਾਡੇ ਤੇ ਮੁਸੀਬਤ ਆਈ ਹੈ ਤਾਂ ਖੱਬੀ ਸਿਆਸਤ ਦੇ ਲੋਕ ਹੀ ਸਾਡੀ ਮੱਦਦ ਲਈ ਬਹੁੜੇ ਹਨ।

---

## ਹਵਾਲੇ

1 'ਦੀ ਹਿੰਦੁਸਤਾਨੀ ' ਅਖਬਾਰ, ਜਨਵਰੀ, 1914

2 ਘਾਟ (ੳ) ਮਈ, 1909, ਕਾਰਵਾਈ ਨੰਬਰ 13 ਸਫਾ36-37।

3 Dr. Hugh Johnston, The Voyage of the Komagata Maru, 1979, p. 11.

4 ਹਸਨ ਰਹੀਮ ਤੇ ਭਾਗ ਸਿੰਘ ਵਲੋਂ ਲਿਖਤੀ ਅਪੀਲ, ਕੇਸਰ ਸਿੰਘ ਵਲੋਂ ਦਿੱਤਾ ਹਵਾਲਾ, Canadian Sikhs (part 1) p. 146.

5 Memoirs of J Edward Bird , unpublished.

6 The Vancouver Sun, May, 20, 1989.

7 ਗੁਰਚਰਨ ਸਿੰਘ ਸਹਿੰਸਰਾ, ਗਦਰ ਪਾਰਟੀ ਦਾ ਇਤਿਹਾਸ, ਹਿਸਾ ਪਹਿਲਾ, ਸਫਾ 141.

8 ਡਾਕਟਰ ਜਸਵੰਤ ਸਿੰਘ ਜਸ, ਬਾਬਾ ਗੁਰਦਿੱਤ ਸਿੰਘ, ਸਫਾ 76।

9 Ted Ferguson, A White Man's Country, p. 46.

10 The Vancouver Sun, June 18, 1914.

11 Dr. Hugh Johnston, The Voyage of the Komagata Maru, 1979, p. 48.

12 Ted Ferguson, op.cit. p. 47.

13 ਐਡਵਰਡ ਬਰਡ ਦੀ 21 ਜੂਨ, 1914 ਨੂੰ ਵੈਨਕੂਵਰ 'ਚ ਕੀਤੀ ਸਪੀਚ।

14 Ted Ferguson, op. cit. pp 51-54.

---


# ਮਾਨ ਮਿਊਜ਼ਿਕ ਵੀਡੀਉ ਅਤੇ ਫੋਟੋ ਸਟੂਡੀਉ

ਦਾ ਨਵਾਂ ਸਟੋਰ ਪਾਬਲਾ ਟਰੇਡ ਸੈਂਟਰ ਵਿਚ ਖੁਲ੍ਹ ਗਿਆ ਹੈ। ਹਰ ਕਿਸਮ ਦੀਆਂ ਵੀਡੀਉ ਮੂਵੀਆਂ, ਗਾਣਿਆ ਦੀਆਂ ਟੇਪਾਂ, ਅਤੇ ਪਾਸਪੋਰਟ ਫੋਟੋਆਂ ਪੰਜ ਮਿੰਟ ਵਿਚ ਖਿਚਵਾਉਣ ਲਈ ਆਉ। ਸਾਡੇ ਕੋਲ ਹਰ ਕਿਸਮ ਦੀਆਂ ਪੰਜਾਬੀ ਦੀਆਂ ਕਿਤਾਬਾਂ ਵੀ ਮਿਲਦੀਆਂ ਹਨ।

**215-6569 Main St. Vancouver PH. 321-6667**

# ਆਪਣੇ ਲੋਕ



## ਸਕਾਈ ਟਰੇਨ

### - ਅਜਮੇਰ ਰੋਡੇ

"ਸਾਲੇ ਸਕਾਈ ਟਰੇਨਾਂ ਦੇ। ਅੱਗੇ ਜਿਵੇਂ ਗੱਡੀ ਨੀ ਵੇਖੀ ਹੁੰਦੀ। ਹੂੰ, ਕੱਠੇ ਈ ਲਾਟੀਕੀਨ ਦੇ ਪੁੱਤ ਬਣ ਜਾਂਦੇ ਐ ਕਨੇਡੇ ਆਕੇ। ਉੱਥੇ ਤਾਂ ਮੈਂ ਨੀ ਜਾਣਦਾ ਕਸ਼ਮੀਰ 'ਚ ਪਲੇ ਹੋਣੇ ਐ, ਸ਼ਰਮ ਨੀ ਔਂਦੀ ਕੰਜਰਾਂ ਨੂੰ ਹੁਣ ਚੱਬ ਚੱਬ ਕੇ ਗੱਲਾਂ ਕਰਦਿਆਂ ਨੂੰ"। ਪ੍ਰੇਮ ਸਿਹੁੰ ਨੂੰ ਆਪਣੇ ਪੁੱਤਾਂ 'ਤੇ ਬਹੁਤ ਗੁੱਸਾ ਚੜ੍ਹਿਆ ਹੋਇਆ ਸੀ।

"ਨਾ ਹੁਣ ਕੀ ਕਹਿੰਦੇ ਆ ਘਰ ਵੇਚ ਦੇਣੈ"? ਸੁੰਦਰ ਨੇ ਪ੍ਰੇਮ ਸਿਹੁ ਦੀ ਗੱਲ ਤੋੜਨ ਦੇ ਇਰਾਦੇ ਨਾਲ ਪੁੱਛਿਆ।

"ਹੋਰ ਪੁਆੜਾ ਕਾਹਦਾ ਐ। ਇਹ ਤਾਂ ਬਾਹਰ ਫੱਟਾ ਵੀ ਗੱਡੀ ਬੈਠੇ ਐ ਸੇਲ ਦਾ। ਕਾਹਲੇ ਐ ਵੇਚਣ ਨੂੰ। ਅਖੇ ਕਿਸੇ ਚੰਗੇ ਏਰੀਏ 'ਚ ਲੈਣੇ। ਐਥੋਂ ਦੀ ਸਕਾਈ ਟਰੇਨ ਜਾਣ ਲੱਗ ਪਈ ਐ, ਬਾਹਰ ਘਾਹ ਤੇ ਫਿਰਦਿਆਂ ਨੂੰ ਦਿਸਦੀ ਐ। ਲੈ, ਹੈ ਡਮਾਕ ਸਮਾਨ ਨੂੰ ਚੜ੍ਹੇ ਕਤੀੜ ਦੇ। ਹੋਰ ਤਾਂ ਹੋਰ ਆਹ ਸਾਡੇ ਤਾਂ ਵੱਡੇ ਦੀ ਤੀਵੀਂ ਨੀ ਮਾਨ। ਜਦੋਂ ਗੱਡੀ ਨੰਘੂ, ਨਕ ਜਿਹਾ ਚੜ੍ਹਾ ਕੇ ਮੂੰਹ ਪਾਸੇ ਨੂੰ ਕਰ ਲੂ। ਘੰਟਾ ਘੰਟਾ ਮੁੰਡੇ ਨਾਲ ਖਹਿਬੜਦੀ ਜਾਊ। ਅਖੇ ਸਕਾਈ ਟਰੇਨ 'ਚ ਬੈਠੇ ਲੋਕ ਘਰ ਵਲੀਂ ਝਾਕਦੇ ਐ, ਘਾ ਤੇ ਬੈਠ ਕੇ ਚਾਹ ਪਾਣੀ ਨੀ ਪੀ ਸਕਦੇ, ਕੋਈ ਪਰਾਈਵੇਸੀ ਨੀ ਰਹੀ। ਮੇਰਾ ਜੀਅ ਕਰਦੈ ਗੁੱਤੋਂ ਫੜ ਲਾਂ ਤੇ ਚਾਰ ਪੰਜ ਜੜ ਦਿਆਂ ਤੇ ਫੇਰ ਪੁੱਛਾਂ ਭੂਤਨੀ ਦੀਏ ਜਦੋਂ ਲੁਦੇਹਾਣੇ ਆਵਦੇ ਪੇਕਿਆਂ ਦੇ ਘਰ ਰਹਿੰਦੀ ਸੀ ਧੂਰੀ ਆਲੀ ਲੈਣ ਤੇ ਓਦੋਂ ਸਕਾਈ ਟਰੇਨ ਨੀ ਦਿਸਦੀ ਸੀ। ਉਹ ਧੂਰੀ ਆਲੀ ਨਾਲੇ ਸੌਹਰੇ ਦੀ ਟਰੇਨ ਸੀ ਕੋਈ। ਤੂਫਾਨ ਸੀ ਤੂਫਾਨ। ਮੂਹਰੇ ਕਾਲਾ ਧੂਤ ਇੰਵਣ, ਜੰਬੋ ਜੱਟ ਦਾ ਪਿਓ। ਧੂੜਾਂ ਪੱਟਦਾ ਆਉਂਦਾ ਸੀ। ਜਦੋਂ ਨੰਘਦਾ ਸੀ ਧਰਤੀ ਥਰ ਥਰ ਕੰਬਦੀ ਸੀ।"

"ਬਲੇ ਬੜੀ ਤਾਗਤ ਆ ਵਈ ਉਹਨਾਂ ਗੱਡੀਆਂ 'ਚ", ਸੁੰਦਰ ਨੇ ਰੌਂ 'ਚ ਆਕੇ ਪਰੇਮ ਸਿਹੁੰ ਦੀ ਗੱਲ 'ਚ ਗੱਲ ਰਲਾਈ। ਉਸਦੀ ਆਵਾਜ਼ ਫਲੂ ਹੋਣ ਕਰਕੇ ਭਾਰੀ ਸੀ।

"ਤਾਗਤ ਅਰਗੀ ਤਾਗਤ", ਪ੍ਰੇਮ ਸਿਹੁੰ ਨੇ ਸੁਭਾਵਕ ਹੀ ਆਪਣੀ ਦਾਹੜੀ ਤੇ ਹੱਥ ਫੇਰਦਿਆਂ ਆਖਿਆ। "ਮੈਂ ਤਾਂ ਇਕ ਵਾਰ ਵੱਡੀ ਦੇ ਪੇਕੀਂ ਰਾਤ ਕੱਟੀ ਸੀ। ਪਹਿਲੀ ਵਾਰ ਤਾਂ ਜਦੋਂ ਧੂਰੀ ਆਲੀ ਨੰਘੀ, ਮੈਂ ਭੜੱਕ ਕੇ ਉਠਿਆ। ਮੈਂ ਕਿਹਾ ਆ ਚੜ੍ਹੀ ਅਜ ਤਾਂ ਉਤੇ ਪਤਿਔਰੀ। ਮੁੜ ਕੇ ਘੰਟੇ ਪਿਛੋਂ ਜਾ ਕੇ ਕਿਤੇ ਨੀਂਦ ਆਈ ਤਾਂ ਫੇਰ ਆ ਗੀ ਬੜਕਾਂ ਮਾਰਦੀ। ਮੈਂ ਤਾਂ ਉਠ ਕੇ ਫੇਰ ਜਪਜੀ ਸਾਹਬ ਦਾ ਪਾਠ ਕਰਨ ਲੱਗ ਪਿਆ। ਤੇ ਆਹ ਸਾਡੀ ਵੱਡੀ ਦੇ ਘਰ ਆਲੇ... ਐਂ ਘੂਕ ਸੁੱਤੇ ਪਏ ਸੀ ਜਿਵੇਂ ਰੋਹੀਆਂ 'ਚ ਚਾਨਣੀ ਟਿਕੀ ਹੋਵੇ।"

"ਉਹਨਾਂ ਗੱਡੀਆਂ 'ਚ ਤਾਂ ਬਈ ਮਲੱਖ ਵੀ ਬਹੁਤ ਚੜ੍ਹਦੇ", ਹੁਣ ਤੱਕ ਗਲਾਸ ਫੜੀ ਚੁੱਪ ਬੈਠਾ ਕਰਮ ਸਿਹੁੰ ਬੋਲਿਆ। ਕਰਮ ਸਿੰਘ ਦਾ ਪਿੰਡ ਵੀ ਪਿਛੋਂ ਸੁੰਦਰ ਅਤੇ ਪਰੇਮ ਸਿਹੁੰ ਦੇ ਪਿੰਡਾਂ ਲਾਗੇ ਹੀ ਸੀ। ਉਹ ਬਾਕੀ ਦੋਹਾਂ ਨਾਲੋਂ ਜਰਾ ਪਹਿਲਾਂ ਦਾ ਕਨੇਡਾ ਆਇਆ ਹੋਇਆ ਸੀ ਪਰ ਤਿੰਨਾਂ ਦੀ ਬੋਲੀ ਅਤੇ ਗੱਲਬਾਤ ਦਾ ਢੰਗ ਇਕੋ ਜਿਹਾ ਸੀ।

"ਬੱਸ ਛੱਡ ਗੱਲ ਦੇਹ ਤੂੰ। ਹੇਠ ਉਤੇ ਤੂੜੀ ਆਂਙੂ ਭਰੀ ਹੁੰਦੀ ਐ। ਬਾਰੀਆਂ 'ਚ ਬਾਂਦਰਾਂ ਆਂਙੂ ਲਟਕਦੇ ਜਾਂਦੇ ਐ। ਬਾਹਰ ਕੋਈ ਦਾਤਣ ਕਰੀ ਜਾਂਦੈ, ਕੋਈ ਪਾਣੀ ਦੀ ਗੜਵੀ ਲਈ ਵਗਿਆ ਜਾਂਦੈ। ਕੋਈ ਅੰਗੀਠੀ ਭਖਾਈ ਜਾਂਦੈ...। ਤੇ ਐਥੇ ਆਹ ਗਿੱਠ ਗਿੱਠ ਦੇ ਸਾਲੇ ਚਾਰ ਕ ਡੱਬੇ ਨੰਘਦੇ ਐ ਰਕਸ਼ਿਆਂ ਵਰਗੇ... ਕਹਿੰਦੇ ਸਕਾਈ ਟਰੇਨ ਨੰਘਦੀ ਐ, ਸਾਡੀ ਪਰਾਈਵੇਸੀ ਨੀ ਰਹਿੰਦੀ...ਯੱਧੇ ਹੋਏ ਸਕਾਈ ਟਰੇਨਾਂ ਦੇ", ਪ੍ਰੇਮ ਸਿਹੁੰ ਨੂੰ ਗੱਲ ਕਰਦੇ ਨੂੰ ਫੇਰ ਗੁੱਸਾ ਆ ਗਿਆ।

"ਨਾ ਫੇਰ ਲੈ ਲੈਣ ਦੇ ਜਿਥੇ ਲੈਂਦੇ ਐ ਨਵਾਂ ਘਰ। ਤੇਰੇ ਐਥੇ ਕੀ ਕਿਲੇ ਗੱਡੇ ਐ। ਜਦੋਂ ਇਕ ਵਾਰ ਆਪਣਾ ਦੇਸ ਈ ਛੱਡ ਤਾ ਫੇਰ ਫਸੀ ਨੂੰ ਫਟਕਣ ਕੀ। ਐਥੇ ਕੀ ਤੇ ਓਥੇ ਕੀ। ਮੈਂ ਤਾਂ ਕਹਿਨਾ ਪ੍ਰੇਮ ਸਿਹਾਂ ਐਵੇਂ ਕੰਵਲ ਮਾਰਦੈਂ ਤੂੰ"। ਸੁੰਦਰ ਨੇ ਨੱਕ ਤੋਂ ਆਪਣੀ ਐਨਕ ਠੀਕ ਕਰਦਿਆਂ ਕਿਹਾ।

"ਓਏ ਐਂ ਤਾਂ ਕੋਈ ਨੀ, ਮੇਰੇ ਵਲੋਂ ਭਾਵੇਂ ਡੈਲਟੇ ਚਲੇ ਜਾਣ ਤੇ ਭਾਵੇਂ ਕਾਲੇ ਪਾਣੀ ਜਾ ਰਹਿਣ, ਆਪਾਂ ਨੂੰ ਤਾਂ ਦੋ ਡੰਗ ਰੋਟੀ ਚਾਹੀਦੀ ਐ ਤੇ ਉਹ, ਤੇਰੇ ਕੋਲ ਐਵੇਂ ਝੂਠ ਮਾਰੀਏ, ਦੋ ਡੰਗ ਮਿਲੀ ਜਾਂਦੀ ਐ। ਐਸ ਗਲੋਂ ਨੂੰਹ ਫਰਕ ਨੀ ਰੱਖਦੀ। ਪਰ ਘਰ ਬਦਲਣ ਨੂੰ ਬਹੁਤੀ ਕਾਹਲੀ ਐ। ਮੇਰਾ ਸੱਚੀ ਗਲ ਐ ਐਥੇ ਚਿੱਤ ਬਹੁਤ ਲੱਗਾ ਸੀ। ਕੱਲੀ ਰੋਟੀ ਪਾਣੀ ਨਾਲ ਤਾਂ ਨੀ ਬੰਦਾ ਜਿਉਂਦਾ ਯਾਰ। ਆਥਣ ਨੂੰ ਰੋਜ ਐਥੇ ਬਾਹਰ ਪਾਰਕ ਚਲੇ ਜਾਈਦੈ। ਓਥੇ ਆਪਣੇ ਅਰਗੇ ਹੋਰ ਵਥੇਰੇ ਹੁੰਦੇ ਐ। ਗੱਲਾਂ ਬਾਤਾਂ ਕਰਕੇ ਰੂਹ ਜਰਾ ਖੁਸ਼ ਹੋ ਜਾਂਦੀ ਐ। ਕਦੇ ਕਦਾਈਂ ਤਾਸ ਵੀ ਖੇਡ ਲਈਦੀ ਐ। ਟੈਮ ਚੰਗਾ ਪਾਸ ਹੋ ਜਾਂਦੈ। ਉਂ ਤਾਂ ਤੈਨੂੰ ਪਤੈ ਈ ਐ ਐਥੇ ਸਾਲਾ ਮੁਸ਼ਕਲ ਬਹੁਤ ਐ। ਘਰੇ ਤਾਂ ਐਨੇ ਜਿੱਚ ਰਹੀਦੈ ਬਸ ਪੁਛੋ ਕੁਸ਼ ਨਾ। ਮੁੰਡੇ ਕੁੜੀਆਂ ਆਵਦੇ ਕੰਮਾਂ ਕਾਰਾਂ 'ਚ ਤੁਰੇ ਫਿਰਦੇ ਐ, ਰਾਤ ਦਿਨ ਭਾਜੜ ਪਈ ਰਹਿੰਦੀ ਐ। ਜਦੋਂ ਘਰੇ ਹੁੰਦੇ ਐ ਬੋਤਲ ਖੋਲ ਕੇ ਬਹਿ ਜਾਂਦੇ ਐ ਆਪਣੇ ਯਾਰਾਂ ਬੇਲੀਆਂ ਨਾਲ। ਆਪਾਂ ਬੇਸਮਿੰਟ 'ਚ ਬੈਠੇ ਉਲੂਆਂ ਆਂਙੂ ਬਿਤਰ ਬਿਤਰ ਝਾਕੀ ਜਾਈਦੈ ਕੰਧਾਂ ਵੱਲ। ਜੇਲ੍ਹ ਤੋਂ ਭੈੜਾ ਕੰਮ ਐ, ਨਾ ਥੋਨੂੰ ਕੇਹੜਾ ਪਤਾ ਨੀ।" ਪ੍ਰੇਮ ਸਿਹੁੰ ਨੇ ਗਲ ਮੁਕਾ ਕੇ ਸਾਹ ਲਿਆ।

"ਸਿਆਣੇ ਬੰਦੇ ਦੀ ਕਦਰ ਹੈ ਨੀ ਐਸ ਮੁਲਕ ਵਿਚ। ਨਹੀਂ ਤਾਂ ਬੰਦੇ ਨੇ ਐਡੀ ਜਿੰਦਗੀ ਕਢੀ ਹੁੰਦੀ ਐ, ਐਨੇ ਅਤਰਾ ਚੜ੍ਹਾ ਵੇਖੇ ਹੁੰਦੇ ਐ, ਦੁਖ ਸੁਖ ਭੋਗੇ ਹੁੰਦੇ ਐ, ਤਰਾਂ ਤਰਾਂ ਦੇ ਬੰਦੇ ਨਾਲ ਵਾਹ ਪੈਂਦੈ, ਐਂ ਵੱਡੀ

ਉਮਰ 'ਚ ਆਕੇ ਭੁਲ ਤਾਂ ਨੀ ਜਾਂਦਾ ਬੰਦਾ। ਕੋਈ ਅੰਗ ਸਾਕ ਬਾਰੇ, ਕੋਈ ਘਰ ਬਾਰੇ ਸਲਾਹ ਮਸ਼ਵਰਾ ਦੇ ਸਕਦੈ, ਨਿਆਣਿਆਂ ਨੂੰ ਮੱਤ ਦੇ ਸਕਦੈ, ਹੋਰ ਨੀ ਤਾਂ ਬਾਤਾਂ ਈ ਸੁਣਾ ਸਕਦੈ, ਪਰ ਐਥੇ ਤਾਂ ਸਾਲਾ ਪੁਛਦਾ ਈ ਕੋਈ ਨੀ। ਚਿੱਬੇ ਡੱਬੇ ਆਂਡੂ ਖੂੰਜੇ ਮਾਰਦੇ ਆ ਚਲਾ ਕੇ।

"ਜੁਆਕ ਵੀ ਸਹੁਰੇ ਊਂ ਕਤਾਬਾਂ ਚੋਂ ਵੇਖ ਵੇਖ ਕੇ ਕਰੀ ਜਾਣਗੇ ਇੰਡੀਆ 'ਚ ਆਹ ਹੁੰਦੈ ਤੇ ਔਹ ਹੁੰਦੈ, ਸਾਡੇ ਨਾਲ ਆਕੇ ਗਲ ਨੀ ਕਰਦੇ ਜਿਨ੍ਹਾਂ ਨੇ ਸਾਰੀ ਜ਼ਿੰਦਗੀ ਉਥੇ ਕਢੀ ਐ।"

"ਗਲ ਤਾਂ ਕਰਮ ਸਿਹਾਂ ਤਾਂ ਕਰਨ ਜੇ ਉਹਨਾਂ ਨੂੰ ਪੰਜਾਬੀ ਦਾ ਕੋਈ ਅੱਖਰ ਔਂਦਾ ਹੋਵੇ ਜਾਂ ਤੂੰ ਅੰਗਰੇਜੀ ਦੀ ਐਮ ਏ ਪਾਸ ਕੀਤੀ ਹੋਵੇ।" ਕਰਮ ਸਿਹੁੰ ਨੇ ਔਖਿਆਈ ਜਿਹੀ ਮਹਿਸੂਸ ਕਰਦਿਆਂ ਆਪਣੀ ਕੱਟੀ ਦਾਹੜੀ ਵਿਚ ਉਂਗਲਾਂ ਫੇਰੀਆਂ ਪਰ ਸੁੰਦਰ ਦੀ ਗਲ ਦਾ ਕੋਈ ਜਵਾਬ ਨਾ ਦਿੱਤਾ।

"ਗਲ ਤਾਂ ਜਦੋਂ ਆਪਾਂ ਕੱਠੇ ਹੁੰਨੇ ਆਂ ਮੁੜ ਘਿੜ ਕੇ ਉਹੀ ਕਰਦੇ ਆਂ ਆਵਦੇ ਮੁਲਕ ਦੀ ਰੀਸ ਨੀ। ਆਵਦੀ ਧਰਤੀ ਦੀ ਕਦਰ ਬਾਹਰ ਆ ਕੇ ਈ ਪੈਂਦੀ ਐ। ਉਥੇ ਆਵਦੇ ਪਿੰਡ ਬੰਦਾ ਭਾਵੇਂ ਅਨਪੜ ਹੋਵੇ ਭਾਵੇਂ ਦਿਨ ਰਾਤ 'ਕੱਲਾ ਰਵੇ, ਅਕਦਾ ਨੀ ਸੀ। ਐਂ ਲਗਦਾ ਸੀ ਵੀਹਾਂ, ਛੱਪੜ, ਕੋਠੇ ਖੇਤ ਸਾਰੇ ਥੋਡੀ ਗਲ ਦਾ ਹੰਘਾਰਾ ਭਰਦੇ ਐ। ਕੁੱਤਾ ਭੌਂਕਦਾ ਸੀ ਤਾਂ ਆਪਣਾ ਜਿਹਾ ਲਗਦਾ ਸੀ। ਐਥੇ ਤਾਂ ਕੁੱਤੇ ਬਿਲੇ ਵੀ ਸਾਲੇ ਪੜ੍ਹੇ ਲਿਖੇ ਜੇ ਲਗਦੇ ਐ।" ਸੁੰਦਰ ਦੀ ਗਲ ਤੇ ਤਿੰਨੇ ਹਸ ਪਏ।

"ਚਲੋ ਜੇ ਐਥੇ ਵੀ ਮਾੜੀ ਮੋਟੀ ਥਾਂ ਹੋਵੇ ਕੱਠੇ ਹੋਣ ਨੂੰ ਤਾਂ ਝੱਟ ਲੰਘ ਸਕਦੈ ਪਰ ਐਸ ਗਲ ਵੱਲ ਧਿਆਨ ਈ ਨੀ ਕਿਸੇ ਦਾ। ਮੂੰਹੋਂ ਮੂਹੀਂ ਕਹੀ ਸਾਰੇ ਜਾਂਦੇ ਐ ਕੋਈ ਕਮੂਨਟੀ ਸੈਂਟਰ ਬਣਾ ਲੋ ਕੋਈ ਸਾਂਝਾ ਹਾਲ ਪਾ ਲੋ ਫਲਾਣਾ ਕਰ ਲੋ ਢਿਊਂਕਾ ਕਰ ਲੋ। ਕਤੀੜ ਖਾਨਾ ਕੱਠਾ ਹੋਇਆ ਐ। ਮੁੰਡੇ ਖੁੰਡੇ ਤਾਂ ਬਸ ਜਾਂ ਟੀ ਵੀ ਤੇ ਭਕਾਈ ਮਾਰੀ ਜਾਣ ਗੇ ਜਾਂ ਗੁਰਦੁਆਰੇ ਜਾ ਕੇ ਡਾਂਗਾ ਵਰ੍ਹਾਈ ਜਾਣਗੇ, ਕਰਨ ਕਰਾਉਣ ਨੂੰ ਕੁਸ਼ ਨੀ। ਇਹ ਨੀ ਸੋਚਣਾ ਵਈ ਆਵਦੇ ਮੁਲਕ ਦੇ ਸਿਆਣੇ ਆਦਮੀ ਸੜਕਾਂ ਤੇ ਠੇਡੇ ਖਾਂਦੇ ਫਿਰਦੇ ਐ, ਪਾਰਕਾਂ 'ਚ ਖੱਜਲ ਖੁਆਰ ਹੁੰਦੇ ਫਿਰਦੇ ਐ। ਬਈ ਸੌਹਰਿਓ ਕੁਸ਼

"ਚੰਗਾ ਪਰੇਮ ਸਿਹਾਂ ਅਸੀਂ ਤਾਂ ਚਲਦੇ ਆਂ ਫੇਰ", ਸੁੰਦਰ ਨੇ ਪ੍ਰੇਮ ਸਿਹੁੰ ਨੂੰ ਫੇਰ ਗੁਸਾ ਚੜਿਆ ਵੇਖ ਕੇ ਕਿਹਾ। ਉਸ ਨੂੰ ਪਤਾ ਸੀ ਗੁਸੇ ਦੇ ਰੌਂ 'ਚ ਪਰੇਮ ਸਿਹੁੰ ਨੇ ਸਕਾਈ ਟਰੇਨ ਛੱਡ ਕੇ ਕਮਿਊਨਿਟੀ ਸੈਂਟਰ ਮਗਰ ਪੈ ਜਾਣੈ ਤੇ ਗਲ ਲੰਮੀ ਹੋ ਜਾਣੀ ਐ। "ਚਲ ਵਈ ਕਰਮ ਸਿਹਾਂ ਉਠ ਲਾ ਕਾਰ ਨੂੰ ਚਾਬੀ"।

"ਨਾ ਬੈਠੋ ਯਾਰ ਐਡੀ ਛੇਤੀ ਕਿਥੇ ਜਾਣੈ, ਮੈਂ ਤਾਂ ਅਜੇ ਪੀਣ ਪਾਣ ਨੂੰ ਵੀ ਕੁਸ਼ ਨੀ ਪੁਛਿਆ, ਗਲਾਂ 'ਚ ਯਾਦ ਈ ਨੀ ਰਿਹਾ।"

"ਨਾ ਬਈ ਮਿੱਤਰਾ ਛੀ ਵਜ ਗੇ ਹੁਣ ਤਾਂ ਜਾਣਾ ਪੈਣਾ, ਮਿੰਦਰ ਗੱਡੀ ਅਡੀਕਦਾ ਹੋਊ। ਐਂ ਈ ਕਦੇ ਫੇਰ ਮਾਰਾਂਗੇ ਚੱਕਰ। ਚੰਗਾ ਫੇਰ..."

ਸੁੰਦਰ ਤੇ ਕਰਮ ਸਿਹੁੰ ਹੱਥ ਮਿਲਾ ਕੇ ਬਾਹਰ ਕਾਰ 'ਚ ਜਾ ਬੈਠੇ। ਕਾਰ ਪ੍ਰੇਮ ਸਿਹੁੰ ਦੇ ਵਿਹੰਦਿਆਂ ਵਿਹੰਦਿਆਂ ਅੱਖਾਂ ਤੋਂ ਉਹਲੇ ਹੋ ਗਈ। ਉਹਦੀ ਗਲ ਵਿਚਾਲੇ ਰਹਿ ਗਈ ਸੀ ਤੇ ਉਸਨੂੰ ਗੁੱਸਾ ਅਜੇ ਓਵੇਂ ਚੜ੍ਹਿਆ ਹੋਇਆ ਸੀ। ਇਕੱਲੇ ਦਾ ਘਰ ਬੈਠਣ ਨੂੰ ਜੀ ਨਾ ਕੀਤਾ। ਉਹ ਉਸੇ ਤਰਾਂ ਕਾਹਲੀ ਕਾਹਲੀ ਪਾਰਕ ਵਲ ਨੂੰ ਤੁਰ ਪਿਆ। ਉਸ ਨੂੰ ਕਦੇ ਸੁੰਦਰ ਤੇ ਕਦੇ ਕਰਮ ਸਿਹੁੰ ਨਾਲ ਕੀਤੀਆਂ ਗਲਾਂ ਦਾ ਖਿਆਲ ਆਉਂਦਾ ਕਦੇ ਪੁਰਾਣੀਆਂ ਦੇਸ ਦੀਆਂ ਗਲਾਂ ਦਾ। ਪਾਰਕ ਪੁਜਾ ਤਾਂ ਨਿਰਾਸ਼ ਹੋ ਗਿਆ। ਅਜ ਉਥੇ ਆਪਣਾ ਕੋਈ ਵੀ ਬੰਦਾ ਨਹੀਂ ਸੀ। ਉਸ ਨੇ ਅਕਾਰਣ ਹੀ ਘਾਹ ਤੇ ਪਏ ਇਕ ਖਾਕੀ ਲਿਫਾਫੇ ਤੇ ਸੱਜਾ ਪੈਰ ਮਾਰਿਆ ਜਿਵੇਂ ਕੋਈ ਬੱਚਾ ਗੇਂਦ ਨੂੰ ਕਿੱਕ ਮਾਰਦਾ ਹੈ। ਲਿਫਾਫੇ ਵਿਚ ਕੋਕ ਦਾ ਭਰਿਆ ਕੈਨ ਸੀ ਜੋ ਕਿੱਕ ਵੱਜਣ ਨਾਲ ਪਰ੍ਹਾਂ ਜਾ ਡਿਗਾ। ਪ੍ਰੇਮ ਸਿਹੁੰ ਦੇ ਸੱਜੇ ਅੰਗੂਠੇ ਚੋਂ ਚੀਸ ਨਿਕਲੀ। ਉਸ ਨੂੰ ਲੱਗਾ ਬੈਂਚਾਂ ਤੇ ਖੇਡਦੇ ਜੁਆਕ ਉਸ ਵਲ ਵੇਖ ਰਹੇ ਹਨ। ਉਹ ਉਸੇ ਤਰਾਂ ਦੁਖਦੇ ਅੰਗੂਠੇ ਨਾਲ ਵਾਪਸ ਮੁੜ ਪਿਆ ਤੇ ਹੌਲੀ ਹੌਲੀ ਘਰ ਆ ਗਿਆ। ਅੰਦਰ ਆ ਕੇ ਕਿਚਨ ਵਿਚੋਂ ਪਾਣੀ ਦਾ ਗਲਾਸ ਪੀਤਾ ਤੇ ਲਿਵਿੰਗ ਰੂਮ ਵਿਚ ਦੋ ਚਾਰ ਗੇੜੇ ਕਢੇ। ਦਰੀ ਤੇ ਪਏ ਅਖਬਾਰ ਨੂੰ ਚੁਕਿਆ ਤੇ ਪਾਸੇ ਰੱਖ ਦਿਤਾ। ਬੰਦਾ ਅਨਪੜ੍ਹ ਰਹਿਣ ਨਾਲੋਂ ਤਾਂ ਨਾ ਈ ਹੋਵੇ, ਉਸਦੇ ਮਨ ਵਿਚ ਖਿਆਲ ਆਇਆ।

ਟੀ ਵੀ ਲਾ ਲਿਆ ਪਰ ਸਾਰੀਆਂ ਚੈਨਲਾਂ ਤੇ ਅੰਗਰੇਜੀ ਸੀ। ਉਸਨੇ ਖਿੜ ਕੇ ਟੀ ਵੀ ਬੰਦ ਕਰ ਦਿਤਾ ਤੇ ਘੁਟਣ ਜਿਹੀ ਮਹਿਸੂਸ ਕਰ ਕੇ ਬਾਹਰ ਪਿਛਲੇ ਯਾਰਡ ਵਿਚ ਨਿਕਲ ਗਿਆ। ਅਜੇ ਬਾਹਰ ਨਿਕਲਿਆ ਈ ਸੀ ਕਿ ਉਧਰੋਂ ਸਕਾਈ ਟਰੇਨ ਆ ਗਈ।

"ਹੂੰ... ਯੱਧੇ ਸਕਾਈ ਟਰੇਨ ਦੇ", ਪ੍ਰੇਮ ਸਿਹੁੰ ਦੇ ਮੂਹੋਂ ਆਪ ਮੁਹਾਰੇ ਨਿਕਲ ਗਿਆ। ਸਕਾਈ ਟਰੇਨ ਦੇ ਤਿੰਨ ਕੁ ਡੱਬੇ ਵੇਖ ਕੇ ਉਸ ਦੇ ਬੁੱਲਾਂ ਤੇ ਮੁਸਕਾਨ ਆ ਗਈ ਤੇ ਫੇਰ ਉਚੀ ਉਚੀ ਹਾਸਾ ਨਿਕਲ ਗਿਆ। ਉਸ ਨੂੰ ਇਕ ਦਮ ਖਿਆਲ ਆਇਆ ਕਿ ਸਕਾਈ ਟਰੇਨ ਵਿਚ ਬੈਠੇ ਲੋਕ ਉਸ ਵਲ ਵੇਖ ਰਹੇ ਹਨ। ਉਸਨੂੰ ਸੰਗ ਆਈ। ਸਿਆਣਾ ਬਿਆਣਾ ਬੰਦਾ ਹੋ ਕੇ...। ਉਹ ਗੰਭੀਰ ਹੋ ਗਿਆ। ਵੱਡੀ ਨੂੰਹ ਠੀਕ ਈ ਕਹਿੰਦੀ ਐ... ਪਰਾਈਦੇਸੀ...। ਪਰ, ਪਾਰਕ ਤੇ ਆਪਣੇ ਲੋਕ...। ਕੀ ਠੀਕ ਸੀ ਕੀ ਗਲਤ, ਉਹ ਸੋਚਦਾ ਸੋਚਦਾ ਅੰਦਰ ਸੋਫੇ ਤੇ ਆ ਕੇ ਬਹਿ ਗਿਆ ਤੇ ਝੁਕੇ ਸਿਰ ਨੂੰ ਦੋਹਾਂ ਹੱਥਾਂ ਨਾਲ ਦਬਾ ਲਿਆ। ਮਨ ਭਰ ਆਇਆ। ਉਸ ਨੇ ਹੰਝੂ ਲੁਕਾਣ ਲਈ ਅੱਖਾਂ ਕਾਹਲੀ ਕਾਹਲੀ ਝਮਕੀਆਂ ਜਿਵੇਂ ਕਿ ਉਹ ਅਕਸਰ ਕਰਦਾ ਹੁੰਦਾ ਸੀ।

"ਪਰ ਹੁਣ ਤਾਂ ਆਲੇ ਦੁਆਲੇ ਵੇਖਣ ਵਾਲਾ ਵੀ ਕੋਈ ਨੀ", ਇਹ ਖਿਆਲ ਆਉਂਦਿਆਂ ਹੀ ਇਕ ਮੋਟਾ ਹੰਝੂ ਉਸ ਦੇ ਸੱਜੇ ਪੈਰ ਦੇ ਅੰਗੂਠੇ ਤੇ ਡਿਗ ਪਿਆ।

(ਵੈਨਕੂਵਰ ਦੇ ਉਸ ਬਜੁਰਗ ਦੇ ਨਾਮ ਜੋ ਫੇਰ ਕਦੇ ਨਾ ਮਿਲਿਆ)



## ਜਦੋਂ ਅੱਗ ਵਰ੍ਹਦੀ ਏ

ਹਰਜਿੰਦਰ ਸਿੱਧੂ

ਇਤਿਹਾਸ ਦੇ ਸੂਹੇ ਪੰਨੇ ਦੇਖ ਵੀ
ਗਾਫ਼ਲ ਕਿਉਂ ਅੰਜ਼ਾਮ ਤੋਂ,
ਤੂੰ ਹੀ ਨਹੀਂ, ਮੈਂ ਹੀ ਨਹੀ,
ਇਸ ਜਨੂੰਨ ਦੀ ਕਾਂਗ ਵਿਚ
ਖੁਦਾਈ ਵੀ ਹੜ੍ਹਦੀ ਏ।
ਹੋਵਣ ਸੁੰਨੇ ਵਿਹੜੇ ਤੇ ਡਿਉੜੀਆਂ
ਅੱਧ-ਰਾਹਾਂ ਤੇ ਭੱਜਦੇ ਕੁੱਜਿਆਂ ਦੀ ਤਾਲ ਤੇ
ਜਦ ਸਿਵਿਆਂ ਦੀ ਧੁੱਪ ਨਾਚ ਕਰਦੀ ਏ।
ਇਸ ਤਰ੍ਹਾਂ ਹੀ ਹੁੰਦਾ ਹੈ
ਜਦ ਫਿਰਕੂ ਅੱਗ ਵਰ੍ਹਦੀ ਏ।

ਰੋਜ਼ ਹੀ ਧੂਣੀ ਧੁੱਖਦੀ ਹੈ
ਲਾਸ਼ਾਂ ਦੀਆਂ ਹੋਲ੍ਹਾਂ ਕਰਦੇ ਲੋਕ
ਸੰਗੀਆਂ ਦੇ ਫੁੱਲ ਚੁਗਦੇ ਲੋਕ
ਕੂੰਜਾਂ ਵਾਂਗਰ ਬੈਠੇ ਲੋਕ।
ਸਹਿਮੇ ਸਹਿਮੇ ਫਿਰਦੇ ਗਲੀਆਂ ਵਿਚ
ਬਸ ਹੱਡ-ਮਾਸ ਦੇ ਬੁੱਤ
ਮਰਨ ਪਿਆਸੇ ਮਗਰ
ਹੈ ਖੂਹੀ ਦੇ ਮੋਣ ਤੇ ਘਿਰਲਾ ਧੁੱਪ।
ਭਰੂਟ ਲੈਣ ਰੁੱਖਾਂ ਦੇ ਪੱਤਰ
ਜਦ ਪੌਣ ਸਰਕਦੀ ਅਵਾਜ ਕਰਦੀ ਏ।

ਹਰ ਸ਼ਾਮ ਸੰਨਾਟਾ ਛਾਉਂਦਾ ਹੈ
ਆਪਣੇ ਹੀ ਹੱਥਾਂ ਤੋਂ ਖੋਟ ਆਉਂਦਾ ਹੈ
ਛੱਪਰ ਹੇਠ ਖੋਰੀ ਤੇ ਬੈਠਾ
ਕਤੂਰਾ ਹੈ ਚੂੰਕਦਾ
ਜਾਂ ਫਿਰ ਲੰਘ ਜਾਏ ਚੱਮਗਿਦੜ ਕੋਈ ਸ਼ੂਕਦਾ
ਰਾਤ ਪੰਛੀ ਵੀ ਨਾ ਰੋਏ
ਵਰਮੀ ਤੋਂ ਬਾਹਰ ਨਾਗ ਤੇ
ਬਸ ਟਟੀਰੀ ਕਰਦੀ ਹੈ ਰੁਦਨ
ਅੱਧੀ ਰਾਤ ਨੂੰ ਇਕ ਠਾਹ ਦੀ ਅਵਾਜ਼ ਤੇ
ਫਿਰ ਸੰਨਾਟੇ ਨੂੰ ਚੀਰਦੀ ਚੀਕ ਸੁਣ
ਖਲਕਤ ਬਸ ਹਉਕਾ ਭਰਦੀ ਏ।

ਫਿਰ ਵਾਰਸ ਨਾ ਬਣੇ ਕੋਈ
ਜ਼ਰਦ ਜਿਹੀ ਲਾਸ਼ ਦਾ
ਟੋਇਆਂ ਵਿਚ ਰੁਲਦਾ ਹੈ
ਲੋਥੜਾ ਕੋਈ ਮਾਸ ਦਾ
ਸੜਦੇ ਮੀਨਾਰ ਹੇਠ ਕੁੱਲੀ ਵੀ ਸੜਦੀ ਏ
ਚੂੰਕਦੀ ਹੋਈ ਚਿੜੀ ਫਰੋਲ੍ਹ ਢਾਰੇ ਦੀ ਸੁਆਹ
ਫਿਰ ਚੋਗਾ ਲੱਭਦੀ ਏ।
ਇਹੋ ਹੀ ਹੁੰਦਾ ਏ ਜਦ ਫਿਰਕੂ ਅੱਗ ਵਰ੍ਹਦੀ ਏ।

## ਸ਼ਿਕਵਾ

ਦਰਸ਼ਨ ਗਿੱਲ

ਰਹੇ ਪੂਜਦੇ ਸਾਂ ਜਿਨ੍ਹਾਂ ਨੂੰ ਸਿਤਾਰਿਆਂ ਦੇ ਵਾਂਗ।
ਉਹ ਤਾਂ ਖੁਰ ਚੱਲੇ ਮਿੱਟੀ ਦੇ ਕਿਨਾਰਿਆਂ ਦੇ ਵਾਂਗ।

ਜਿਨ੍ਹਾਂ ਵੱਲ ਤੱਕ ਅਸਾਂ ਮਹਿਲ ਸੀ ਉਸਾਰੇ,
ਉਹ ਤਾਂ ਢਹਿ ਚੱਲੇ ਕੱਚਿਆਂ ਮੁਨਾਰਿਆਂ ਦੇ ਵਾਂਗ।

ਘੁੱਗੀਆਂ ਨੂੰ ਜਿਨ੍ਹਾਂ ਨੇ ਸੀ ਬਾਜ਼ ਤਾਂ ਬਨਾਉਣਾ,
ਉਹ ਤਾਂ ਟੁੱਟ ਗਏ ਪੀਂਘ ਦੇ ਹੁਲਾਰਿਆਂ ਦੇ ਵਾਂਗ।

ਜਿਹੜੇ ਸੂਰਜਾਂ ਨੇ ਵੰਡਣੀ ਸੀ ਮੁੱਠ ਮੁੱਠ ਚਾਨਣੀ ਦੀ,
ਅੰਬਰਾਂ 'ਚ ਮਿਟ ਗਏ ਤਾਰਿਆਂ ਦੇ ਵਾਂਗ।

ਸਾਡੇ ਜਿਉਂਦਿਆਂ ਹੀ ਇਹ ਤਾਂ ਸਾਡੀ ਰਾਖ ਉੱਡ ਚੱਲੀ,
ਬਾਜ਼ੀ ਜਿੱਤ ਕੇ ਵੀ ਬੈਠ ਗਏ ਹਾਂ ਹਾਰਿਆਂ ਦੇ ਵਾਂਗ।

## ਗਜ਼ਲ

ਕਸ਼ਮੀਰਾ ਸਿੰਘ 'ਚਮਨ'

ਕਰਦਾ ਨਹੀਂ ਹੈ ਮਿਹਨਤ ਸ਼ਾਇਰ, ਜੋ ਸ਼ਿਅਰ ਉਤੇ।
ਰੁਲਦੀ ਹੈ ਉਸਦੀ ਕਵਿਤਾ ਕੂੜੇ ਦੇ ਢੇਰ ਉੱਤੇ।
ਮਹਿਲਾਂ ਨੂੰ ਖੁਸ਼ ਕਰੇ ਜੋ ਆਪਣਾ ਹੀ ਘਰ ਜਲਾ ਕੇ
ਆਉਂਦਾ ਹੈ ਤਰਸ ਮੈਨੂੰ ਐਸੇ ਦਲੇਰ ਉੱਤੇ।
ਪੰਛੀ ਅਨੇਕ ਜੱਗ ਤੇ ਹਮਰਾਹੀ ਸੂਰਜਾਂ ਦੇ
ਉੱਲੂ ਨੂੰ ਹੈ ਸ਼ਿਕਾਇਤ ਚੜ੍ਹਦੀ ਸਵੇਰ ਉੱਤੇ।
ਕਹਿੰਦੇ ਜੋ ਲੋਕ ਮੈਨੂੰ ਹੈ ਪਰਮਪਰਾ ਦਾ ਆਦੀ
ਮਰਦੇ ਨੇ ਉਹ ਹਮੇਸ਼ਾਂ ਮੇਰੇ ਹੀ ਸ਼ਿਅਰ ਉੱਤੇ।
ਸਿਰਜੇਗਾ ਕੀ ਭਲਾ ਉਹ ਦੱਸ ਯੋਗੀਆਂ ਦੀ ਦੁਨੀਆਂ
ਚੜ੍ਹਕੇ ਨਾ ਵੇਖਿਆ ਜਿਸ ਪਰਬਤ ਸੁਮੇਰ ਉੱਤੇ।
ਪਰਖੇ ਗਏ ਚਮਨ ਜੀ ਅੱਜ ਸਬਰ ਦੇ ਪੁਜਾਰੀ
ਆਪੇ ਤੋਂ ਬਾਹਰ ਡਿੱਠੇ ਥੋਹੜੀ ਸੀ ਦੇਰ ਉੱਤੇ।




**BUY.... FINANCE.... LEASE....**
**IT'S YOUR CHOICE**

ਆਪਣੇ ਮਨਪਸੰਦ ਦੀ ਛੋਟੀ ਕਾਰ ਤੋਂ ਲੈ ਕੇ ਵੱਡੀ ਕਾਰ, ਵੈਨ ਜਾਂ ਪਿਕ ਅੱਪ ਖਰੀਦਣ ਜਾਂ ਟਰੇਡ ਕਰਨ ਲਈ ਜਾਂ ਸਲਾਹ ਮਸ਼ਵਰੇ ਲਈ ਆਪਣੀ ਕਮਿਊਨਟੀ ਦੇ ਜਾਣੇ ਪਹਿਚਾਣੇ ਸੇਲਜ਼ਮੈਨ ਕਮਲਜੀਤ ਜੌਹਲ

ਨੂੰ ਫੋਨ ਕਰੋ ਜਾਂ ਮਿਲੋ।

**Kamaljit (Kam) Johal**
Pager: 735-1035 Res. : 591-3736

ED KLASSEN GM
Pontiac Buick GMC Ltd.
6280 Scott Rd. Surrey • Call 594-2277

# ਤੂਤਕ ਤੂਤਕ ਤੂਤੀਆਂ:

-ਸਾਧੂ

ਇਕ ਦਿਨ ਬੜੇ ਤਪਾਕ ਨਾਲ ਹੱਥ ਮਿਲਾ ਕੇ ਇਕ ਪਾਠਕ ਕਹਿਣ ਲੱਗਾ, "ਪਰਚਾ ਬੜਾ ਵਧੀਆ ਕੱਢਿਆ ਤੁਹੀਂ"।

"ਸ਼ੁਕਰੀਆ ਜੀ, ਤੁਹਾਨੂੰ ਕਿਹੜੀ ਚੀਜ਼ ਜ਼ਿਆਦਾ ਪਸੰਦ ਆਈ"?

"ਬਈ ਮੈਂ ਵਾਹਲਾ ਧਿਆਨ ਨਾਲ ਤਾਂ ਪੜਿਆ ਨਈ। ਹਾਂ ਜਦੋਂ ਮੈਂ ਤੂਤਕ ਤੂਤਕ ਤੂਤੀਆਂ ਦੇਖੀਆਂ ਤੇ ਨਾਲ ਉਹ ਸੁਰਖੀਆਂ, ਮੈਂ ਤਾਂ ਭੱਜ ਕੇ ਪਿਆ, ਮੈਂ ਕਿਹਾ ਦੇਖੀਏ ਬਈ ਇਹ ਕੀ ਲਿਖ ਤਾ ਇਹਨੀ"।

"ਅੱਛਾ ਜੀ ਫੇਰ ਪੜ੍ਹਿਆ ਤੁਸੀਂ ਉਹ ਸਾਰਾ"?

"ਬੜੀ ਅਜੀਬ ਜਿਹੀ ਗੱਲ ਕੀਤੀ ਆ, ਅਹੀਂ ਵੀ ਸਾਹਿਤਕ ਸ਼ੌਕ ਰੱਖਣ ਆਲੇ ਬੰਦੇ ਆਂ। ਯਾਰ ਹਿਸਟਰੀ ਦੀ ਐਮ.ਏ. ਕੀਤੀ ਆ "।

"ਕਿਵੇਂ ਲੱਗੀ ਫੇਰ ਗੱਲ ਤੁਹਾਨੂੰ"?

"ਹਾਂ . ਵਿਚੋਂ . ਵੀ . ਠੀਕ . ਈ ਸੀ, ਸੀਰੀਅਸ ਜਿਹੀ ਗੱਲ। ਆਹ ਦੂਜੇ ਪਰਚੇ ਤਾਂ ਬੜਾ ਗੰਦ ਪਾਉਂਦੇ ਆ। ਮੈਂ ਹਰ ਹਫਤੇ ਅੱਖਰ ਅੱਖਰ ਪੜਦਾਂ ਉਹਨਾਂ ਦਾ, ਬੱਸ ਪੂਰਾ ਗੰਦ ਹੁੰਦਾ ਜੀ। . ਨਈ! ਚਾਹੀਦਾ ਯਾਰ ਆਪਣੀ ਬੋਲੀ ਲਈ ਕੁਝ ਸੋਚਣਾ। ਮੈਂ ਤਾਂ ਆਪ ਅਕਸਰ ਇਹਦੇ ਬਾਰੇ ਸੋਚਦਾ ਰਹਿੰਨਾ, ਪਈ ਬੋਲੀ ਲਈ ਕੁਛ ਕਰਨਾ ਚਾਹੀਦਾ।"

"ਬੜੀ ਖੁਸ਼ੀ ਹੋਈ ਜੀ ਤੁਹਾਡੇ ਖਿਆਲ ਜਾਣ ਕੇ। ਤੁਸੀਂ ਫੇਰ ਸਾਨੂੰ ਪਰਚੇ ਲਈ ਚੰਦਾ ਈ ਦੇ ਦੇਵੋ"।

"ਲੈ ਚੰਦੇ ਦੀ ਕਿਹੜੀ ਗੱਲ ਆ। ਮੈਂ ਨਾ ਅਗਲੀ ਵੀਕੇ ਚਿਕ ਭੇਜ ਦੇਊਂਗਾ"।

"ਚਿਕ ਕਿਥੇ ਆਪਾਂ ਤੇ ਭੇਜ ਹੁੰਦੀ ਆ ਜੀ , ਤੁਸੀਂ ਹੁਣ ਈ ਦੇ ਦੇਵੋ"।

"ਲੈ ਹੁਣ ਕਹੋਗੇ ਬਈ ਝੂਠ ਬੋਲਦਾ। ਮੈਂ ਨਾ ਹੁਣੇ ਈ ਸੇਫਵੇ ਸਟੋਰ 'ਚੋਂ ਪਲਾਸਟਕ ਦੇ ਫੁੱਲ ਖਰੀਦ ਕੇ ਲਿਆਇਆ ਘਰ ਰੱਖਣ ਲਈ - ਬਹੁਤ ਵਧੀਆ ਰਹਿੰਦੇ ਆ, ਨਾ ਪਾਣੀ ਪਾਉਣ ਦੀ ਲੋੜ ਨਾ ਟੁੱਟੇ ਪੱਤੇ ਚੱਕਣ ਦੀ - ਕੈਸ਼ ਜਿਹੜੇ ਕੋਲ ਸੀ ਉਥੇ ਲੱਗ ਗਏ। ਯਕੀਨ ਰੱਖੋ ਮੈਂ ਚੰਦਾ ਭੇਜ ਦਊਂ। ਤੁਸੀਂ ਤਾਂ ਪੈਸਿਆ ਦੀ ਗੱਲ ਕਰਦੇ ਓਂ, ਮੈਂ ਤਾਂ ਯਾਰ ਤੁਹਾਡੇ ਨਾਲ ਕੰਮ ਕਰਾਉਣ ਨੂੰ ਤਿਆਰ ਆਂ। ਕੋਈ ਕੰਮ ਹੋਇਆ ਤਾਂ ਦੱਸਿਓ"।

"ਹਾਂ ਵੈਸੇ ਮੱਦਦ ਦੀ ਤਾਂ ਹਰ ਵੇਲੇ ਲੋੜ ਰਹਿੰਦੀ ਆ। ਤੁਸੀਂ ਕੱਲ ਸ਼ਾਮ ਨੂੰ ਥੋੜ੍ਹਾ ਸਮਾਂ ਦਿਓ ਸਾਨੂੰ ਕੁਝ ਮੱਦਦ ਦੀ ਲੋੜ ਹੈ"।

"ਲੈ ਲੈ ਜਰੂਰ। ਪਰ ... ਕੱਲ ਨੂੰ! ਨਈ ਯਾਰ ਸੂਤ ਆਉਣਾ"।

"ਕਾਫੀ ਬਿਜ਼ੀ ਓਂ"?

"ਕੱਲ ਨੂੰ ਤਾਂ ਆਪਣੀ ਕਾਰ ਧੁਆਉਣ ਜਾਣਾ ਮੈਂ"।

"ਸੈਚਰਡੇ ਸਵੇਰੇ ਕੀ ਖਿਆਲ ਆ"?

"ਸੈਚਰਡੇ ਸਵੇਰੇ ... ਵੀ ਅਸੀਂ ਬਿਜ਼ੀ ਜਿਹੇ ਆਂ। ਵੈਫ ਕਹਿੰਦੀ ਸੀ ਵਿਆਹ ਦਾ ਕਾਰਡ ਆਇਆ ਆ"।

"ਵਿਆਹ ਤਾਂ ਫੇਰ ਜਾਣਾ ਈ ਪੈਂਦਾ ਆ ਜੀ। ਕੋਈ ਫੈਮਲੀ 'ਚ ਵਿਆਹ ਹੋਣਾ"?

"ਹਾਂ ਜੀ ਉਹ ਸਾਡੀ ਬੇਸਮਿੰਟ 'ਚ ਰਹਿੰਦਾ ਆ ਨਾ ਮੁੰਡਾ, ਉਹਦੇ ਮਾਮੇ ਦੇ ਚਾਚੇ ਦੇ ਭਾਣਜੇ ਦੇ ਜੁਆਈ ਦੀ ਮਾਸੀ ਦੀ ਕੁੜੀ ਦੀ ਨਨਾਣ ਦੇ ਪਤਿਆਰੇ ਦੀ ਦੋਹਤੀ ਦਾ ਵਿਆਹ ਆ"।

"ਚਲੋ ਕੋਈ ਨਈ ਜੀ ਸਾਰਿਆਂ ਦੀਆਂ ਦੋਹਤੀਆਂ ਆਪਣੀਆਂ ਈ ਹੁੰਦੀਆਂ। ਤੁਸੀਂ ਸੰਡੇ ਦੇਖ ਲਿਓ ਵਕਤ ਹੋਇਆ ਤਾਂ"।

"ਹਾਂ ਸੰਡੇ ਠੀਕ ਆ! ਪਰ ਨਈ ਯਾਰ, ਸੰਡੇ ਵੀ ਨਈ ਸੂਤ ਆਉਣਾ। ਉਹ ਸਾਡੇ ਨਾ ਪਿੰਡੋਂ ਕੁੜੀ ਆ ਇਥੇ, ਹੈਗੀ ਤਾਂ ਦੂਜੇ ਪਾਸੇ ਦੀ ਪਰ ਫੇਰ ਵੀ ਪਿੰਡ ਦੀ ਕੁੜੀ ਆ, ਉਹਨਾਂ ਦੇ ਅਗਲੀ ਵੀਕੇ ਖੰਡਪਾਠ ਆ, ਤਾਂ ਸੰਡੇ ਨੂੰ ਉਹਦੇ ਲਈ ਗਰੋਸਰੀ ਲੈਣ ਜਾਣਾ। ਪਰ ਤੁਸੀਂ ਫਿਕਰ ਨਾ ਕਰੋ ਜਦੋਂ ਟੈਮ ਲੱਗਾ ਮੈਂ ਆਪ ਈ ਫੋਨ ਕਰਕੇ ਆ ਜਾਊਂਗਾ ਨਾਲੇ ਤੁਹਾਨੂੰ ਚੰਦਾ ਵੀ ਦੇ ਦਊਂ। ਮੈਂ ਤਾਂ ਯਾਰ ਆਪ ਚਾਹੁੰਨਾ ਪਈ ਆਪਣੀ ਬੋਲੀ ਦੀ ਤਰੱਕੀ ਹੋਵੇ"।

ਜ਼ਾਹਰਾ ਤੌਰ 'ਤੇ ਉਪਰਲੀ ਵਾਰਤਾਲਾਪ ਵਿਚਲਾ 'ਪਾਠਕ' ਪਾਤਰ ਮਨਘੜਤ ਹੈ। ਅਕਸਰ ਬਹੁਤੇ ਲੋਕ ਇਹੋ ਜਿਹੇ ਨਹੀਂ ਹੁੰਦੇ ਤੇ ਇਹ ਖੁਸ਼ੀ ਵਾਲੀ ਗੱਲ ਵੀ ਹੈ। ਪਰ ਉਦਾਸੀ ਵਾਲੀ ਗੱਲ ਇਹ ਹੈ ਕਿ ਇਸ ਪਾਤਰ ਵਿਚਲੀਆਂ ਕੁਝ ਇਕ ਗੱਲਾਂ ਸਾਡੇ ਸੱਭ ਵਿਚ ਕਿਸੇ ਨਾ ਕਿਸੇ ਰੂਪ ਵਿਚ ਹੁੰਦੀਆਂ ਹਨ ਭਾਵੇਂ ਛੁਪਵੀਆਂ ਹੀ ਹੋਣ। ਸਾਡੇ ਸਾਰਿਆਂ ਵਿਚ ਇਹਨਾਂ ਦਾ ਹੋਣਾ ਹੀ ਦਰਅਸਲ ਸਾਨੂੰ ਚੰਗੇ ਭਲਿਆਂ ਨੂੰ ਨਿਕੰਮੇ ਬਣਾ ਰੱਖਦਾ ਹੈ ਤੇ ਸਾਡੇ ਬਹੁਤ ਸਾਰੇ ਨਿਘਾਰਾਂ ਲਈ ਜਿੰਮੇਵਾਰ ਵੀ ਹੈ।

---------------------

## ਵਤਨ ਦੇ ਨਵੇਂ ਪਾਠਕਾਂ ਦੀ ਨਜ਼ਰ ਵਿੱਚ:

ਨਵੇਂ ਪਾਠਕ ਜੀ ਅਸੀਂ ਤੁਹਾਨੂੰ ਜੀ ਆਇਆ ਆਖਦੇ ਆਂ। ਹਾਂ ਹਾਂ ਜਨਾਬ, ਤੁਸੀਂ ਹੀ ਪਾਠਕ ਹੋ। ਜਿਹੜਾ ਬੰਦਾ ਪਰਚਾ ਚੱਕ ਕੇ ਪੜ੍ਹਣ ਲੱਗ ਪਿਆ ਉਹੀ ਪਾਠਕ ਹੁੰਦਾ ਆ ਨਾ। ਹੋਰ ਕਿਤੇ ਪਾਠਕ ਬਣਨ ਲਈ ਪੰਜ ਰੁਪਈਏ ਤੇ ਪੱਗ ਭੇਟ ਕਰਨ ਦੀ ਲੋੜ ਹੁੰਦੀ ਆ? ਹਾਂ ਹੁਣ ਜਦ ਤੁਸੀਂ ਪਾਠਕ ਬਣ ਹੀ ਗਏ ਹੋ ਤਾਂ ਅਸੀਂ ਚਾਹਾਂਗੇ ਕਿ ਤੁਸੀਂ ਪੂਰਾ ਪਰਚਾ ਪੜ੍ਹ ਕੇ ਸਾਨੂੰ ਆਪਣੇ ਵਿਚਾਰ ਲਿਖੋ ਤੇ ਨਾਲ ਈ ਚੰਦਾ ਭੇਜੋ। ਤੇ ਜੇ ਤੁਸੀਂ ਸਾਡੇ ਪਰਚੇ ਦੇ ੪੯,੯੯੯ ਤੋਂ ਅਗਲੇ ਪਾਠਕ ਹੋਏ ਜਾਣੀ ਕਿ ਜੇ ਤੁਹਾਡਾ ਚੰਦਾ ੫੦,੦੦੦ ਨੰਬਰ ਤੇ ਆਇਆ ਤਾਂ ਅਸੀਂ ਤੁਹਾਨੂੰ ਕੋਈ ਬਹੁਤ ਹੀ ਵਧੀਆ ਕਾਰ ਜੈਗੁਆਰ ਵਗੈਰਾ, ਜਾਂ ਘੱਟੋ ਘੱਟ ਹਵਾਈ ਵਗੈਰਾ ਦੀਆਂ ਦੋ ਚਾਰ, ਜਾਂ ਵੱਧ ਵੀ, ਟਿਕਟਾਂ ਦੇਣੀਆਂ ਚਾਹਾਂਗੇ - ਬੱਸ ਖੁਸ਼ੀ ਵਜੋਂ। ਪਰ ਅਜੇ ਕਾਰਾਂ ਦੀਆਂ ਜਾਂ ਹਵਾਈ ਦੇ ਨਜ਼ਾਰਿਆਂ ਦੀਆਂ ਵਧੀਆ ਕਾਗਜ਼ 'ਤੇ ਛਪੀਆਂ ਤਸਵੀਰਾਂ (ਜਾਣੀ ਕਿ ਨਵੇਂ ਵਰੇ ਦਾ ਕੈਲੰਡਰ) ਦੇਣ ਜੋਗੀ ਵੀ ਹਿੰਮਤ ਨਹੀ। ਸੋ ਭਾਈ ਜੇ ਤੁਸੀਂ ਆਪਣੇ ਵਿਚਾਰ ਤੇ ਚੰਦਾ ਭੇਜੋ ਤਾਂ ਬਿਨ੍ਹਾਂ ਕਿਸੇ ਇਨਾਮ ਦੀ ਆਸ ਤੇ ਭੇਜਿਓ। ਪਰ ਇਨਾਮ ਤੋਂ ਬਿਨ੍ਹਾਂ ਤੁਸੀਂ ਕੁਝ ਕਰ ਸਕੋਗੇ ਅਜ ਕਲ? ਇਹਦਾ ਫੈਸਲਾ ਤੁਹਾਡੇ ਤੇ ਹੀ ਛੱਡਦੇ ਹਾਂ।

ਸਥਾਈ ਕਾਲਮ:




## ਡਾਕਟਰ ਰਾਜਪਾਲ ਸਿੰਘ

(ਡਾਕਟਰ ਰਾਜਪਾਲ ਸਿੰਘ ਅੰਮ੍ਰਿਤਸਰ ਤੋਂ ਐਮ ਏ ਦੀ ਡਿਗਰੀ ਕਰਨ ਬਾਅਦ ਭਾਰਤ ਦੀਆਂ ਕਈ ਯੂਨੀਵਰਸਿਟੀ ਵਿੱਚ ਪੜ੍ਹੇ ਹਨ। ਡਾਕਟਰੇਟ ਦੇ ਦੌਰਾਨ ਕੀਤੀ ਇਹਨਾਂ ਦੀ ਖੋਜ 'ਚਿੰਤਾ ਦਾ ਮਨੁੱਖੀ ਯਾਦਆਸ਼ਤ ਤੇ ਕੀ ਅਸਰ ਪੈਂਦਾ ਹੈ' ਬਾਰੇ ਅਮਰੀਕਾ ਦੇ ਮਨੋਵਿਗਿਆਨੀਆਂ ਨੇ ਭਰਵਾਂ ਹੁੰਗਾਰਾ ਭਰਿਆ। ਕੈਨੇਡਾ ਵਿਚ 'ਮਾਨਸਿਕ ਬੀਮਾਰੀਆਂ ਦੇ ਇਲਾਜ਼' ਅਤੇ 'ਸ਼ਰਾਬ ਰੋਗ ਦੇ ਇਲਾਜ' ਵਿੱਚ ਹੋਰ ਅਗਾਂਹ ਪੜ੍ਹਾਈ ਕਰ ਰਹੇ ਹਨ। ਅੱਜ ਕੱਲ ਗਰੇਟਰ ਵੈਨਕੂਵਰ ਮੈਂਟਲ ਹੈਲਥ ਵਿੱਚ ਪੋਸਟ ਡਾਕਟਰੇਟ ਇੰਨਟਰਨਸ਼ਿਪ ਕਰ ਰਹੇ ਹਨ। ਸਾਨੂੰ ਇਸ ਗੱਲ ਦੀ ਬਹੁਤ ਖੁਸ਼ੀ ਹੈ ਕਿ ਜ਼ਿੰਦਗੀ ਦੇ ਇਕ ਬਹੁਤ ਹੀ ਮਹੱਤਵਪੂਰਨ ਪੱਖ - ਮਾਨਸਿਕ ਸਿਹਤ ਬਾਰੇ - ਇਹਨਾਂ ਨੇ 'ਵਤਨ' ਲਈ ਸਥਾਈ ਕਾਲਮ ਲਿਖਣ ਦਾ ਸਾਡਾ ਸੱਦਾ ਕਬੂਲਿਆ ਹੈ। ਹਥਲਾ ਲੇਖ ਇਸ ਵਿਸ਼ੇ ਬਾਰੇ ਜਾਣਕਾਰੀ ਵਜੋਂ ਹੈ। ਆਉਣ ਵਾਲੇ ਲੇਖਾਂ ਵਿੱਚ ਉਹ ਵਿਸਤਾਰ ਨਾਲ ਵੱਖਰੇ ਵੱਖਰੇ ਮਾਨਸਿਕ ਰੋਗਾਂ ਤੇ ਮਾਨਸਿਕ ਸਿਹਤ ਬਾਰੇ ਲਿਖਣਗੇ। ਅਸੀਂ ਆਸ ਕਰਦੇ ਹਾਂ ਇਹ ਲੇਖ ਪਾਠਕਾਂ ਲਈ ਜਾਣਕਾਰੀ ਭਰਪੂਰ ਹੋਣਗੇ ਅਤੇ ਪਾਠਕ ਇਹਨਾਂ ਬਾਰੇ ਆਪਣੇ ਵਿਚਾਰ ਸਾਡੇ ਤੱਕ ਜਰੂਰ ਪਹੁੰਚਾਣਗੇ- ਸੰਪਾਦਕ।)

ਮਾਨਸਿਕ ਸਿਹਤ ਤੇ ਮਾਨਸਿਕ ਰੋਗਾਂ ਨੂੰ ਸਮਝਣਾ ਸ਼ਾਇਦ ਇੰਨੀ ਔਖੀ ਗੱਲ ਨਹੀਂ ਜਿੰਨੀ ਔਖੀ ਗੱਲ ਇਹਨਾਂ ਬਾਰੇ ਪੰਜਾਬੀ ਵਿਚ ਚਰਚਾ ਕਰਨੀ ਹੈ। ਸੱਭ ਤੋਂ ਪਹਿਲਾਂ ਤਾਂ ਇਹ ਨਿਰਨਾ ਕਰਨਾ ਹੀ ਮੁਸ਼ਕਲ ਹੈ ਕਿ ਸਾਡੇ ਲੋਕ ਮਾਨਸਿਕ ਰੋਗਾਂ ਬਾਰੇ ਕਿੰਨਾ ਕੁ ਜਾਣਦੇ ਹਨ, ਕੀ ਜਾਣਦੇ ਹਨ ਅਤੇ ਕੀ ਜਾਨਣਾ ਚਾਹੁੰਦੇ ਹਨ, ਜਾਂ ਜਾਨਣਾ ਚਾਹੁੰਦੇ ਵੀ ਹਨ ਕਿ ਨਹੀਂ। ਕੁਝ ਦੇਰ ਪਹਿਲਾਂ ਮੈਂ ਕਿਸੇ ਕਲਾਂਇੰਟ ਨੂੰ ਸ਼ਰਾਬ ਬਾਰੇ ਜੋ 'ਜਾਣਕਾਰੀ ਸੈਸ਼ਨ' ਹੁੰਦੇ ਹਨ, ਉਹਨਾਂ ਬਾਰੇ ਦੱਸ ਰਿਹਾ ਸੀ ਕਿ ਉਸ ਨੂੰ ਉਹਨਾਂ ਵਿਚ ਕਿਉਂ ਜਾਣਾ ਚਾਹੀਦਾ ਹੈ। ਮੈਂ ਉਹਨੂੰ ਸਮਝਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਕਿਵੇਂ ਸ਼ਰਾਬ ਹੋਲੀ ਹੋਲੀ ਬੰਦੇ 'ਤੇ ਕਾਬੂ ਪਾ ਲੈਂਦੀ ਹੈ ਤੇ ਫੇਰ ਸ਼ਰਾਬ ਛੱਡਣੀ ਕਿੰਨੀ ਮੁਸ਼ਕਲ ਹੋ ਜਾਂਦੀ ਹੈ। ਤੇ ਅੱਗੋਂ ਉਸਦਾ ਜਵਾਬ ਸੀ "ਡਾਕਟਰ ਸਾਹਿਬ ਇਹ ਤਾਂ ਐਵੇਂ ਗੱਲਾਂ ਨੇ ਬੰਦਾ ਮਨ ਵਿਚ ਧਾਰ ਲਵੇ ਤਾਂ ਸ਼ਰਾਬ ਛੱਡਣਾ ਕੋਈ ਔਖਾ ਕੰਮ ਨਹੀਂ, **ਮੈਂ ਵੀਹ ਵਾਰ ਛੱਡੀ ਹੈ।**" ਸੋ ਮੈਨੂੰ ਇਸ ਗੱਲ ਦਾ ਤੌਖਲਾ ਹੈ ਕਿ ਕਿਤੇ ਮਾਨਸਿਕ ਰੋਗਾਂ ਬਾਰੇ ਵੀ ਤੁਸੀਂ ਮੈਨੂੰ ਇਹ ਕਹਿ ਕੇ ਚੁੱਪ ਨਾ ਕਰਾ ਦੇਵੋਂ ਕਿ ਮਾਨਸਿਕ ਸਿਹਤ ਤੇ ਮਾਨਸਿਕ ਰੋਗਾਂ ਬਾਰੇ ਜਾਣਕਾਰੀ ਦੀ ਜਰੂਰਤ ਪਾਗਲਾਂ ਨੂੰ ਹੈ ਸਾਨੂੰ ਨਹੀਂ।

ਪਾਗਲ ਤੇ ਪਾਗਲਪਨ ਲਫ਼ਜ਼ਾਂ ਦੀ ਇੰਨੀ ਦੁਰਵਰਤੋਂ ਹੋ ਚੁੱਕੀ ਹੈ ਕਿ ਇਹ ਕਿਸੇ ਵੀ ਮਾਨਸਿਕ ਬੀਮਾਰੀ ਜਾਂ ਮਨੋਰੋਗ ਨੂੰ ਬਿਆਨ ਕਰਨ ਵਿਚ ਸਹਾਈ ਨਹੀਂ ਹੋ ਸਕਦੇ। ਮੇਰੇ ਵਿਚਾਰ ਅਨੁਸਾਰ ਦਿਮਾਗੀ ਜਾਂ ਮਾਨਸਿਕ ਬੀਮਾਰੀਆਂ ਤੇ ਪਾਗਲਪਨ ਨੂੰ ਸਮਝਣ ਲਈ ਮਾਨਸਿਕ ਰੋਗ ਹੀ ਸਭ ਤੋਂ ਢੁਕਵਾਂ ਲਫ਼ਜ਼ ਹੈ। ਰੋਗ ਬੀਮਾਰੀ ਨੂੰ ਕਹਿੰਦੇ ਹਨ। ਸਰੀਰਕ ਬੀਮਾਰੀਆਂ ਵਾਂਗ ਦੀਮਾਗੀ ਬੀਮਾਰੀਆਂ ਵੀ ਹੁੰਦੀਆਂ ਹਨ ਜਿਵੇਂ ਚਿੰਤਾ, ਉਦਾਸੀ, ਵਹਿਮ ਆਦਿ, ਅਤੇ ਇਹਨਾਂ ਨੂੰ ਮਾਨਸਿਕ ਬੀਮਾਰੀਆਂ ਕਿਹਾ ਜਾਂਦਾ ਹੈ। ਆਮ ਤੌਰ 'ਤੇ ਸਰੀਰਕ ਰੋਗਾਂ ਨਾਲੋਂ ਅਸੀਂ ਮਾਨਸਿਕ ਰੋਗਾਂ ਬਾਰੇ ਘੱਟ ਜਾਣਦੇ ਹੁੰਦੇ ਹਾਂ। ਸਰੀਰਕ ਸਿਹਤ ਬਾਰੇ ਸਾਨੂੰ ਕਾਫੀ ਜਾਣਕਾਰੀ ਵੀ ਹੁੰਦੀ ਹੈ, ਇਸ ਬਾਰੇ ਅਸੀਂ ਕਾਫੀ ਚੇਤਨ ਵੀ ਰਹਿੰਦੇ ਹਾਂ ਅਤੇ ਨਤੀਜੇ ਵਜੋਂ ਸਿਹਤ ਚੰਗੀ ਰੱਖਣ ਲਈ ਉਪਰਾਲੇ ਵੀ ਕਰਦੇ ਰਹਿੰਦੇ ਹਾਂ ਜਿਵੇਂ ਚੰਗੀ ਖੁਰਾਕ ਖਾਣੀ, ਵਰਜ਼ਿਸ਼ ਕਰਨੀ, ਸਰੀਰ ਨੂੰ ਸਾਫ ਸੁਥਰਾ ਰੱਖਣਾ ਆਦਿ। ਆਪਣੀ ਮਾਨਸਿਕ ਸਿਹਤ ਬਾਰੇ ਜਾਣਕਾਰੀ ਦੀ ਘਾਟ ਹੋਣ ਕਰਕੇ ਨਾ ਤਾਂ ਸਾਨੂੰ ਇਹਨਾਂ ਰੋਗਾਂ ਦੀ ਸਹੀ ਸਮਝ ਹੁੰਦੀ ਹੈ ਤੇ ਨਾ ਹੀ ਅਸੀਂ ਇਧਰ ਕੋਈ ਉਪਰਾਲਾ ਕਰਦੇ ਹਾਂ। ਸੋ ਮਾਨਸਿਕ ਸਿਹਤ ਬਾਰੇ ਜਾਣਕਾਰੀ ਸਾਡੀ ਸਭ ਤੋਂ ਪਹਿਲੀ ਜਰੂਰਤ ਹੈ।

ਮਾਨਸਿਕ ਰੋਗਾਂ ਬਾਰੇ ਸਹੀ ਜਾਣਕਾਰੀ ਦੀ ਅਣਹੋਂਦ ਕਰਕੇ ਅਸੀਂ ਪੰਜਾਬੀ ਅਕਸਰ ਇਹਨਾਂ ਨੂੰ ਇਕ ਤਰ੍ਹਾਂ ਦਾ ਸਰਾਪ ਸਮਝਦੇ ਹਾਂ (ਇਸ ਨੂੰ ਕਲੰਕ ਵੀ ਸਮਝਿਆ ਜਾਂਦਾ ਹੈ) ਜੋ ਸਾਨੂੰ ਪੁਰਾਣੇ ਕੁਕਰਮਾਂ ਦੀ ਸਜ਼ਾ ਕਰਕੇ ਮਿਲਿਆ ਹੈ ਜਾਂ ਕਿਸੇ ਦੇਵੀ ਦੇਵਤੇ, ਪੀਰ, ਫਕੀਰ ਦੀ ਬੇਅਦਬੀ ਜਾਂ ਕਿਸੇ ਹੋਰ ਅਜਿਹੀ ਭੁੱਲ ਕਰਕੇ ਮਿਲਿਆ ਹੋਵੇ। ਇਹਨਾਂ ਰੋਗਾਂ ਦੀ ਜੜ੍ਹ ਨੂੰ ਸਮਝਣ ਦੀ ਬਜਾਏ ਅਸੀਂ ਇਹਨਾਂ ਨੂੰ ਜਾਦੂ ਟੂਣੇ, ਤਵੀਤਾਂ ਆਦਿ ਦੇ ਅਸਰ ਜਾਂ ਭੂਤਾਂ ਭਰੇਤਾਂ ਦੇ ਚੰਬੜਨ ਜਿਹੇ ਵਿਸ਼ਵਾਸਾਂ ਦੇ ਗੇੜ ਵਿਚ ਫਸ ਜਾਂਦੇ ਹਾਂ। ਉਦਾਹਰਣ ਵਜੋਂ ਨਜ਼ਰ ਲੱਗ ਜਾਣੀ ਜਾਂ ਕਿਸੇ ਦਾ ਕਿਸੇ ਨੂੰ ਕੁਝ ਕਰ ਕਰਵਾ ਦੇਣਾ ਤਾਂ ਆਮ ਵਿਸ਼ਵਾਸ ਹਨ। ਰਹੀ ਕਲੰਕ ਵਾਲੀ ਗੱਲ - ਕੋਈ ਵੀ ਨਹੀਂ ਚਾਹੁੰਦਾ ਕਿ ਕਿਸੇ ਹੋਰ ਨੂੰ ਪਤਾ ਲੱਗੇ ਕਿ ਉਹਨਾਂ ਦੇ ਪਰਵਾਰ ਦਾ ਕੋਈ ਜੀ ਕਿਸੇ ਕਿਸਮ ਦੇ 'ਪਾਗਲਪਨ' ਦਾ ਸ਼ਿਕਾਰ ਹੈ।

ਭਾਵੇਂ ਇਸ ਜਾਣਕਾਰੀ ਨਾਲ ਸਾਡੀ ਸਥਿਤੀ 'ਤੇ ਕੋਈ ਸੁਖਾਵਾਂ ਅਸਰ ਨਹੀਂ ਹੁੰਦਾ ਪਰ ਫੇਰ ਵੀ ਇਹ ਦੱਸ ਦੇਣਾ ਜਰੂਰੀ ਹੈ ਕਿ ਇਹੋ ਜਿਹੇ ਵਿਸ਼ਵਾਸ ਇਕੱਲੇ ਸਾਡੇ ਪੰਜਾਬੀਆਂ ਵਿਚ ਹੀ ਨਹੀਂ ਹੋਰ ਲੋਕ ਵੀ ਇਹਨਾਂ ਦੇ ਉਨੇ ਹੀ ਸ਼ਿਕਾਰ ਹਨ। ਮੈਨੂੰ ਵੱਖ ਵੱਖ ਦੇਸ਼ਾਂ ਦੇ ਮਾਹਿਰਾਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ ਤੇ ਮੈਂ ਹਰ ਕਿਸੇ ਨੂੰ ਇਹੀ ਕਹਿੰਦਿਆਂ ਸੁਣਿਆ ਹੈ ਕਿ ਉਹਨਾਂ ਦੇ ਲੋਕਾਂ ਵਿਚੋਂ ਵੀ ਕੁਝ ਲੋਕ ਇਹਨਾਂ ਨੂੰ ਅਜੇ ਵੀ ਕਲੰਕ ਸਮਝਦੇ ਹਨ ਅਤੇ ਕਈ ਸਾਡੇ ਵਾਂਗ ਹੀ ਇਹਨਾਂ ਨੂੰ ਦੈਵੀ ਸ਼ਕਤੀਆਂ ਜਾਂ ਸਰਾਪ ਦਾ ਸਿੱਟਾ ਮੰਨਦੇ ਹਨ। ਸਾਰੀ ਦੁਨੀਆਂ ਦੇ ਇਤਿਹਾਸ ਵਿਚ ਬਹੁਤੇ ਲੋਕ ਤੇ ਦਵਾਦਾਰੂ ਕਰਨ ਵਾਲੇ ਸਿਆਣੇ ਇਹਨਾਂ ਰੋਗਾਂ ਨੂੰ ਭੂਤਾਂ ਪਰੇਤਾਂ ਨਾਲ ਸੰਬੰਧਤ ਸਮਝਦੇ ਰਹੇ ਹਨ। ਪਰ ਜਿਵੇਂ ਜਿਵੇਂ ਵਿਗਿਆਨ ਨੇ ਤਰੱਕੀ ਕੀਤੀ ਹੈ ਲੋਕਾਂ ਦੀ ਸੋਚਣੀ ਵੀ ਬਦਲੀ ਹੈ ਅਤੇ ਬਦਲ ਰਹੀ ਹੈ।

ਸਾਡੇ ਲੋਕਾਂ ਵਿਚ ਜਿਹੜੇ ਅਨੇਕਾਂ ਵਹਿਮ, ਭਰਮ ਤੇ ਅੰਧ-ਵਿਸ਼ਵਾਸ ਪ੍ਰਚਲਤ ਹਨ ਉਹਨਾਂ ਸਾਰਿਆਂ ਬਾਰੇ ਚਰਚਾ ਕਰਨਾ ਤਾਂ ਸੰਭਵ

ਨਹੀਂ ਪਰ ਮੈਂ ਆਪਣੇ ਬਚਪਨ ਦੌਰਾਨ ਇਹਨਾਂ ਸੰਬੰਧੀ ਜਿਹੜੀਆਂ ਗੱਲਾਂ ਸੁਣੀਆਂ ਜਾਂ ਵੇਖੀਆਂ ਉਹ ਜ਼ਰੂਰ ਤੁਹਾਡੇ ਨਾਲ ਸਾਂਝੀਆਂ ਕਰਨਾ ਚਾਹੁੰਦਾ ਹਾਂ। ਮੈਂ ਮਾਝੇ ਦੇ ਇਕ ਛੋਟੇ ਜਿਹੇ ਪਿੰਡ ਜੰਮਿਆਂ ਪਲਿਆਂ ਹਾਂ। ਮੈਂ ਅੱਠ ਦੱਸ ਸਾਲ ਦਾ ਸਾਂ ਜਦੋਂ ਪਹਿਲੀ ਵਾਰੀ ਪਾਗਲ ਲਫ਼ਜ਼ ਸੁਣਿਆਂ। ਦੁਪਹਿਰ ਵੇਲੇ ਸਾਡੇ ਪਿੰਡ ਦੇ ਬਾਗ ਵਿਚ ਬਹੁਤ ਲੋਕ ਇਕੱਠੇ ਹੁੰਦੇ ਸਨ ਤੇ ਮੇਲਾ ਰਾਮ ਕਿੱਸੇ ਪੜ੍ਹ ਕੇ ਸੁਣਾਇਆ ਕਰਦਾ ਸੀ। ਪਰ ਜਦ ਉਹ ਸ਼ਾਹ ਬਹਿਰਾਮ ਦਾ ਕਿੱਸਾ ਪੜ੍ਹਦਾ ਤਾਂ ਸਾਨੂੰ ਨਿਆਣਿਆਂ ਨੂੰ ਨਹੀਂ ਸੀ ਸੁਣਨ ਦਿੱਤਾ ਜਾਂਦਾ। ਇਸ ਮਨਾਹੀ ਦਾ ਕਾਰਨ ਸੀ ਕਿ ਨਿਆਣੇ ਕਿੱਸਾ ਸੁਣ ਕੇ ਡਰਨਗੇ। ਮੇਰੇ ਤੋਂ ਵੱਡੇ ਮੇਰੇ ਤਾਏ ਦੇ ਪੁੱਤ ਨੇ ਕਿੱਸੇ ਦੀ ਸਾਰੀ ਕਹਾਣੀ ਦੱਸੀ ਤੇ ਨਾਲ ਹੀ ਦੱਸਿਆ ਕਿ ਜੇ ਕੋਈ ਇਹ ਕਿੱਸਾ ਸੱਠ ਦਿਨ ਲਗਾਤਾਰ ਪੜ੍ਹ ਲਵੇ ਉਹ ਪਾਗਲ ਹੋ ਜਾਂਦਾ ਹੈ।

ਪਿੰਡ ਵਿਚ ਕਦੀ ਕੋਈ ਕਿਸੇ ਨੂੰ ਜਾਦੂ ਤਵੀਤ ਦੇ ਦਿੰਦਾ ਜਾਂ ਕਿਸੇ ਨੂੰ ਸਾਇਆ ਹੋ ਜਾਂਦਾ। ਜਾਂ ਕਦੀ ਕਿਸੇ ਨੂੰ ਕਿਸੇ 'ਸੱਤਿਆ' ਵਾਲੀ ਜਗ੍ਹਾ 'ਤੇ ਪਿਸ਼ਾਬ ਕਰਨ ਨਾਲ ਕੁਝ ਚੰਬੜ ਜਾਂਦਾ। ਅਜਿਹੇ ਮੌਕਿਆਂ 'ਤੇ ਫੇਰ 'ਸਿਆਣਾ' ਸੱਦਿਆ ਜਾਂਦਾ ਸੀ। ਤੇ 'ਮਰੀਜ' ਢੋਲ ਦੀ ਤਾਲ 'ਤੇ ਅਤੇ ਗੁਗਲ ਦੇ ਧੂੰਏਂ ਨਾਲ ਤਾਲ ਵਿਚ ਸਿਰ ਹਿਲਾਉਂਦਾ। ਤੇ ਪਿੰਡ 'ਚ ਚਲਦੀਆਂ ਕਹਾਣੀਆਂ ਮੁਤਾਬਕ ਜਦੋਂ ਕੋਈ ਜਿੰਨ, ਭੂਤ, ਸਾਇਆ ਜਾਂ ਜੋ ਵੀ



ਕੁਝ ਚੰਬੜਿਆ ਹੁੰਦਾ ਨਿਕਲਦਾ ਤਾਂ ਜਾਣ ਲੱਗਾ ਨਿਸ਼ਾਨੀ ਵਜੋਂ ਪਿੱਪਲ ਜਾਂ ਅੰਬ ਦੇ ਦਰੱਖਤ ਦਾ ਟਹਿਣਾ ਤੋੜ ਕੇ ਜਾਂਦਾ। ਅਸੀਂ ਕੋਸ਼ਿਸ਼ ਕਰਨੀ ਕਿ ਨਿਸ਼ਾਨੀ ਵੇਖੀ ਜਾਵੇ ਪਰ ਕਦੀ ਕੁਝ ਨਹੀਂ ਸੀ ਲੱਭਾ ਪਰ ਡਰ ਕਰਕੇ ਕਦੀ ਵੀ ਇਸ 'ਤੇ ਕਿੰਤੂ ਨਹੀਂ ਸੀ ਕੀਤਾ।

ਜੇਠੇ ਪੁੱਤ ਦਾ ਘਰ ਦੇ ਖਾਸ ਖਿਆਲ ਰੱਖਦੇ ਕਿ ਕਿਤੇ ਕੋਈ ਸਿਰ ਦੇ ਥੋੜ੍ਹੇ ਜਿਹੇ ਵਾਲ ਨਾ ਕੱਟ ਲਵੇ ਤੇ ਕੋਈ ਟੂਣਾ ਜਾਦੂ ਨਾ ਕਰ ਦੇਵੇ। ਬਹੁਤਾ ਡਰ ਤਵੀਤਾਂ ਦਾ ਹੁੰਦਾ ਸੀ। ਤਵੀਤਾਂ ਦੀ ਆਪਣੀ ਹੀ ਦੁਨੀਆਂ ਹੁੰਦੀ ਹੈ। ਅਜੇ ਵੀ ਬਹੁਤ ਲੋਕ ਇਹਨਾਂ ਵਿਚ ਯਕੀਨ ਰੱਖਦੇ ਹਨ। ਦਿਲਚਸਪ ਗੱਲ ਇਹ ਹੈ ਕਿ ਇਹ ਤਵੀਤ ਹਮੇਸ਼ਾਂ ਮਿੱਠੀ ਚੀਜ਼ ਵਿਚ ਹੀ ਮਿਲਾ ਕੇ ਦਿੱਤੇ ਜਾਂਦੇ ਹਨ। ਅਤੇ ਜਿਨ੍ਹਾਂ ਘਰਾਂ ਵਿਚ ਸਾਧਾਂ ਸੰਤਾਂ ਜਾਂ ਸਿਆਣਿਆਂ ਦਾ ਆਉਣਾ ਜਾਣਾ ਹੋਵੇ ਉਹਨਾਂ ਘਰੋਂ ਤੋਂ ਦੂਜੇ ਡਰਦੇ ਆਪਣੇ ਕਿਸੇ ਵੀ ਨਿਆਣੇ ਨੂੰ ਕੋਈ ਚੀਜ਼ ਨਹੀਂ ਲੈ ਕੇ ਖਾਣ ਦਿੰਦੇ। ਇਹੋ ਜਿਹੇ ਹੋਰ ਵੀ ਕਿੰਨੇ ਹੀ ਭਰਮ, ਵਹਿਮ, ਅੰਧ-ਵਿਸ਼ਵਾਸ ਲੋਕਾਂ 'ਚ ਪ੍ਰਚਲਤ ਹਨ। ਇਹ ਵਿਸ਼ਵਾਸ ਇਕੱਲੇ ਸਾਡੇ ਪਿੰਡ ਜਾਂ ਇਲਾਕੇ ਦੇ ਹੀ ਨਹੀਂ ਥੋੜੇ ਬਹੁਤੇ ਫਰਕ ਨਾਲ ਸਾਰੇ ਪੰਜਾਬ ਦਾ ਇਹੀ ਹਾਲ ਹੈ।

ਬਚਪਨ ਵਿਚ ਮੈਂ ਆਪਣੇ ਆਲੇ ਦੁਆਲੇ ਦੇ ਜਿੰਨੇ ਵੀ ਲੋਕਾਂ ਕੋਲੋਂ ਇਹਨਾਂ ਬਾਰੇ ਜਾਣਕਾਰੀ ਲੈਣ ਦੀ ਕੋਸ਼ਿਸ਼ ਕੀਤੀ ਉਹਨਾਂ ਸਾਰਿਆਂ ਦਾ ਹੀ ਇਹਨਾਂ ਪ੍ਰਚਲਤ ਅੰਧ-ਵਿਸ਼ਵਾਸਾਂ ਵਿਚ ਯਕੀਨ ਸੀ। ਪਰ ਉਹ ਸੱਭ ਸੁਣੀਆਂ ਸੁਣਾਈਆਂ ਗੱਲਾਂ ਵਿਚ ਯਕੀਨ ਕਰਨ ਵਾਲੇ ਸਨ, ਕਿਸੇ ਨੇ ਵੀ ਇਹਨਾਂ ਬਾਰੇ ਕੋਈ ਖੋਜ ਕਰਨ ਦੀ ਕੋਸ਼ਿਸ਼ ਨਹੀਂ ਸੀ ਕੀਤੀ। ਜਦ ਮੈਂ ਮਨੋਵਿਗਿਆਨ ਪੜ੍ਹਣਾ ਸ਼ੁਰੂ ਕੀਤਾ ਤਾਂ ਹੌਲੀ ਹੌਲੀ ਇਸ ਗੱਲ ਦੀ ਸਮਝ ਆਉਣ ਲੱਗੀ ਕਿ ਕਿਸ ਤਰ੍ਹਾਂ ਅਸੀਂ ਪਿੰਡਾਂ ਦੇ ਭੋਲੇ ਭਾਲੇ ਲੋਕ ਇਹਨਾਂ ਗਲਤ-ਫਹਿਮੀਆਂ ਦਾ ਸ਼ਿਕਾਰ ਹਾਂ। ਪਰ ਗੱਲ ਪਿੰਡਾਂ ਤੱਕ ਹੀ ਸੀਮਤ ਨਹੀਂ। ਸ਼ਹਿਰੀ ਲੋਕਾਂ ਨਾਲ ਵਾਹ ਪੈਣ ਤੇ ਪਤਾ ਚਲਿਆ ਕਿ ਉਹ ਵੀ ਪੇਂਡੂ ਲੋਕਾਂ ਨਾਲੋਂ ਕਿਸੇ ਤਰ੍ਹਾਂ ਘੱਟ ਨਹੀਂ। ਉਹਨਾਂ ਦਾ ਵੀ ਇਹਨਾਂ ਵਹਿਮਾਂ ਭਰਮਾਂ ਵਿਚ ਪੂਰਾ ਯਕੀਨ ਹੈ। ਇਥੇ ਇਹ ਸਵਾਲ ਵੀ ਕੀਤਾ ਜਾ ਸਕਦਾ ਹੈ ਕਿ ਪੜ੍ਹੇ ਲਿਖੇ ਲੋਕ ਕਿਉਂ ਇਹਨਾਂ ਵਿਚ ਯਕੀਨ ਕਰਦੇ ਹਨ। ਇਸ ਦਾ ਸਾਫ ਕਾਰਨ ਹੈ ਕਿ ਬਹੁਤੇ ਲੋਕਾਂ ਨੂੰ ਆਪਣੀ ਪੜਾਈ ਦੌਰਾਨ ਮਾਨਸਿਕ ਸਿਹਤ ਤੇ ਮਾਨਸਿਕ ਰੋਗਾਂ ਬਾਰੇ ਪੜ੍ਹਣ ਦੀ ਜ਼ਰੂਰਤ ਹੀ ਨਹੀਂ ਹੁੰਦੀ ਤੇ ਆਪਣੇ ਵਿਸ਼ੇ ਤੋਂ ਬਾਹਰ ਪੜ੍ਹਣ ਦਾ ਨਾ ਸਮਾਂ ਹੁੰਦਾ ਹੈ ਤੇ ਨਾ ਹੀ ਕਿਸੇ ਦੀ ਖਾਹਸ਼। ਨਤੀਜੇ ਵਜੋਂ ਡਿਗਰੀਆਂ ਪ੍ਰਾਪਤ ਲੋਕ ਵੀ ਇਸ ਜਾਣਕਾਰੀ ਤੋਂ ਵਾਂਜੇ ਰਹਿ ਜਾਂਦੇ ਹਨ।

........

ਮਾਨਸਿਕ ਸਿਹਤ ਬਾਰੇ ਗੱਲ ਕਰਦਿਆਂ ਇਹ ਖਿਆਲ ਰੱਖਣਾ ਚਾਹੀਦਾ ਹੈ ਕਿ ਇਸਦਾ ਮਤਲਬ ਇਹ ਨਹੀਂ ਕਿ ਮਨੁੱਖ ਸੋਲ੍ਹਾਂ ਕਲਾਂ ਸੰਪੂਰਨ ਹੋਵੇ। ਹਰ ਬੰਦੇ ਦੀਆਂ ਆਪਣੀਆਂ ਕੁਝ ਕਮਜ਼ੋਰੀਆਂ ਹੁੰਦੀਆਂ ਹਨ ਅਤੇ ਵਧੀਆ ਗੁਣ ਵੀ ਹੁੰਦੇ ਹਨ। ਮਾਨਸਿਕ ਸਿਹਤ ਨੂੰ ਮਾਪਣਾ ਵੀ ਸੰਭਵ ਨਹੀਂ। ਪਰ ਇਹ ਸੋਚਣਾ ਵੀ ਗਲਤ ਹੈ ਕਿ ਜੇ ਤੁਸੀਂ ਮਾਨਸਿਕ ਤੌਰ 'ਤੇ ਰੋਗੀ ਨਹੀਂ ਤਾਂ ਇਹ ਤੁਹਾਡੀ ਮਾਨਸਿਕ ਸਿਹਤ ਦੀ ਨਿਸ਼ਾਨੀ ਹੈ। ਬਿਲਕੁਲ ਉਸੇ ਤਰ੍ਹਾਂ ਜਿਵੇਂ ਜੇ ਕਿਸੇ ਨੂੰ ਕੋਈ ਸਰੀਰਕ ਰੋਗ ਨਾ ਵੀ ਹੋਵੇ ਉਹਨੂੰ ਅਸੀਂ ਸਿਹਤਮੰਦ ਬੰਦਾ ਨਹੀਂ ਕਹਿ ਦਿੰਦੇ। ਸਿਹਤਮੰਦ ਉਸਨੂੰ ਹੀ ਗਿਣਿਆ ਜਾਂਦਾ ਹੈ ਜੋ ਆਪਣੀ ਉਮਰ ਮੁਤਾਬਕ ਠੀਕ ਸਰੀਰਕ ਤਾਕਤ ਰੱਖਦਾ ਹੋਵੇ। ਸਿਹਤਮੰਦ ਦਿਸਦੇ ਬੰਦਿਆਂ ਦੇ ਵੀ ਡਾਕਟਰ ਭਾਰ, ਕਲੈਸਟਰੋਲ ਦਰਜੇ, ਖੂਨ ਵਿਚ ਸ਼ੂਗਰ ਦੀ ਮਾਤਰਾ ਆਦਿ ਚੈੱਕ ਕਰਦੇ ਰਹਿੰਦੇ ਹਨ। ਕਈ ਬੰਦੇ ਬੀਮਾਰ ਨਹੀਂ ਹੁੰਦੇ ਪਰ ਉਹਨਾਂ ਦੀ ਸਰੀਰਕ ਕਮਜ਼ੋਰੀ ਕਰਕੇ ਅਸੀਂ ਉਹਨਾਂ ਨੂੰ ਠੀਕ ਖੁਰਾਕ, ਵਰਜ਼ਿਸ਼, ਤੇ ਸਰੀਰ ਵੱਲ ਵਧੇਰੇ ਧਿਆਨ ਦੇਣ ਦਾ ਮਸ਼ਵਰਾ ਦਿੰਦੇ ਰਹਿੰਦੇ ਹਾਂ। ਇਵੇਂ ਹੀ ਮਾਨਸਿਕ ਤੌਰ 'ਤੇ ਸਿਹਤਮੰਦ ਹੋਣ ਦਾ ਮਤਲਬ ਹੈ ਤੁਸੀਂ ਆਪਣੇ ਆਪ ਵਿਚ ਠੀਕ ਮਹਿਸੂਸ ਕਰੋ, ਦੂਜਿਆਂ ਬਾਰੇ ਠੀਕ ਮਹਿਸੂਸ ਕਰੋ, ਤੇ ਜ਼ਿੰਦਗੀ ਦੀਆਂ ਆਮ ਜ਼ਰੂਰਤਾਂ ਨੂੰ ਬਿਨ੍ਹਾਂ ਮਾਨਸਿਕ ਤਨਾਅ ਅਤੇ ਪ੍ਰੇਸ਼ਾਨੀਆਂ ਦੇ ਪੂਰਾ ਕਰ ਸਕੋ।

ਆਪਣੇ ਪ੍ਰਤੀ ਠੀਕ ਮਹਿਸੂਸ ਕਰਨ ਦਾ ਮਤਲਬ ਹੈ ਡਰ, ਗੁੱਸਾ, ਮੋਹ, ਸਾੜਾ, ਚਿੰਤਾ ਆਦਿ ਭਾਵਨਾਵਾਂ ਠੀਕ ਹੱਦ ਤੱਕ ਹੋਣ। ਕਿਸੇ ਵੀ ਭਾਵਨਾ ਦਾ ਬਹੁਤਾ ਜ਼ਿਆਦਾ ਹੋਣਾ ਬੈਲੈਂਸ ਖਰਾਬ ਕਰ ਦਿੰਦਾ ਹੈ।

ਦੂਜਿਆਂ ਪ੍ਰਤੀ ਠੀਕ ਮਹਿਸੂਸ ਕਰਨ ਤੋਂ ਭਾਵ ਹੈ ਕਿ ਦੂਜਿਆਂ ਨਾਲ ਤੁਹਾਡੇ ਸੰਬੰਧ ਕੁਝ ਹੱਦ ਤੱਕ ਜਰੂਰ ਸੁਖਾਵੇ ਹੋਣੇ ਚਾਹੀਦੇ ਹਨ। ਇਹ ਨਾ ਹੋਵੇ ਕਿ ਤੁਸੀਂ ਕਿਸੇ ਨੂੰ ਵੀ ਦੋਸਤ ਮਿੱਤਰ ਈ ਨਾ ਸਮਝ ਸਕੋ, ਜਾਂ ਕਿਸੇ ਤੇ ਵੀ ਇਤਬਾਰ ਨਾ ਕਰ ਸਕੋ ਜਾਂ ਇਸ ਤਰ੍ਹਾਂ ਮਹਿਸੂਸ ਕਰੋ ਕਿ ਦੁਨੀਆਂ ਵਿਚ ਕੋਈ ਵੀ ਤੁਹਾਡੇ 'ਤੇ ਵਿਸ਼ਵਾਸ ਨਹੀਂ ਕਰਦਾ ਜਾਂ ਤੁਹਾਨੂੰ ਪਸੰਦ ਨਹੀਂ ਕਰਦਾ।

ਬੰਦਾ ਜ਼ਿੰਦਗੀ 'ਚ ਆਉਣ ਵਾਲੀਆਂ ਨਿਰਾਸਤਾਵਾਂ ਨੂੰ ਝੱਲ ਸਕਦਾ ਹੋਵੇ। ਕੁਝ ਹੱਦ ਤੱਕ ਸਵੈਮਾਨ ਵੀ ਹੋਵੇ। ਆਪਣੇ ਆਪ ਨੂੰ ਹੀਣ ਵੀ ਨਾ ਸਮਝੇ ਤੇ ਨਾ ਹੀ ਬਹੁਤ ਜ਼ਿਆਦਾ ਸਮਝੇ।

ਕਿਸੇ ਵੀ ਬੰਦੇ ਵਿਚ ਚੰਗੀ ਮਾਨਸਿਕ ਸਿਹਤ ਦੇ ਪੂਰੇ ਦੇ ਪੂਰੇ ਗੁਣ ਨਹੀਂ ਹੁੰਦੇ। ਪਰ ਸਾਨੂੰ ਆਪਣੇ ਆਪ ਦਾ ਖਿਆਲ ਜਰੂਰ ਰੱਖਣਾ ਚਾਹੀਦਾ ਹੈ ਕਿ ਮਾਨਸਿਕ ਤੌਰ 'ਤੇ ਅਸੀਂ ਕਿਵੇਂ ਮਹਿਸੂਸ ਕਰ ਰਹੇ ਹਾਂ ਤੇ ਸਾਡੀਆਂ ਭਾਵਨਾਵਾਂ, ਨਿਰਾਸਤਾਵਾਂ, ਉਦਾਸੀ ਤੇ ਚਿੰਤਾ ਸਾਡੇ ਵਿਹਾਰ, ਕੰਮ ਕਾਰ ਤੇ ਘਰੇਲੂ ਜ਼ਿੰਦਗੀ 'ਤੇ ਬਹੁਤਾ ਜ਼ਿਆਦਾ ਮਾੜਾ ਅਸਰ ਤਾਂ ਨਹੀਂ ਪਾ ਰਹੀਆਂ। ਮੈਂ ਹੇਠ ਕੁਝ ਚਿੰਨ੍ਹ ਜਾਂ ਅਲਾਮਤਾਂ ਲਿਖਣ ਲੱਗਾ ਹਾਂ ਜੋ ਮਾਨਸਿਕ ਰੋਗ ਦੀ ਹੋਂਦ ਬਾਰੇ ਚਿਤਾਵਨੀ ਦੇ ਸਕਦੇ ਹਨ। ਪਰ ਆਪਣੇ ਵਿਚ ਅਜਿਹੀਆਂ ਇਕ ਦੋ ਅਲਾਮਤਾਂ ਨੂੰ ਪਛਾਣ ਲੈਣ ਦਾ ਮਤਲਬ ਇਹ ਨਹੀਂ ਕਿ ਤੁਸੀਂ ਮਾਨਸਿਕ ਤੌਰ 'ਤੇ ਬੀਮਾਰ ਹੋ। ਉਂਝ ਵੀ ਆਪਣੇ ਆਪ ਦਾ ਠੀਕ ਪਰੀਖਣ ਕਰਨਾ ਸੰਭਵ ਨਹੀਂ। ਜੇ ਲੋੜ ਮਹਿਸੂਸ ਕਰੋ ਤਾਂ ਬਿਹਤਰ ਇਹੀ ਹੈ ਕਿ ਤੁਸੀਂ ਆਪਣੇ ਫੈਮਲੀ ਡਾਕਟਰ ਨਾਲ ਗਲਬਾਤ ਕਰੋ। ਇਹ ਕੁਝ ਅਲਾਮਤਾਂ ਹਨ:

- ਜ਼ਿਆਦਾ ਚਿੰਤਾ ਜਾਂ ਫਿਕਰ।
- ਆਵਾਜ਼ਾਂ ਸੁਣਨੀਆਂ, ਚੀਜ਼ਾਂ ਵਿਖਾਈ ਦੇਣੀਆਂ ਜਾਂ ਵਹਿਮ ਹੋਣਾ।
- ਰੋਜਾਨਾ ਜ਼ਿੰਦਗੀ ਦੇ ਕੰਮਕਾਰ ਕਰਨ ਵਿਚ ਮੁਸ਼ਕਲ ਹੋਣੀ।
- ਢਹਿੰਦੀਆਂ ਕਲਾਂ ਵਿਚ ਮਹਿਸੂਸ ਕਰਨਾ ਅਤੇ ਹਰ ਵੇਲੇ ਉਦਾਸ ਰਹਿਣਾ।
- ਵਾਰ ਵਾਰ ਤੇ ਬਿਨ੍ਹਾਂ ਕਿਸੇ ਕਾਰਨ ਤੋਂ ਕੁਪੱਤ ਕਰਨਾ।
- ਲਗਾਤਾਰ ਜਾਂ ਬਹੁਤੀ ਵਾਰੀ ਸੌਂ ਨਾ ਸਕਣਾ, ਜ਼ਿਆਦਾ ਸਮੇਂ ਥੱਕੇ ਰਹਿਣਾ।
- ਛੋਟੀਆਂ ਛੋਟੀਆਂ ਸਰੀਰਕ ਬੀਮਾਰੀਆਂ ਦੀ ਜਰੂਰਤ ਤੋਂ ਵੱਧ ਚਿੰਤਾ ਕਰਨੀ। ਹਰ ਵੇਲੇ ਬੀਮਾਰੀਆਂ ਜਾਂ ਬੀਮਾਰ ਸਿਹਤ ਦਾ ਖਿਆਲ ਆਉਂਦੇ ਰਹਿਣਾ।
- ਸ਼ਰਾਬ ਜਾਂ ਨਸ਼ਿਆਂ ਦੀ ਬਹੁਤ ਵਰਤੋਂ ਕਰਨੀ ਤੇ ਉਹਨਾਂ ਵਗੈਰ ਰਹਿ ਨਾ ਸਕਣਾ।
- ਬਹੁਤ ਜ਼ਿਆਦਾ ਖਿਝ ਆਉਣੀ ਜਾਂ ਝੁੰਝਲਾਹਟ ਹੋਣੀ, ਬਹੁਤ ਆਮ ਜਿਹੀਆਂ ਗੱਲਾਂ ਤੇ ਬਹੁਤ ਉਤੇਜਿਤ ਹੋ ਜਾਣਾ, ਜਰੂਰਤ ਤੋਂ ਜ਼ਿਆਦਾ ਤੇ ਬਿਨ੍ਹਾਂ ਕਾਰਨ ਗੁੱਸਾ ਆਉਣਾ।
- ਦੂਸਰਿਆਂ ਤੇ ਬਹੁਤ ਹੀ ਜ਼ਿਆਦਾ ਬੇਇਤਬਾਰੀ ਹੋਣੀ ਅਤੇ ਅੱਤ ਦਰਜੇ ਦਾ ਸ਼ੱਕੀ ਹੋਣਾ।
- ਆਪਣੇ ਆਪ ਨੂੰ ਬਹੁਤ ਵੱਡੀ ਹਸਤੀ ਸਮਝਣ ਦਾ ਵਹਿਮ ਹੋਣਾ ਜਿਵੇਂ ਆਪਣੇ ਆਪ ਨੂੰ ਰੱਬ ਜਾਂ ਕੋਈ ਹੋਰ ਰਾਜਾ ਮਾਹਾਰਾਜਾ ਸਮਝਣਾ।

ਕੁਝ ਅਲਾਮਤਾਂ ਐਸੀਆਂ ਹਨ ਜਿਵੇਂ ਆਵਾਜ਼ਾਂ ਸੁਣਨੀਆਂ, ਖੁਦਕਸ਼ੀ ਜਾਂ ਅਤਮ ਹੱਤਿਆ ਕਰਨ ਬਾਰੇ ਸੋਚ ਆਉਣੀ ਜਾਂ ਕਿਸੇ ਨੂੰ ਮਾਰ ਦੇਣ ਜਾਂ ਹੋਰ ਸਰੀਰਕ ਨੁਕਸਾਨ ਪਹੁੰਚਾਣ ਬਾਰੇ ਸੋਚਾਂ ਆਉਣੀਆਂ ਆਦਿ। ਇਹ ਅਲਾਮਤਾਂ ਬਹੁਤ ਗੰਭੀਰ ਸਮੱਸਿਆ ਦਾ ਪ੍ਰਤੀਕ ਹੁੰਦੀਆਂ ਹਨ। ਜੇ ਅਜਿਹਾ ਹੋਵੇ ਤਾਂ ਢਿੱਲ ਨਹੀਂ ਕਰਨੀ ਚਾਹੀਦੀ ਸਗੋਂ ਇਕ ਦਮ ਆਪਣੇ ਡਾਕਟਰ ਜਾਂ ਆਪਣੇ ਇਲਾਕੇ ਦੀ ਮੈਂਟਲ ਹੈਲਥ ਸੈਂਟਰ ਦੇ ਕਰਮਚਾਰੀਆਂ ਨੂੰ ਮਿਲੋ ਜਾਂ ਫੋਨ ਕਰੋ।

ਇਸ ਕਾਲਮ ਰਾਹੀਂ ਮੈਂ ਇਹ ਦੱਸਣ ਦੀ ਕੋਸ਼ਿਸ਼ ਕਰਾਂਗਾ ਕਿ: ਮਾਨਸਿਕ ਸਿਹਤ ਕੀ ਹੈ ਤੇ ਤੁਸੀਂ ਮਾਨਸਿਕ ਤੌਰ ਤੇ ਸਿਹਤਮੰਦ ਕਿਵੇਂ ਰਹਿ ਸਕਦੇ ਹੋ ਕਿਉਂਕਿ ਇਲਾਜ਼ ਨਾਲੋਂ ਪਰਹੇਜ਼ ਹਮੇਸ਼ਾਂ ਚੰਗਾ ਹੁੰਦਾ ਹੈ। ਮਨੋਰੋਗ ਕੀ ਹੁੰਦੇ ਹਨ ਤੇ ਇਹ ਕਿੰਨੀਆਂ ਤਰ੍ਹਾਂ ਦੇ ਹੁੰਦੇ ਹਨ। ਇਹਨਾਂ ਦੇ ਲੱਛਣ ਕੀ ਹਨ, ਇਹ ਕਿਉਂ ਤੇ ਕਿਵੇਂ ਲਗਦੇ ਹਨ। ਇਹਨਾਂ ਦਾ ਇਲਾਜ਼ ਕਿਵੇਂ ਹੁੰਦਾ ਹੈ।

ਮੂਡ: ਮੂਡ ਜ਼ਿਆਦਾ ਦੇਰ ਰਹਿਣ ਵਾਲੀ ਉਸ ਭਾਵਨਾ ਨੂੰ ਕਹਿੰਦੇ ਹਨ ਜਿਹੜੀ ਸਾਡੀ ਮਾਨਸਿਕ ਜ਼ਿੰਦਗੀ ਨੂੰ ਆਪਣੇ ਹੀ ਰੰਗ ਵਿੱਚ ਰੰਗ ਲੈਂਦੀ ਹੈ, ਜਿਸ ਵਿੱਚ ਆਮ ਤੌਰ ਤੇ ਉਦਾਸੀ ਹੁੰਦੀ ਹੈ, ਜਾਂ ਬਹੁਤ ਚੜ੍ਹਦੀ ਕਲਾ ਹੁੰਦੀ ਹੈ। - ਅਗਲੇ ਅੰਕ ਵਿਚ ਮੈਂ ਮੂਡ ਨਾਲ ਸੰਬੰਧਤ ਬੀਮਾਰੀਆਂ ਬਾਰੇ ਜਾਣਕਾਰੀ ਦੇਣ ਦੀ ਕੋਸ਼ਿਸ਼ ਕਰਾਂਗਾ।


ਸੂਟਾਂ, ਸਾੜੀਆਂ ਅਤੇ ਵਧੀਆ ਪਰਦੇ ਬਣਾਉਣ ਲਈ ਇੱਕੋ ਇਕ ਭਰੋਸੇਯੋਗ ਸਟੋਰ

**SHAN SAREES & DRAPERY LTD**

6543 MAIN ST.
VANCOUVER, B.C.
V5X 3H1
PH: 321-1955
or 321-0847




ਫੈਬਰਿਕ ਸਬੰਧੀ ਕੋਈ ਵੀ ਚੀਜ਼ ਖਰੀਦਣ ਤੋਂ ਪਹਿਲਾਂ ਸਾਡੀਆਂ ਕੀਮਤਾਂ ਨੂੰ ਚੈੱਕ ਜਰੂਰ ਕਰੋ। ਤੁਹਾਨੂੰ ਜੀ ਆਇਆਂ ਕਹਿਣ ਅਤੇ ਚੰਗੀ ਸਰਵਿਸ ਦੇਣ ਲਈ ਸਾਡਾ ਸਟਾਫ ਹਮੇਸ਼ਾਂ ਖੁਸ਼ੀ ਮਹਿਸੂਸ ਕਰੇਗਾ।

ਵਿਅੰਗ

# ਜਗਤ ਪ੍ਰਸਿੱਧ ਜੁਗਤੂ ਦੀਆਂ ਚੀਨ ਦੇ ਹਾਕਮਾਂ ਨੂੰ ਨੇਕ ਸਲਾਹਾਂ

**- ਸਾਧੂ**

ਲਓ ਜੀ ਆਹ ਜਿਹੜਾ ਸਾਰਾ ਚੱਕਰ ਚੱਲਿਆ, ਆਹੀ ਜਿਹੜੀਆਂ ਖਬਰਾਂ ਸੁਣਦੇ ਰਹੇ ਆਂ ਪਈ ਅੱਜ ਜਰਮਨੀ ਦੀ ਸਰਕਾਰ ਟੁੱਟ ਗਈ ਤੇ ਅੱਜ ਹੰਗਰੀ ਤੇ ਅੱਜ ਆਹ ਤੇ ਅੱਜ ਉਹ - ਲੋਕਾਂ ਆਂਡ ਤੁਸੀਂ ਵੀ ਸੋਚਦੇ ਹੋਣੇ ਆਂ ਬਈ ਸਰਕਾਰਾਂ ਨਾ ਹੋਈਆਂ, ਬੇਕਦਰਾਂ ਦੀਆਂ ਯਾਰੀਆਂ ਹੋ ਗਈਆਂ, ਜਿਹੜੀਆਂ ਟੁੱਟ ਗਈਆਂ ਕੜਿੱਕ ਕਰਕੇ। ਦਰਅਸਲ ਇਹ ਸਾਰਾ ਚੱਕਰ ਚੀਨ ਤੋਂ ਈ ਸ਼ੁਰੂ ਹੋਇਆ। ਤੇ ਭਾਈ ਮੰਨੋ ਚਾਹੇ ਨਾ, ਇਹ ਸੱਭ ਮੇਰੀਆਂ ਦੱਸੀਆਂ ਜੁਗਤਾਂ ਨਾਲ ਈ ਹੋਇਆ।

ਮੈਂ ਲੀਡਰਾਂ ਨੂੰ ਸਮਝਾਇਆ ਪਈ ਵਿਚੋਂ ਅਸਲੀ ਗੱਲ ਤਾਂ ਲੋਕਾਂ ਤੇ ਹਕੂਮਤ ਕਰਨ ਦੀ ਆ। ਤੇ ਇਕ ਵਧੀਆ ਹਾਕਮ ਨੂੰ ਚਾਹੀਦਾ ਪਈ ਲੋਕ ਜਿਸ ਵੀ ਤਰੀਕੇ ਕਾਬੂ ਆਉਣ, ਉਹੀ ਤਰੀਕਾ ਵਰਤੇ। ਜੇ ਇਕ ਤਰੀਕੇ ਨਾਲ ਹੁਣ ਨਈ ਕਾਬੂ ਆਉਂਦੇ ਤਾਂ ਕੋਈ ਹੋਰ ਟਰਾਈ ਕਰ ਲਓ। ਸਮਾਰਟ ਬੰਦੇ ਤਾਂ ਗੱਲ ਮੰਨ ਗਏ। ਜਿਹੜੇ ਆਖੇ ਨਹੀਂ ਲੱਗੇ ਉਹਨਾਂ ਦਾ ਹਾਲ ਵੀ ਤੁਸੀਂ ਦੇਖਿਆ ਈ ਆ। ਉਹ ਰੁਮਾਨੀਆ ਦਾ ਚਚੈਸਕੂ, ਚੱਕ ਤਾ ਕਿ ਨਈ ਅਗਲਿਆਂ ਨੇ ਰਾਤੋ ਰਾਤ, ਵੇਹੜੇ ਆਲਿਆਂ ਦੀ ਚੋਰੀ ਕੀਤੀ ਬੱਕਰੀ ਆਂਡ। ਖੈਰ ਇਹ ਯੂਰਪ ਦੇ ਲੀਡਰਾਂ ਬਾਰੇ ਮੈਂ ਤੁਹਾਨੂੰ ਫੇਰ ਕਿਸੇ ਵੇਲੇ ਦੱਸੂੰਗਾ, ਇਹ ਲੰਮੀਆਂ ਸ਼ਟੋਰੀਆਂ ਆਂ, ਪਹਿਲਾਂ ਤੁਹਾਨੂੰ ਇਹ ਦੱਸਦਾਂ ਪਈ ਪਿਛਲੀਆਂ ਗਰਮੀਆਂ 'ਚ ਚੀਨ ਦੇ ਹਾਕਮਾਂ ਨੂੰ ਮੈਂ ਕਿਹੜੀਆਂ ਜੁਗਤਾਂ ਦੱਸ ਕੇ ਆਇਆਂ।

ਜਦੋਂ ਜੀ ਮੈਂ ਸੁਣਿਆਂ ਪਈ ਚੀਨੀ ਹਾਕਮਾਂ ਨੇ ਆਪਣੇ ਲੋਕਾਂ ਉਪਰ ਐਨੇ ਵਾਹ ਗੋਲੀ ਚਲਾਈ ਆ ਮੈਨੂੰ ਤਾਂ ਯਕੀਨ ਨਾ ਆਵੇ, ਪਈ ਇਹੋ ਜਿਹੇ ਅਹਿਮਕ ਬੰਦੇ ਵੀ ਹੈਗੇ ਆ ਦੁਨੀਆਂ 'ਚ। ਅੱਜ ਕੱਲ ਤਾਂ ਹਕੂਮਤ ਕਰਨ ਦਾ ਚੱਕਰ ਈ ਸਿੱਧਾ ਐ, ਪਈ ਬਾਕੀ ਚੀਜ਼ਾਂ ਆਂਡ ਲੋਕਾਂ ਨੂੰ ਕਾਬੂ ਕਰਨ ਦਾ, ਮਾਰਨ ਕੁੱਟਣ ਦਾ, ਸਾਰਾ ਕੰਮ ਈ ਪ੍ਰਾਈਵੇਟ ਹੱਥਾਂ 'ਚ ਦੇ ਦਿਓ। ਮੈਂ ਹੈਰਾਨ ਸੀ ਪਈ ਉਦਾਂ ਤਾਂ ਚੀਨੀ ਹਾਕਮਾਂ ਇਧਰਲੇ ਪਾਸੇ ਨੂੰ ਬੜੀ ਕਾਹਲੀ ਨਾਲ ਕਦਮ ਪੁੱਟੇ ਆ ਪਰ ਲੋਕਾਂ ਨੂੰ ਸਹੀ ਤਰੀਕੇ ਨਾਲ ਕਾਬੂ ਕਰਨ ਵਲ ਧਿਆਨ ਹੀ ਨਹੀਂ ਦਿੱਤਾ। ਮੈਨੂੰ ਇਕ ਦਮ ਜਾਪਿਆ ਕਿ ਮੇਰੀ ਉਹਨਾਂ ਨੂੰ ਸਖਤ ਲੋੜ ਐ। ਦਰਅਸਲ ਆਪਣੇ ਮੂੰਹੋਂ ਹੁਣ ਮੈਂ ਆਪਣੀ ਸਿਫਤ ਕੀ ਕਰਾਂ ਮੈਂ ਤਾਂ ਲੋਕਾਂ ਲਈ ਆਪਣਾ ਸੱਭ ਕੁਝ ਦਾਅ 'ਤੇ ਲਾਉਣ ਵਾਲਾ ਸ਼ਖਸ ਹਾਂ। ਆਪਣੀ ਸਾਂਝ ਵਾਲੇ ਬੰਦਿਆਂ ਕੋਲੇ ਤਾਂ ਕਈ ਵਾਰੀ ਆਪਣੀ ਤੁਲਣਾ ਮੈਂ ਆਹ ਗੋਰਿਆਂ ਦੇ ਸੁਪਰਮੈਨ ਨਾਲ ਕਰਦਾ ਹੁੰਨਾਂ।

ਸੋ ਦੁਖੀਆਂ ਦੀ ਮੱਦਦ ਕਰਨ ਦੀ ਆਪਣੀ ਆਦਤ ਤੋਂ ਮਜ਼ਬੂਰ, ਰੈਟਵੇ ਚੀਨ ਨੂੰ ਜਾਣ ਦੀ ਤਿਆਰੀ ਕਰ ਲਈ। ਮੈਂ ਸੋਚਿਆ ਕਿਉਂ ਨਾ ਜਾਣ ਤੋਂ ਪਹਿਲਾਂ ਪ੍ਰਧਾਨ ਬੁਸ਼ ਨਾਲ ਵੀ ਗੁਫਤਗੂ ਕਰ ਲਵਾਂ। ਲਓ ਜੀ ਮੈਂ ਤਕਾਲਾਂ ਜਿਹੀਆਂ ਨੂੰ ਫੋਨ ਕੀਤਾ ਤਾਂ ਉਹ ਖਾਣਾ ਖੁਣਾ ਖਾ ਕੇ ਆਪਣੀ ਬਿੱਲੀ ਨਾਲ ਖੇਡਣ ਡਿਹਾ ਸੀ। ਮੇਰਾ ਬੋਲ ਸੁਣ ਕੇ ਖਿਲ ਉਠਿਆ। ਕਹਿਣ ਲੱਗਾ ਪਈ ਚੀਨ ਨੂੰ ਜਾਣ ਤੋਂ ਪਹਿਲਾਂ ਤੂੰ ਇਥੇ ਮੇਰੇ ਕੋਲੇ ਵਾਸ਼ਿੰਗਟਨ ਆ, ਆਪਾਂ ਨੂੰ ਕਈ ਚਿਰ ਹੋ ਗਿਆ ਮਿਲਿਆਂ ਨੂੰ। ਬਾਹਲਾ ਹੀ ਤਿਹੁ ਜਿਹਾ ਕਰੀ ਜਾਵੇ। ਅਖੇ ਤੈਂ ਮੇਰੀ ਲੈਕਸ਼ਨਾਂ ਵਿੱਚ ਵੀ ਇੰਨੀ ਮੱਦਦ ਕੀਤੀ ਆ ਫਲਾਨਾ ਧਿਮਕੜਾ।

ਖੈਰ ਜੀ ਮੈਂ ਕਾਹਲੀ 'ਚ ਸੀ, ਮੈਂ ਕਿਹਾ ਜਾਰਜ ਇਹ ਤਾਂ ਮੇਰਾ ਫਰਜ ਈ ਬਣਦਾ ਆ। ਤੂੰ ਦੱਸ ਜੇ ਕੋਈ ਖਾਸ ਗੱਲ ਚੀਨੀ ਲੀਡਰਾਂ ਨੂੰ ਕਹਿਣੀ ਚਾਹੁੰਨਾਂ ਤਾਂ ਮੈਂ ਕਹਿ ਦੇਊਂਗਾ। ਉਹ ਕਹਿਣ ਲੱਗਾ ਆਪਣੇ ਬੰਦਿਆਂ ਨੇ ਉਥੇ ਜੋ ਕਰਨਾ ਕਰਾਉਣਾ ਸੀ, ਪਹਿਲਾਂ ਈ ਕਰ ਕਰਾ ਚੁੱਕੇ। ਹਾਂ ਤੂੰ ਚੇਅਰਮੈਨ ਨੂੰ ਇੰਨਾ ਜਰੂਰ ਕਹੀਂ ਪਈ ਉਹ ਮੌਕੇ ਦੇ ਮੁਤਾਬਕ ਕੰਮ ਕਰਨੇ ਸਿਖਣ। ਉਹਨੂੰ ਦੱਸੀਂ ਪਈ ਜਿੰਨੇ ਬੰਦੇ ਤੂੰ ਟੈਂਕਾਂ ਨਾਲ ਮਾਰੇ ਆ ਉਨੇ ਤਾਂ ਸਾਡੇ ਮੁਲਕ 'ਚ ਨਸ਼ਾ ਪੱਤੀ ਕਰਨ ਆਲੇ ਹਰ ਹਫਤੇ ਮਾਰ ਦਿੰਦੇ ਆ। ਸਾਨੂੰ ਬੰਦੇ ਮਰਨ ਦੀ ਨਰਾਜ਼ਗੀ ਨਹੀਂ, ਨਰਾਜ਼ਗੀ ਤਾਂ ਇਸ ਗੱਲ ਦੀ ਹੈ ਕਿ ਇਹ ਕੰਮ ਬੇਵਕੂਫਾਂ ਵਾਂਗ ਕੀਤਾ ਗਿਆ ਹੈ। ਜਾਰਜ ਮੈਨੂੰ ਕਹਿਣ ਲੱਗਾ ਸਾਰੀ ਗੱਲ ਦਾ ਤੈਨੂੰ ਪਤਾ ਈ ਆ, ਜੇ ਨਹੀਂ ਤਾਂ ਮੈਂ ਇਥੋਂ ਤੇਰੇ ਨਾਲ ਕੋਈ ਬੰਦਾ ਭੇਜਾਂ।

ਜਾਰਜ ਦੀ ਇਸ ਗੱਲ ਤੇ ਮੈਂ ਮਨ 'ਚ ਕਿਹਾ, ਲਓ ਜੀ ਇਹ ਹੁਣ ਵਾਸ਼ਿੰਗਟਨ ਚੋਂ ਕਿਸੇ ਛੋਕਰੇ ਜਿਹੇ ਕਲਰਕ ਨੂੰ ਭੇਜ ਕੇ ਮੈਨੂੰ ਸਮਝਾਊਗਾ। ਜਾਣੀ ਕਿ ਜਗਤ ਪ੍ਰਸਿੱਧ ਜੁਗਤੂ ਨੂੰ ਇਹ ਕੋਈ ਜੁਗਤ ਦੱਸਣਗੇ! ਵਾਹ ਬਈ ਵਾਹ! ਖੈਰ! ਉਹਨੂੰ ਟੋਕ ਕੇ ਤਾਂ ਮੈਂ ਕੁਛ ਕਹਿ ਨਹੀਂ ਸੀ ਸਕਦਾ, ਅਕਸਰ ਨੂੰ ਅਗਲਾ ਪ੍ਰਧਾਨ ਆ, ਤੇ ਪ੍ਰਧਾਨ ਵੀ ਸੱਭ ਤੋਂ ਵੱਧ ਬੰਬਾਂ ਵਾਲੇ ਮੁਲਕ ਦਾ - ਪ੍ਰਧਾਨ ਤਾਂ ਇਥੇ ਗੁਰਦੁਆਰੇ ਦਾ ਨਹੀਂ ਕਿਸੇ ਦੀ ਝੱਲਦਾ। ਮੈਂ ਬੜੇ ਸਨਮਾਨ ਨਾਲ ਕਿਹਾ, ਨਹੀਂ ਜੀ ਮੈਨੂੰ ਸਾਰੀ ਗੱਲ ਦੀ ਸਮਝ ਆ ਤੇ ਮੈਂ ਆਪੇ ਹੀ ਸਮਝਾ ਦਊਂ ਉਹਨਾਂ ਨੂੰ।

ਲਓ ਜੀ ਮੈਂ ਰੈਟਵੇ ਪਹੁੰਚ ਗਿਆ ਚੀਨ। ਉਹਨਾਂ ਨੇ ਮੇਰੀ ਚੰਗੀ ਆਓ ਭਗਤ ਕੀਤੀ। ਉਹ ਕਹਿਣ ਗੁਰਬਚੂ ਤੋਂ ਬਾਅਦ ਮੈਂ ਹੀ ਬਹੁਤੇ ਅਸਰ-ਰਸੂਖ ਆਲਾ ਬੰਦਾ ਆਇਆਂ ਉਹਨਾਂ ਦੇ ਮੁਲਕ। ਉਹ ਵੀ ਥੋੜ੍ਹੇ ਈ ਦਿਨ ਪਹਿਲਾਂ ਗਿਆ ਸੀ ਉਥੇ। ਅਸਲੀਅਤ ਤਾਂ ਇਹ ਆ ਪਈ ਮੇਰੇ ਆਂਡ ਗੁਰਬਚੂ ਦਾ ਵੀ ਬਹੁਤ ਹੱਥ ਆ ਇਹ ਸਾਰੇ ਮਾਮਲੇ 'ਚ। ਅਸੀਂ ਦੋਨ੍ਹਾਂ ਨੇ ਆਪਸ ਵਿਚ ਫੈਸਲਾ ਕਰ ਲਿਆ ਸੀ ਕਿ ਉਹ ਹਰ ਥਾਂ ਜਾ ਕੇ ਚੇਂਜ਼ ਲਿਆਉਣ ਦੀ ਗੱਲ ਕਰੂ ਤੇ ਮੈਂ ਦਸੂੰ ਪਈ ਇਹ ਚੇਂਜ਼ ਲਿਆਈ ਕਿੱਦਾਂ ਜਾ ਸਕਦੀ ਆ।

ਕੇਰਾਂ ਤਾਂ ਆਪਣੇ ਬੇਲੀ ਗੁਰਬਚੂ ਨੇ ਥਾਂ ਥਾਂ ਜਾ ਕੇ ਪਟਾਕੇ ਪੁਆ ਤੇ। ਆਪਾਂ ਵੀ ਆਪਣੀ ਪੂਰੀ ਡੀਊਟੀ ਨਿਭਾਈ। ਪਰ ਹੁਣ ਤਾਂ ਸਾਰੀ ਗੱਲ ਦਾ ਸਿਹਰਾ ਈ ਕਈ ਉਹਦੇ ਸਿਰ ਬੰਨੀ ਜਾਂਦੇ ਆ। ਅਮਰੀਕਾ ਆਲੇ ਤਾਂ ਖਾਸ ਤੌਰ ਤੇ ਅੱਜ ਕੱਲ ਉਹਨੂੰ ਹੀਰੋ ਬਣਾਉਣ ਤੇ ਤੁਲੇ ਹੋਏ ਆ। ਅਖੇ ਉਹ ਇਸ ਦਹਾਕੇ ਦਾ ਸੱਭ ਤੋਂ ਵਧੀਆ ਬੰਦਾ ਆ। ਮੈਨੂੰ ਤਾਂ ਲੱਗਦਾ ਉਹਨੂੰ

ਨੋਬਲ ਪਰੈਜ਼ ਵੀ ਦੇਣਗੀ। ਬੱਸ ਸਾਰਾ ਈ ਧਿਆਨ ਗੁਰਬਚੂ 'ਤੇ। ਤੇ ਸਾਡਾ ਕਿਸੇ ਨੂੰ ਚਿੱਤ ਚੇਤਾ ਈ ਨਈ। ਪਰ ਆਪਾਂ ਤਾਂ ਹੋਏ ਸੁਪਰਮੈਨ, ਆਪਾਂ ਨੂੰ ਟੱਟ ਪੂੰਜੀਏ ਨੋਬਲ ਇਨਾਮਾਂ ਨਾਲ ਕੀ। ਅਮਰੀਕਾ ਆਲੇ ਉਦਾਂ ਬੰਦੇ ਮਾੜੇ ਨਈ, ਪਰ ਕਈ ਵਾਰੀ ਨਵਿਆਂ ਨਾਲ ਲਾਕੇ ਪੁਰਾਣਿਆਂ ਨੂੰ ਭੁੱਲ ਜਾਂਦੇ ਆ। ਆਹ ਬੁਸ਼, ਜਦੋਂ ਅਜੇ ਪ੍ਰਧਾਨ ਨਈ ਸੀ ਤਾਂ ਅਸੀ ਕੱਠੇ ਫਿਰਦੇ ਤੁਰਦੇ ਰਹੇ ਆਂ। ਕਈ ਆਰੀ ਅਸੀਂ ਆਹ ਪਨਾਮਾ ਦੇ ਨੌਰੀਗੇ ਨੂੰ ਵੀ ਮਿਲੇ। ਕੱਠਿਆਂ ਖਾਧਾ ਪੀਤਾ। ਪਰ ਉਹ ਸੌਹਰਾ ਨੌਰੀਗਾ ਥੋੜ੍ਹਾ ਜਿਹਾ ਲਾਲਚੀ ਜਾਦੇ ਹੋ ਗਿਆ, ਡਰੱਗਾਂ ਚੋਂ ਬਣਦੇ ਸਾਰੇ ਡਾਲਰ ਆਪ ਈ ਰੱਖਣ ਲੱਗ ਪਿਆ। ਬਥੇਰਾ ਸਮਝਾਇਆ, ਮੰਨੇ ਈ ਨਾ। ਇਕ ਦਿਨ ਬੁਸ਼ ਨੇ ਮੈਨੂੰ ਫੋਨ ਕੀਤਾ, ਕਹਿੰਦਾ ਜੁਗਤੂ ਜੀ ਦੱਸੋ ਕੀ ਕਰੀਏ? ਮੈਂ ਕਿਹਾ ਮਾਰ ਸਾਲੇ ਦੇ ਮੂੰਹ ਤੇ ਦੋ ਥੱਪੜ, ਮੰਦਰ 'ਚ ਫਿਰਦੇ ਬਾਂਦਰ ਆਂਙ ਚਾਮਲਿਆ ਫਿਰਦੈ। ਓਦਣੇ ਤੜਕੇ ਈ ਭੇਜ ਤੇ ਬੁਸ਼ ਨੇ ਬੰਦੇ, ਤੇ ਚੱਕ ਤੇ ਫੱਟੇ।

ਮੁਆਫ ਕਰਨਾ ਮੈਂ ਹਰ ਵਾਰੀ ਗੱਲ ਲਾਂਭੇ ਈ ਲੈ ਜਾਨੈ। ਦਰਅਸਲ ਪਰਾਬਲਮ ਇਹ ਆ, ਪਈ ਤੁਸੀਂ ਮਿਲਦੇ ਓਂ ਕਦੀ ਕਦੀ, ਤੇ ਗੱਲਾਂ ਕਰਨ ਆਲੀਆਂ ਹੁੰਦੀਆਂ ਬਹੁਤ। ਧੰਦਾ ਸਾਡਾ ਵੀ ਹੱਥ ਦੇਖਣ ਆਲੇ ਪਾਂਡਿਆਂ ਆਂਙ ਤੇ ਇਮੀਗਰੇਸ਼ਨ ਦੇ ਜੁਗਤੂਆਂ ਆਂਙ ਵਾਹਵਾ ਚਲਦੈ, ਤੇ ਫੇਰ ਕਹਾਣੀਆਂ ਦੇ ਤਾਂ ਬੁੱਕ ਭਰ ਜਾਂਦੇ ਆ। ... ਖੈਰ, ਜੀ ਜਦੋਂ ਮੈਂ ਚੀਨ ਆਲਿਆਂ ਨਾਲ ਗੱਲ ਕੀਤੀ ਤਾਂ ਉਹ ਸਫਾਈਆਂ ਜਿਹੀਆਂ ਪੇਸ਼ ਕਰੀ ਜਾਣ। ਕਹਿੰਦੇ ਤੁਸੀਂ ਆਪ ਜਾ ਕੇ ਟੀਨਾਮੈਨ ਸਕੇਅਰ ਦੇਖ ਲਓ। ਅਸੀ ਕੋਈ ਖਰਾਬੀ ਆਲੀ ਗੱਲ ਕੀਤੀ ਈ ਨਹੀਂ, ਇਹ ਤਾਂ ਪੱਛਮੀ ਮੀਡੀਆ ਸਾਰੀ ਗੱਲ ਨੂੰ ਵਧਾ ਚੜ੍ਹਾ ਕੇ ਪੇਸ਼ ਕਰ ਰਿਹੈ। ਮੈਂ ਕਿਹਾ ਦੇਖੋ, ਨਾ ਮੇਰੇ ਕੋਲ ਵਾਧੂ ਵਕਤ ਆ ਤੇ ਨਾ ਈ ਤੁਹਾਡੇ ਕੋਲ। ਮੈਨੂੰ ਕੱਲੇ ਨੂੰ ਕੁਝ ਸਮਾਂ ਆਪਣੇ ਲੀਡਰ ਨਾਲ ਮਿਲਣ ਦਾ ਮੌਕਾ ਦਿਓ।

ਸੋ ਚੇਅਰਮੈਨ ਸਾਹਿਬ ਮਿਲੇ। ਕਮਰੇ 'ਚ ਬਿਲਕੁਲ ਗੌਡ ਫਾਦਰ ਫਿਲਮ ਦੇ ਸੀਨ ਵਰਗਾ ਮਾਹੌਲ। ਚੇਅਰਮੈਨ ਵੀ ਪਹਿਲਾਂ ਕਸੂਰਵਾਰ ਪੁੱਤ ਦੇ ਅਮੀਰ ਪੇ ਆਂਙ ਪੋਚੇ ਜਿਹੇ ਫੇਰਨ ਲੱਗਾ। ਮੈਂ ਤਾਂ ਉਹਨੂੰ ਸਿੱਧਾ ਈ ਪੈ ਗਿਆ। ਮੈਂ ਕਿਹਾ ਮੈਂ ਕੋਈ ਤੈਨੂੰ ਜੱਜ ਦੀਹਦਾਂ, ਤੂੰ ਲੱਗੈਂ ਸਬੂਤ ਪੇਸ਼ ਕਰਨ। ਭਾਈ ਮੈਂ ਤਾਂ ਜੁਗਤੂ ਆਂ ਤੇ ਸਿਰਫ ਤੁਹਾਨੂੰ ਕੁਝ ਜੁਗਤਾਂ ਦੱਸਣੀਆਂ, ਬੱਸ।

ਜਦੋਂ ਮੈਂ ਜੁਗਤ ਦਾ ਨਾਂ ਲਿਆ, ਚੇਅਰਮੈਨ ਤਾਂ ਸਿੱਧਾ ਹੋ ਕੇ ਬਹਿ ਗਿਆ ਚੇਅਰ 'ਚ। ਕਹਿਣ ਲੱਗਾ ਪਈ ਤੁਸੀਂ ਕਿਤੇ ਜਗਤ ਪ੍ਰਸਿੱਧ ਜੁਗਤੂ ਤਾਂ ਨਹੀਂ। ਮੈਂ ਅੱਗੋਂ ਆਪਣੀ ਖਾਸ ਹਾਸੀ ਹੱਸ ਕੇ ਕਿਹਾ, ਹੋਰ ਪੁਲੀ ਥੱਲੇ ਸੈਂਕਲਾਂ ਨੂੰ ਪਿੰਚਰ ਲਾਉਣ ਆਲਾ ਝੀਟਾ ਦੀਹਦਾ ਮੈਂ ਤੈਨੂੰ। ਲਓ ਜੀ ਚੇਅਰਮੈਨ ਦੇ ਤੌਰ ਤਰੀਕਿਆਂ 'ਚ ਇਕ ਦੰਮ ਫਰਕ ਆ ਗਿਆ। ਕਹਿਣ ਲੱਗਾ, ਤੁਹਾਨੂੰ ਤਾਂ ਅਸੀ ਬਹੁਤ ਦਿਨ ਭਾਲਦੇ ਰਹੇ ਹਾਂ। ਸਾਨੂੰ ਤਾਂ ਤੁਹਾਡੇ ਬਾਰੇ ਰਜੀਵ ਗਾਂਧੀ ਹੋਰੀ ਦੱਸ ਗਏ ਸੀ ਸਭ ਕੁਝ।

ਮੈਂ ਕਿਹਾ ਦੇਖੋ ਜੀ ਆਪਾਂ ਤਾਂ ਹਮੇਸ਼ਾਂ ਛੋਟੇ, ਵੱਡੇ, ਤਕੜੇ, ਮਾੜੇ ਸੱਭ ਨੂੰ ਜੁਗਤ ਦੱਸਣ ਲਈ ਤਿਆਰ ਰਹੀਦਾ। ਸਾਰਿਆਂ ਨੂੰ ਇਕੋ ਜਿਹਾ ਟਰੀਟ ਕਰੀਦਾ, ਬੱਸ ਬਾਬੇ ਨਾਨਕ ਆਂਙ ਸਾਰਿਆਂ ਨੂੰ ਪੰਜ ਪਿਆਰੇ ਜਾਣੀਦੈ। ਸਿਰਫ ਇਸ ਗੱਲ 'ਚ ਮੈਂ ਸੁਪਰਮੈਨ ਨਾਲੋਂ ਆਪਣੇ ਆਪ ਨੂੰ ਵੱਖਰਾ ਸਮਝਦਾਂ। ਉਹ ਤਾਂ ਜੀ ਸਾਡੇ ਪਿੰਡ ਆਲੇ ਲੱਡੂ ਆਂਙ ਚੰਗੇ ਕੰਮਾਂ ਲਈ ਲਾ ਲਾ ਕਰਦਾ ਫਿਰੂ। ਜਾਣੀ ਉਹਦੀ ਜ਼ਿੰਦਗੀ ਦਾ ਲਕਸ਼ ਆ ਪਈ ਦੁਨੀਆਂ 'ਚ ਹਰ ਪਾਸੇ ਚੰਗਾਈ ਦਾ ਈ ਬੋਲ ਬਾਲਾ ਹੋਵੇ। ਆਪਾਂ ਨੂੰ ਇਹੋ ਜਿਹੀਆਂ ਗੱਲਾਂ ਦੀ ਪਰਵਾਹ ਨਹੀਂ। ਅਸੀਂ ਤਾਂ ਬਿਲਕੁਲ ਅਲੱਗ ਬੰਦੇ ਆਂ। ਜੁਗਤ ਦੱਸਣੀ ਤਾਂ ਆਪਣੇ ਲਈ ਕਲਾ ਆ, ਤੇ ਵਧੀਆ ਕਲਾ ਦਾ ਨਾ ਕੋਈ ਧਰਮ ਤੇ ਨਾ ਹੀ ਕੋਈ ਸਿਆਸਤ ਹੁੰਦੀ ਆ। ਆਪਾਂ ਤਾਂ ਸ਼ਹਿਰ ਦੇ ਜੇ ਕਿਸੇ ਹਿੱਸੇ ਵਿੱਚ ਚੋਰੀਆਂ ਬਹੁਤੀਆਂ ਹੁੰਦੀਆਂ ਹੋਣ, ਤਾਂ ਜਾ ਕੇ ਲੋਕਾਂ ਨੂੰ ਚੋਰਾਂ ਤੋਂ ਬਚਣ ਦੀ ਜੁਗਤ ਦੱਸਾਂਗੇ, ਤੇ ਜੇ ਕਿਸੇ ਪਾਸੇ ਚੋਰੀਆਂ ਘੱਟ ਹੁੰਦੀਆਂ ਹੋਣ, ਤਾਂ ਜਾ ਕੇ ਚੋਰਾਂ ਨੂੰ ਵੀ ਜੁਗਤ ਦੱਸਾਂਗੇ ਪਈ ਉਹਨਾਂ ਦਾ ਕੰਮ ਕਿਵੇਂ ਚਮਕ ਸਕਦਾ ਆ।

ਪਰ ਜਿਵੇਂ ਹਰ ਕਸਬ ਵਿੱਚ ਕੁਛ ਰਿਸਕ ਵੀ ਹੁੰਦੇ ਆ, ਸਾਡੇ ਆਲੇ ਕੰਮ ਵਿੱਚ ਵੀ ਹੈਗੇ ਆ। ਚੇਅਰਮੈਨ ਨੂੰ ਤਾਂ ਆਪਾਂ ਇਹ ਗੱਲ ਨਹੀਂ ਦੱਸੀ, ਤੁਹਾਨੂੰ ਦੱਸਣ ਲੱਗਾ, ਪਈ ਦਰਅਸਲ ਇੰਦਰਾ ਗਾਂਧੀ ਨੂੰ ਸਿੰਘਾਂ 'ਤੇ ਹਮਲਾ ਕਰਨ ਦੀ ਸੁਲਾਹ ਵੀ ਮੈਂ ਈ ਦਿੱਤੀ ਸੀ।

ਪਰ ਉਹ ਸੁਲਾਹ ਪੈ ਗਈ ਪੁੱਠੀ। ਉਹਨੇ ਪੜੋਤਿਆਂ ਆਲੀ ਹੋ ਕੇ ਮਰਨਾ ਸੀ, ਅਗਲਿਆਂ ਨੇ ਪਹਿਲਾਂ ਈ ਗੱਡੀ ਚੜ੍ਹਾਤੀ। ਮੈਂ ਤਾਂ ਉਸੇ ਵੇਲੇ ਪਹੁੰਚ ਗਿਆ ਬੇਟੇ ਰਜੀਵ ਕੋਲ। ਮੈਂ ਉਹਨੂੰ ਕਿਹਾ ਕਾਕਾ ਦੇਖੀ ਤੂੰ ਵੀ ਕਿਤੇ ਆਪਣੀ ਮਾਂ ਵਾਲੀ ਗਲਤੀ ਨਾ ਕਰ ਬੈਠੀਂ। ਸਮਝ ਤੋਂ ਕੰਮ ਲਈਂ ਹੋਰ ਕਿਤੇ ਪਹਿਲਾਂ ਈ ਨਾ ਆਪਣਾ ਜਹਾਜ਼ ਗਲਤ ਅੱਡੇ 'ਤੇ ਉਤਾਰ ਦੇਵੀਂ। ਜਿਹਨਾਂ ਲੋਕਾਂ ਤੇ ਤੈਨੂੰ ਗੁੱਸਾ ਆ ਉਹਨਾਂ ਨੂੰ ਸਬਕ ਸਿਖਾਉਣ ਦਾ ਵਧੀਆ ਤਰੀਕਾ ਤੈਨੂੰ ਮੈਂ ਦੱਸਦਾਂ। ਉਹਨੂੰ ਮੈਂ ਜੁਗਤ ਦੱਸੀ ਪਈ ਇਸ ਕੰਮ ਨੂੰ ਪ੍ਰਾਈਵੇਟ ਹੱਥਾਂ 'ਚ ਦੇਹ, ਤੇਰਾ ਵੀ ਫਾਇਦਾ ਤੇ ਕੰਮ ਕਰਨ ਵਾਲਿਆ ਦਾ ਵੀ। ਹਾਂ ਜੀ ਪ੍ਰਾਈਵੇਟ ਕੰਮ ਦੀ ਇਹੀ ਤਾਂ ਸਿਫਤ ਆ, ਜਿੰਨਾ ਕੋਈ ਵੱਧ ਕਰੂ ਉਨਾਂ ਈ ਵੱਧ ਖਾਊ। ਤੇ ਲਾਲਚ 'ਚ ਆਇਆ ਬੰਦਾ ਤਾਂ ਕੰਮ ਦੇ ਢੇਰ ਲਾ ਦਿੰਦੈ। ਲਓ ਜੀ ਸਿਆਣੇ ਬੰਦਿਆਂ ਦੀ ਔਲਾਦ ਅਕਸਰ ਗੱਲ ਮੰਨ ਲੈਂਦੀ ਆ। ਰਜੀਵ ਨੇ ਸਾਡੀ ਜੁਗਤ ਮੁਤਾਬਕ ਦੇਸ ਦੇ ਇਕ ਪੂਰੇ ਦੇ ਪੂਰੇ ਫਿਰਕੇ ਨੂੰ ਸਬਕ ਸਿਖਾਉਣ ਦਾ ਕੰਮ ਪ੍ਰਾਈਵੇਟ ਹੱਥਾਂ 'ਚ ਦੇ ਦਿੱਤਾ, ਤੇ ਨਤੀਜਾ ਤਾਂ ਤੁਸੀਂ ਜਾਣਦੇ ਈ ਆਂ। ਫੇਰ ਮੈਂ ਲੈਕਸ਼ਨ ਤੱਕ ਉਥੇ ਹੀ ਰਿਹਾ ਤੇ ਦੇਸ਼ ਦੀ ਏਕਤਾ ਦੇ ਨਾਂ 'ਤੇ ਉਹਨੂੰ ਕੌਮ ਦਾ ਨੇਤਾ ਬਣਾ ਕੇ ਆਇਆ। ਖੈਰ ਪਿਛੋਂ ਜਿਹੇ ਆ ਕੇ ਤਾਂ ਉਹਦੇ ਨਾਲ ਵੀ ਆਪਣੀ ਥੋੜੀ ਅਣਬਣ ਹੋ ਗਈ ਸੀ। ਹੁਣ ਤੁਹਾਥੋਂ ਕੀ ਲਕੋਅ ਆ, ਹੋਇਆ ਇਦਾਂ ਪਈ ਉਹ ਥੋੜ੍ਹਾ ਜਿਹਾ ਆਪਣੀ ਜੇਬ ਦਾ ਜ਼ਿਆਦਾ ਖਿਆਲ ਕਰਨ ਲੱਗ ਪਿਆ। ਆਪਾਂ ਗੁੱਸੇ 'ਚ ਆ ਕੇ ਦੂਜੇ ਪਾਸੇ ਹੋ ਗਏ। ਆਪਾਂ ਨੂੰ ਕੀ ਆਪਾਂ ਤਾਂ ਜੁਗਤਾਂ ਦੱਸਣੀਆਂ। ਆਪਾਂ ਜਾ ਕੇ ਦੂਜਾ ਪਾਸਾ ਜਤਾ ਤਾ।

ਖੈਰ ਜਦੋਂ ਮੈਂ ਚੇਅਰਮੈਨ ਦਾ ਰਵੱਈਆ ਆਪਣੀ ਵਲਾਂ ਸ਼ਰਧਾ ਵਾਲਾ ਦੇਖਿਆ ਤਾਂ ਆਪਾਂ ਡੇਰੇ ਆਲੇ ਸੰਤਾਂ ਆਂਙ ਜੁੱਤੀ ਲਾਹੀ ਤੇ ਚੌਕੜੀ ਮਾਰ ਕੇ ਬੈਠ ਗਏ ਸੋਫੇ 'ਤੇ। ਚੇਹਰੇ 'ਤੇ ਰੱਬੀ ਨੂਰ ਲਿਆ ਕੇ, ਸੱਜਾ ਹੱਥ ਚੁੱਕ ਕੇ ਅੰਗਰੇਜੀ ਪੰਜਾਬੀ ਤੇ ਚੀਨੀ ਦੀ ਮਿਲਗੋਭੀ ਜਿਹੀ 'ਚ ਜੁਗਤ ਦੱਸਣ ਲੱਗੇ, ਜਿਦਾਂ ਪਾਕਿਸਤਾਨੀ ਟੀ ਵੀ ਡਰਾਮਿਆਂ ਦੇ ਕਿਰਦਾਰ ਉਰਦੂ ਪੰਜਾਬੀ ਤੇ ਅੰਗਰੇਜੀ ਦੇ ਮਿਲਗੋਭੇ ਵਰਗਾ ਕੁਛ ਬੋਲਦੇ ਹੁੰਦੇ ਆ ਘਰੋੜ ਘਰੋੜ ਕੇ। ਮੈਂ ਕਿਹਾ ਚੇਅਰਮੈਨ ਸਾਈਂ ਹੁਣ ਗੌਰ ਨਾਲ ਸੁਣ, ਆਈ ਟੈੱਲ ਯੂ, ਤੇਰੇ ਦੁੱਖਾਂ ਦਾ ਦਾਰੂ ਕੀ ਹੈ।

ਸੱਭ ਤੋਂ ਪਹਿਲੀ ਜਰੂਰੀ ਸਮਝਣ ਵਾਲੀ ਗੱਲ ਆ ਕਿ ਹਾਕਮਾਂ ਵਿੱਚ ਤੇ ਲੋਕਾਂ ਵਿੱਚ ਬਹੁਤ ਵੱਡਾ ਫਰਕ ਹੁੰਦੈ। ਇਹ ਖੁਸ਼ੀ ਦੀ ਗੱਲ ਹੈ ਕਿ ਹੁਣ ਤੁਸੀਂ ਵੀ ਇਹ ਫਰਕ ਚੰਗੀ ਤਰ੍ਹਾਂ ਸਮਝਣ ਲੱਗ ਪਏ ਹੋ। ਤੁਹਾਡੇ ਇਨਕਲਾਬ ਦੇ ਵੱਡੇ ਚੋਧਰੀ ਤਾਂ ਇਸ ਫਰਕ ਨੂੰ ਸਮਝਣ ਤੋਂ ਈ ਇਨਕਾਰ ਕਰਦੇ ਰਹੇ।

ਦੂਜਾ ਲੋਕਾਂ ਨੂੰ ਅਸਲੀਅਤ ਵਿੱਚ ਕਦੀ ਵੀ ਵੱਡਾ ਦਰਜਾ ਨਾ ਦਿਓ। ਉਂਝ ਉਹਨਾਂ ਨੂੰ ਇਸ ਗੱਲ ਦਾ ਭੁਲੇਖਾ ਜਰੂਰ ਪਾ ਰੱਖੋ ਕਿ ਅਸਲ ਵਿੱਚ ਉਹੀ ਰਾਜ ਕਰਦੇ ਆ। ਮੈਨੂੰ ਪਤੈ ਇਸ ਪਾਸੇ ਵੱਲ ਵੀ ਤੁਸੀਂ ਬੜੇ ਗੰਭੀਰ ਕਦਮ ਪੁੱਟੇ ਆ, ਪਰ ਅਜੇ ਹੋਰ ਕੋਸ਼ਿਸ਼ ਕਰਨ ਦੀ ਲੋੜ ਹੈ। ਇਕ ਹਾਕਮ ਲਈ ਜਰੂਰੀ ਐ ਕਿ ਉਹ ਲੋਕਾਂ ਨੂੰ ਕੀੜਿਆਂ ਮਕੋੜਿਆਂ ਬਰਾਬਰ ਸਮਝੇ ਪਰ ਇਸ ਗੱਲ ਦਾ ਲੋਕਾਂ ਨੂੰ ਕਦੀ ਪਤਾ ਨਾ ਲੱਗੇ। ਲੋਕਾਂ ਤੋਂ ਇਹ ਗੱਲ ਛੁਪਾਈ ਰੱਖਣ ਨੂੰ ਹੀ ਅਸਲ ਵਿੱਚ ਹਕੂਮਤ ਕਰਨੀ ਜਾਂ ਅੱਜ ਦੇ ਯੁੱਗ ਵਿੱਚ ਸਿਆਸਤ ਕਹਿੰਦੇ ਆ।

ਹੁਣ ਤੁਹਾਡੀ ਪਰਾਬਲਮ ਇਹ ਆ ਕਿ ਤੁਸੀਂ ਲੋਕਾਂ ਨੂੰ ਸਮਝਦੇ ਤਾਂ ਕੀੜੇ ਮਕੌੜੇ ਹੀ ਹੋ ਪਰ ਉਹਨਾਂ ਤੋਂ ਇਹ ਗੱਲ ਛੁਪਾ ਨਹੀਂ ਰਹੇ। ਇਥੇ ਆ ਕੇ ਤੁਸੀਂ ਮੇਰੇ ਖਿਆਲ ਵਿੱਚ ਟਪਲਾ ਖਾ ਗਏ ਹੋ। ਚੇਅਰਮੈਨ ਸਾਈਂ ਲੋਕਾਂ ਤੇ ਸਿੱਧੇ ਟੈਂਕ ਚਾੜ ਕੇ ਗੋਲੀ ਬਾਰੀ ਕਰ ਦੇਣੀ ਕਿਸੇ ਟੈਮ ਬਿਲਕੁਲ ਠੀਕ ਗੱਲ ਸੀ। ਦੁਨੀਆਂ ਦੇ ਸਾਰੇ ਹਾਕਮਾਂ ਵਲੋਂ ਇਸ ਕੰਮ ਨੂੰ ਮਾਨਤਾ ਵੀ ਹਾਸਲ ਸੀ। ਹਾਂ ਬਿਗਾਨੇ ਮੁਲਕ 'ਤੇ ਤੁਸੀਂ ਅਜੇ ਵੀ ਟੈਂਕ ਚਾੜ ਦਿਓ ਤਾਂ ਕੋਈ ਏਡੀ ਵੱਡੀ ਗੱਲ ਨਈ। ਨਾ ਸਾਈਂ ਹੁਣ ਅਮਰੀਕਾ ਆਲੇ ਨਿੱਤ ਇਹੀ ਕੰਮ ਕਰਦੇ ਆ। ਅਮਰੀਕਾ ਦੇ ਸਾਰੇ ਪ੍ਰਧਾਨ ਆਪਣੀ ਟੌਹਰ ਜਮਾਉਣ ਲਈ ਆਲੇ ਦੁਆਲੇ ਦੁਨੀਆਂ 'ਚ ਥੋੜੇ ਬਹੁਤੇ ਬੰਬ ਬੁੰਬ ਜਿਹੇ ਮਾਰਦੇ ਈ ਰਹਿੰਦੇ ਆ। ਪ੍ਰਧਾਨ ਰੇਗਨ ਦੇਖਣ ਨੂੰ ਭਾਵੇਂ ਬੁੱਢੇ ਲਾਖੇ ਬੋਲਦ ਲਗਦਾ ਸੀ ਪਰ ਬੜਾ ਚੁਸਤ ਇਹਨਾਂ ਕੰਮਾਂ 'ਚ ਉਹ ਤਾਂ ਅੱਧੀ ਦੁਨੀਆਂ ਨੂੰ ਊਂ ਈ ਡਰਾ ਰੱਖਦਾ ਸੀ। ਬੰਦਾ ਬੜਾ ਲੱਠਾ, ਲੋਹੜੇ ਦੀ ਵਧੀਆ ਐਕਟਿੰਗ ਕਰਦੈ। ਲਓ ਜੀ ਉਹ ਪਤਾ ਈ ਨਈ ਲੱਗਣ ਦਿੰਦਾ ਪਈ ਕਦੋਂ ਉਹ ਸੁੱਤਾ ਹੁੰਦਾ ਤੇ ਕਦੋਂ ਜਾਗਦਾ। ਹੁਣ ਉਹ ਕਦੋਂ ਦਾ ਬੁਸ਼ ਬਣਕੇ ਤੁਰਿਆ ਫਿਰਦੈ ਲੋਕਾਂ ਨੂੰ ਕੋਈ ਪਤਾ ਨਈ ਚਲਦਾ। ਵਾਹ! ਆਪਣੀ ਬੜੀ ਮੰਨਦਾ ਅਜੇ ਵੀ ਉਹੋ।

ਖੈਰ ਜੀ ਮੈਂ ਕਿਹਾ ਚੇਅਰਮੈਨ ਸਾਹਿਬ ਵਕਤ ਦੀ ਨਬਜ਼ ਪਛਾਣੋ। ਹੁਣ ਸਿਆਣੇ ਹਾਕਮ ਇਸ ਕੰਮ ਲਈ ਆਪਣੀ ਫੌਜ ਜਾਂ ਪੁਲਸ ਨਹੀਂ ਵਰਤਦੇ ਸਮਾਜ ਵਿਚਲੇ ਗੁੰਡੇ ਅਨਸਰਾਂ ਨੂੰ ਵਰਤਦੇ ਆ। ਇਸ ਸਦੀ ਦੌਰਾਨ ਹਰ ਮੁਲਕ ਵਿਚ ਵੱਡੀ ਤਾਦਾਦ ਵਿੱਚ ਪੈਦਾ ਹੋਏ ਇਹ ਅਨਸਰ ਸਮਾਜ ਲਈ ਬਹੁਤ ਜਰੂਰੀ ਨੇ ਖਾਸ ਕਰਕੇ ਸਮਾਜ ਵਿਚਲੇ ਖਾਂਦੇ ਪੀਂਦੇ ਲੋਕਾਂ ਦੀ ਭਲਾਈ ਲਈ। ਅਸਲੀਅਤ ਤਾਂ ਇਹ ਹੈ ਕਿ ਜੇ ਅੱਜ ਇਹ ਨਾ ਹੋਣ ਤਾਂ ਪਤਾ ਨਈ ਸਾਡਾ ਬਣੇ ਕੀ। ਖਾਸ ਤੌਰ 'ਤੇ ਤੁਹਾਡੇ ਵਰਗੇ ਤੇ ਭਾਰਤ ਵਰਗੇ ਮੁਲਕ ਵਿੱਚ ਇਹ ਅਨਸਰ ਬਹੁਤ ਜਰੂਰੀ ਐ। ਇਹ ਉਹ ਹੱਥ ਨੇ ਜਿਹਨਾਂ 'ਚ ਲੋਕਾਂ ਨੂੰ ਕਾਬੂ ਕਰਨ ਦਾ ਕੰਮ ਸੌਂਪ ਕੇ ਤੁਸੀ ਆਪ ਪਾਸੇ ਹੋ ਸਕਦੇ ਹੋ। ਨਾਲੇ ਤੁਹਾਨੂੰ ਰਜੀਵ ਨੇ ਖੁੱਦ ਦੱਸਿਆ ਹੋਣਾ ਇਹਦੇ ਬਾਰੇ। ਜੇ ਉਹ ਇਹ ਅਨਸਰ ਨਾ ਵਰਤਦੇ ਤਾਂ ਤੁਹਾਡੇ ਆਂਙ ਸਾਰੀ ਦੁਨੀਆਂ ਵਿੱਚ ਬਦਨਾਮ ਹੁੰਦੇ ਕਿ ਨਾ। ਇੰਦਰਾ ਮਰੀ 'ਤੇ ਉਹਨਾਂ ਨੇ ਤੁਹਾਡੇ ਨਾਲੋਂ ਕਿਤੇ ਵੱਧ ਲੋਕ ਮਾਰੇ ਹੋਣਗੇ ਔਰ ਕਿਤੇ ਬੁਰੇ ਤਰੀਕਿਆਂ ਨਾਲ, ਪਰ ਕਿਸੇ ਵੀ ਮੁਲਕ ਨੇ ਉਹਨਾਂ ਬਾਰੇ ਅਫਸੋਸ ਜ਼ਾਹਰ ਨਹੀ ਕੀਤਾ। ਤੇ ਤੁਹਾਡੀ ਅਲਾਂ ਦੇਖ ਲਓ, ਹਰ ਪਾਸੇ ਤੁਹਾਡੀ ਤੋਏ ਤੋਏ ਹੋਈ ਪਈ ਆ। ਮੈਂ ਸੁਣਿਐ ਕਿ ਇਸ ਅਨਸਰ ਦੀ ਤੁਹਾਡੇ ਮੁਲਕ ਵਿੱਚ ਵਸੋਂ ਬਹੁਤ ਥੋੜ੍ਹੀ ਹੈ। ਸੋ ਸੱਭ ਤੋਂ ਪਹਿਲਾਂ ਤਾਂ ਆਪਣੇ ਮੁਲਕ 'ਚ ਇਹ ਅਨਸਰ ਪੈਦਾ ਕਰਨ ਲਈ ਵੱਡੇ ਪੈਮਾਨੇ ਤੇ ਸਕੀਮਾਂ ਅਰੰਭ ਕਰੋ।

ਤੇ ਪਾੜੋ ਤੇ ਰਾਜ ਕਰੋ ਵਾਲਾ ਪੁਰਾਣਾ ਤਰੀਕਾ ਤਾਂ ਤੁਹਾਨੂੰ ਵੀ ਆਉਂਦਾ ਈ ਹੋਣੈ। ਤੇ ਲੋਕਾਂ ਨੂੰ ਪਾੜਨਾ ਕੋਈ ਮੁਸ਼ਕਲ ਨਹੀਂ। ਇਸ ਕੰਮ ਲਈ ਸਦੀਆਂ ਤੋਂ ਵਰਤਿਆ ਜਾ ਰਿਹਾ ਹਥਿਆਰ ਅਜੇ ਖੁੰਡਾ ਨਹੀਂ ਹੋਇਆ। ਜਾਣੀ ਕਿ ਧਰਮ। ਧਰਮ ਦੇ ਇਹਨਾਂ ਗੁਣਾਂ ਲਈ ਤੁਹਾਨੂੰ ਇਕ ਹਿੰਦੁਸਤਾਨੀ ਤੋਂ ਵੱਧ ਕੌਣ ਦੱਸ ਸਕਦੈ। ਹਾਕਮਾਂ ਨੂੰ ਧਰਮ ਨਾਲ ਜੋ ਹਿੰਦੁਸਤਾਨ ਵਿੱਚ ਫਾਇਦਾ ਹੈ ਉਹੋ ਜਿਹਾ ਕੰਮ ਤੁਸੀਂ ਕਦੀ ਵੀ ਬੰਦੂਕ ਤੋਂ ਨਹੀਂ ਲੈ ਸਕਦੇ। ਹੋਰ ਵੀ ਕਈ ਮੁਲਕ ਹੈਗੇ ਜੋ ਇਹ ਤਰੀਕਾ ਵਰਤ ਰਹੇ ਆ ਪਰ ਭਾਰਤ ਵਾਲੀ ਗੱਲ ਕਿਥੇ। ਭਾਰਤ ਤਾਂ ਉਂਜ ਵੀ ਇਸ ਪੱਖੋਂ ਕੁਦਰਤ ਵਲੋਂ ਹੀ ਬਹੁਤ ਮਾਲਾ ਮਾਲ ਹੈ। ਮੁਲਕਾਂ ਦੀ ਕਿਸਮਤ ਹੁੰਦੀ ਹੈ। ਕਿਸੇ ਮੁਲਕ 'ਚ ਕੋਲਾ ਜਾਦੇ ਹੁੰਦਾ ਕਿਸੇ 'ਚ ਤੇਲ, ਕਿਸੇ 'ਚ ਸੋਨਾ ਤੇ ਕਿਸੇ 'ਚ ਹੀਰੇ, ਭਾਰਤ ਵਿੱਚ ਲੋਕਾਂ ਨੂੰ ਪਾੜਨ ਲਈ ਅਨੇਕਾਂ ਚੀਜ਼ਾਂ ਪੈਦਾ ਹੁੰਦੀਆਂ। ਜਾਤਪਾਤ ਵਰਗੀ ਲਾਹੇਵੰਦ ਚੀਜ਼ ਦੁਨੀਆਂ ਦੇ ਕਿਸੇ ਵੀ ਮੁਲਕ ਕੋਲ ਨਹੀਂ।

ਪਰ ਚੇਅਰਮੈਨ ਸਾਹਿਬ ਮੈਨੂੰ ਪਤਾ ਲੱਗਾ ਆ ਪਈ ਤੁਸੀਂ ਧਰਮ ਨੂੰ ਆਪਣੇ ਮੁਲਕ 'ਚ ਬਿਲਕੁਲ ਹੀ ਬੰਦ ਕੀਤਾ ਹੋਇਆ। ਪਹਿਲਾਂ ਤਾਂ ਇਹ ਮੂਰਖਤਾ ਬੰਦ ਕਰੋ ਤੇ ਧਰਮ ਨੂੰ ਹਰ ਪਾਸੇ ਪੂਰੀ ਤਰ੍ਹਾਂ ਵਧਣ ਫੁੱਲਣ ਦਿਓ।

ਬੋਲੀ, ਇਲਾਕੇ ਬਾਜੀ ਤੇ ਵੱਖਰੀ ਕੌਮ ਦਾ ਭੁਲੇਖਾ ਵੀ ਬਹੁਤ ਕੰਮ ਆਉਣ ਵਾਲੀਆਂ ਚੀਜ਼ਾਂ ਆਂ ਚੇਅਰਮੈਨ ਸਾਹਿਬ। ਪਿਛੇ ਜਿਹੇ ਮੈਂ ਰਸ਼ੀਆ ਆਲਿਆਂ ਨੂੰ ਵੀ ਕੌਮਾਂ ਦੇ ਮਸਲੇ ਨੂੰ ਵਰਤਣ ਦਾ ਪੂਰਾ ਗੁਰ ਦੱਸ ਕੇ ਆਇਆਂ। ਤੇ ਮੈਨੂੰ ਖਬਰ ਆਈ ਆ ਕਿ ਉਹ ਪੂਰੀ ਮੇਹਨਤ ਨਾਲ ਮੇਰੀ ਜੁਗਤ ਤੇ ਅਮਲ ਕਰ ਰਹੇ ਆ। ਹੁਣ ਤੁਹਾਡੇ ਮੁਲਕ ਵਿਚ ਵੀ ਇਹਨਾਂ ਗੱਲਾਂ ਦੀ ਘਾਟ ਨਹੀਂ ਹੋਣੀ। ਉਦਾਂ ਮੈਨੂੰ ਤਾਂ ਤੁਸੀਂ ਸਾਰੇ ਇਕੋ ਜਿਹੇ ਹੀ ਲੱਗਦੇ ਹੋ, ਪਰ ਫਰਕ ਤਾਂ ਤੁਹਾਡੇ ਵਿੱਚ ਵਥੇਰੇ ਹੋਣੇ ਆਂ। ਖੈਰ ਫਰਕ ਲੱਭਣ ਲਈ ਜੇ ਮੱਦਦ ਦੀ ਲੋੜ ਹੋਈ ਤਾਂ ਦੋ ਚਾਰ ਐਕਸਪਰਟ ਹਿੰਦੁਸਤਾਨ 'ਚੋਂ ਭੇਜ ਦਿਆਂਗੇ ਤੁਹਾਨੂੰ।

ਤੇ ਅੱਜ ਦੇ ਜਮਾਨੇ 'ਚ ਲੋਕਾਂ ਨੂੰ ਥਾਂ ਸਿਰ ਰੱਖਣ ਲਈ ਅਮਰੀਕਾ ਵਾਲਿਆਂ ਨੇ ਬਹੁਤ ਹੀ ਮਾਅਰਕੇ ਦੀਆਂ ਚੀਜ਼ਾਂ ਈਜ਼ਾਦ ਕੀਤੀਆਂ। ਔਰ ਦੁਨੀਆਂ ਦਾ ਹਰ ਤਰੱਕੀ ਪਸੰਦ ਮੁਲਕ ਉਹਨਾਂ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕਰ ਰਿਹੈ। ਤੁਹਾਨੂੰ ਵੀ ਇਸ ਪਾਸੇ ਫੌਰਨ ਕਦਮ ਪੁੱਟਣੇ ਚਾਹੀਦੇ ਆ।

ਮੈਂ ਚੇਅਰਮੈਨ ਦਾ ਰਵੱਈਆ ਜਾਨਣ ਲਈ ਅੱਖਾਂ ਖੋਹਲ ਕੇ ਉਹਦੀ ਵੱਲ ਦੇਖਿਆ, ਉਹ ਇਹਨਾਂ ਇਜ਼ਾਦਾਂ ਬਾਰੇ ਜਾਨਣ ਦੀ ਕਾਹਲ 'ਚ ਲਗਦਾ ਸੀ। ਮੈਨੂੰ ਪੱਲ ਦੀ ਪੱਲ ਚੁੱਪ ਹੋਇਆ ਦੇਖ ਕੇ ਉਹਨੇ ਚਿੱਟੀ ਬੋਤਲ 'ਚੋਂ ਗਲਾਸਾਂ ਵਿੱਚ ਸ਼ਰਾਬ ਪਾਈ। ਤੇ ਮੀਟ ਵਾਲੀ ਖਾਲੀ ਪਲੇਟ ਵੱਲ ਦੇਖ ਕੇ ਬਹੁਤ ਹੀ ਕੁਰੱਖਤ ਲਹਿਜ਼ੇ ਵਿੱਚ ਆਪਣੇ ਨੌਕਰ ਨੂੰ ਆਵਾਜ਼ ਮਾਰੀ। ਉਹਦੀ ਰੋਅਬਦਾਰ, ਹੁਕਮਰਾਨਾ ਆਵਾਜ਼ ਸੁਣ ਕੇ ਮੇਰਾ ਤਾਂ ਮਨ

ਖੁਸ਼ੀ ਨਾਲ ਖਿਲ ਉਠਿਆ। ਮੈਂ ਆਪਣੇ ਸੋਫੇ ਤੋਂ ਉਠ ਕੇ ਉਹਨੂੰ ਕੋਲ ਜਾ ਕੇ ਥਾਪੀ ਦਿੱਤੀ। ਮੈਂ ਕਿਹਾ ਹਾਅ ਈ ਤਰੀਕਾ ਇਹਨਾਂ ਨਾਲ ਗੱਲ ਕਰਨ ਦਾ। ਮੈਨੂੰ ਤਾਂ ਡਰ ਸੀ ਕਿ ਕਿਤੇ ਤੁਸੀਂ ਅਜੇ ਵੀ ਆਪਣੇ ਨੌਕਰਾਂ ਨੂੰ ਕਾਮਰੇਡ ਈ ਨਾ ਕਹਿੰਦੇ ਹੋਵੋਂ। ਦੇਖੋ ਜੀ ਬਰਾਬਰਤਾ ਵੀ ਰਾਹ ਰਾਹ ਦੀ ਹੁੰਦੀ ਆ। ਨੌਕਰ ਨੌਕਰ ਹੁੰਦੇ ਆ ਤੇ ਮਾਲਕ ਮਾਲਕ। ਇਹੋ ਜਿਹੀਆਂ ਸਧਾਰਨ ਗੱਲਾਂ ਕਦੀ ਵੀ ਨਹੀਂ ਭੁਲਾਉਣੀਆਂ ਚਾਹੀਦੀਆਂ।

ਚੇਅਰਮੈਨ ਸਾਹਿਬ ਅਮਰੀਕਾ ਦੀ ਇਜ਼ਾਦ ਬਾਰੇ ਜਾਨਣ ਲਈ ਕਾਹਲੇ ਸਨ। ਮੈਂ ਕਿਹਾ ਉਹਨਾਂ ਦੀ ਇਜ਼ਾਦ ਦਾ ਅਸਲੀ ਮੂਲ ਮੁੱਦਾ ਤਾਂ ਇਹੀ ਆ ਕਿ ਬੰਦੇ ਨੂੰ ਨਿੱਜਵਾਦ ਦਾ ਇਸ ਹੱਦ ਤੱਕ ਸ਼ਿਕਾਰ ਬਣਾ ਦਿਓ ਕਿ ਸਮਾਜ ਨਾਂ ਦੀ ਚੀਜ਼ ਈ ਬੰਦੇ ਲਈ ਹਊਆ ਹੋਵੇ। ਬੰਦੇ ਨੂੰ ਆਪਣੀ ਮਾਂ ਤੱਕ ਗੈਰ ਈ ਨਾ ਸਗੋਂ ਦੁਸ਼ਮਣ ਲੱਗੇ। ਤੇ ਨਾਲ ਹੀ ਉਸਨੂੰ ਇਸ ਕਿਸਮ ਦੀ ਸਿਖਿਆ ਦਿਓ ਕਿ ਆਪਣੀ ਹਰ ਨਾਕਾਮੀ ਲਈ ਖੁਦ ਨੂੰ ਹੀ ਜਿੰਮੇਵਾਰ ਠਹਿਰਾਵੇ।

ਦੇਖੋ ਜੀ ਇਹ ਕੰਮ ਪਹਿਲਾਂ ਧਰਮ ਦੇ ਹਵਾਲੇ ਸੀ ਤੇ ਕਈ ਥਾਂਈ ਅਜੇ ਵੀ ਇਦਾਂ ਈ ਆਂ - ਪਈ ਹਰ ਇਨਸਾਨ ਨੂੰ ਹਰ ਵਕਤ ਇਸ ਗੱਲ ਦਾ ਅਹਿਸਾਸ ਕਰਾਇਆ ਜਾਏ, ਕਿ ਉਹ ਪਿਛਲੇ ਜਨਮ 'ਚ ਵੀ ਪਾਪੀ ਸੀ, ਇਸ ਜਨਮ ਵਿਚ ਵੀ ਪਾਪੀ ਹੈ ਤੇ ਹਰ ਮੁਸੀਬਤ ਲਈ ਉਹ ਖੁਦ ਹੀ ਜਿੰਮੇਵਾਰ ਹੈ। ਅੱਗੇ ਨਰਕ ਦਾ ਡਰ ਬੰਦੇ ਨੂੰ ਕਾਬੂ 'ਚ ਰੱਖਦਾ ਸੀ ਪਰ ਹੁਣ ਈਜ਼ਾਦ ਕੀਤੇ ਤਰੀਕੇ ਮੁਤਾਬਕ ਬੰਦਾ ਖੁਦ ਈ ਕੈਦੀ ਤੇ ਖੁੱਦ ਹੀ ਜੇਲਰ ਆ। ਤੇ ਇਸ ਨਵੇਂ ਤਰੀਕੇ ਮੁਤਾਬਕ ਅਮਰੀਕਣ ਹਾਕਮਾਂ ਨੇ ਤਿੰਨ ਸੌ ਮਿਲੀਅਨ ਬੰਦੇ ਦੇ ਦਿਮਾਗ ਵਿੱਚ ਇਹ ਸੋਚ ਭਰ ਦਿੱਤੀ ਹੈ ਕਿ ਜੇ ਉਹਨਾਂ 'ਚੋਂ ਕੋਈ ਵੀ ਚਾਹਵੇ ਤਾਂ ਦੇਸ ਦਾ ਪ੍ਰਧਾਨ ਬਣ ਸਕਦਾ ਹੈ। ਤੇ ਜੇ ਵਿਚਾਰਾ ਕੋਈ ਫਾਰਮਾਂ ਦਾ ਕੰਮ ਲੱਭਣ ਵਿੱਚ ਵੀ ਕਾਮਯਾਬ ਨਹੀਂ ਹੁੰਦਾ, ਤਾਂ ਸਾਫ ਹੈ ਕਿ ਉਸ ਬੰਦੇ ਦੀ ਕਸੂਰ ਹੈ, ਉਹ ਕੋਸ਼ਿਸ਼ ਹੀ ਨਹੀਂ ਕਰ ਰਿਹਾ। ਜਦੋਂ ਬੰਦਾ ਆਪਣੇ ਆਪ ਨੂੰ ਕਸੂਰਵਾਰ ਸਮਝਣ ਲੱਗ ਪਵੇ ਸਮਝੋ ਅੱਧੀ ਪਰਾਬਲਮ ਹੱਲ ਹੋ ਗਈ। ਇਸ ਕਰਕੇ ਇਹ ਅਮਰੀਕਾ ਵਾਲਾ ਤਰੀਕਾ ਅਜ ਕੱਲ ਬਹੁਤ ਕਾਮਯਾਬ ਹੈ। ਤੁਸੀਂ ਅਪਣਾ ਕੇ ਦੇਖੋ ਤੁਹਾਡੇ ਲੋਕ ਵੀ ਇਸ ਸੋਚ ਨੂੰ ਅਮਰੀਕਾ ਦੇ ਕੋਕੇ ਕੋਲੇ ਵਾਂਗ ਹੀ ਭੱਜ ਕੇ ਪੈਣਗੇ, ਕੋਕਾ ਕੋਲਾ ਤਾਂ ਤੁਸੀਂ ਲੋਕਾਂ ਨੂੰ ਦੇ ਈ ਹਟੇ ਆਂ। ਉਦਾਂ ਰਸ਼ੀਆ ਆਲਿਆਂ ਨੇ ਤਾਂ ਮੈਕਡਾਨਲਡ ਵੀ ਫੜਾ ਦਿੱਤੇ ਆ ਆਪਣੇ ਬੰਦਿਆਂ ਨੂੰ, ਇਹਨਾਂ ਗੱਲਾਂ 'ਚ ਉਹ ਤੁਹਾਥੋਂ ਮੂਹਰੇ ਈ ਰਹਿੰਦੇ ਆ।

ਖੈਰ ਆਪਾਂ ਗੱਲ ਕਰਦੇ ਸੀ ਪਈ ਲੋਕ ਖੁਦ ਨੂੰ ਕਸੂਰਵਾਰ ਸਮਝਣ। ਅੱਛਾ ਹੁਣ ਇਸ ਗੱਲ ਦੇ ਫਾਇਦੇ ਦੇਖੋ। ਆਪਣੀ ਹਾਰ ਤੇ ਬੰਦੇ ਨੂੰ ਗਮ ਵੀ ਹੋਣਾ ਐਂ। ਪ੍ਰਾਈਵੇਟ ਕੰਪਨੀਆਂ ਨੂੰ ਪੂਰੀ ਖੁੱਲ ਦਿਓ ਕਿ ਉਹ ਲੋਕਾਂ ਦਾ ਗਮ ਗਲਤ ਕਰਨ ਲਈ ਸਮਾਨ ਮੁਹੱਈਆ ਕਰਨ। ਉਹਨਾਂ ਦੇ ਮਨੋਰੰਜਨ ਲਈ ਹਰ ਕਿਸਮ ਦੀਆਂ ਗੰਦੀਆਂ ਫਿਲਮਾਂ, ਲੱਚਰ ਸਾਹਿਤ ਪੈਦਾ ਕੀਤਾ ਜਾਵੇ। ਅਕਸਰ ਨੂੰ ਇੰਨੀ ਮੁਲੱਖ ਦਾ ਗਮ ਗਲਤ ਕਰਨਾ ਜਨਾਬ, ਚੇਤੂ ਦੀ ਮਰ ਗਈ ਮੱਝ ਦਾ ਮਸੋਸ ਥੋੜੋ ਕਰਨਾ ਆ। ਗਮ ਦਾ ਪੱਕੇ ਤੌਰ ਤੇ ਗਲਾ ਘੁੱਟਣ ਲਈ ਸ਼ਰਾਬ ਤੇ ਹੋਰ ਨਸ਼ਿਆਂ ਦੀ ਜਾਣੀ ਕਿ ਡਰੱਗਾਂ ਦੀ ਵਰਤੋਂ ਵੀ ਵੱਡੇ ਪੈਮਾਨੇ ਤੇ ਚਾਲੂ ਹੋਣੀ ਚਾਹੀਦੀ ਹੈ।

ਚੇਅਰਮੈਨ ਸਾਹਿਬ ਨਸ਼ਿਆਂ ਦੇ ਫਾਇਦਿਆਂ ਬਾਰੇ ਤਾਂ ਤੁਹਾਨੂੰ ਪਹਿਲਾਂ ਹੀ ਸੱਭ ਪਤਾ ਆ ਤੁਹਾਡਾ ਮੁਲਕ ਤਾਂ ਮੂਹਰੀ ਰਿਹਾ ਹੈ ਫੀਮ ਫੱਕਣ 'ਚ। ਪਰ ਅੱਜ ਦੇ ਜ਼ਮਾਨੇ 'ਚ ਜੋ ਡਰੱਗਾਂ ਦੀ ਅਹਿਮੀਅਤ ਹੈ ਉਹ ਤੁਸੀਂ ਬਿਲਕੁਲ ਨਹੀਂ ਸਮਝ ਰਹੇ। ਇਸ ਦੀ ਅਹਿਮੀਅਤ ਨੂੰ ਅਸਲ ਵਿੱਚ ਅਮਰੀਕਾ ਨੇ ਹੀ ਸਮਝਿਆ ਹੈ। ਉਹ ਇਸ ਤੋਂ ਐਨੇ ਕਿਸਮ ਦੇ ਫਾਇਦੇ ਉਠਾ ਰਹੇ ਹਨ ਕਿ ਪੁੱਛੋ ਈ ਕੁਛ ਨਾ। ਜਾਣੀ ਕਿ ਗੱਲ ਬਹੁਤ ਅਡਵਾਂਸ ਹੋ ਚੁੱਕੀ ਹੈ।

ਚੇਅਰਮੈਨ ਸਾਂਈ ਲੋਕਾਂ ਵਿਚ ਵੱਡੇ ਪੈਮਾਨੇ ਤੇ ਡਰੱਗ ਖਾਣ ਦੀ ਲੋੜ ਪੈਦਾ ਕਰੋ। ਟੀ ਵੀ ਤੇ ਅਖਬਾਰਾਂ ਰਾਹੀਂ ਉਹਨਾਂ ਨੂੰ ਪੈਰ ਪੈਰ ਤੇ ਸਬਜ਼ ਬਾਗ ਦਿਖਾਓ ਤੇ ਹਰ ਵਕਤ ਅਹਿਸਾਸ ਕਰਾਓ ਕਿ ਇਹਨਾਂ ਨਜ਼ਾਰਿਆਂ ਦਾ ਅਨੰਦ ਨਾ ਮਾਨਣਾ ਉਹਨਾਂ ਦੀ ਆਪਣੀ ਕਮਜ਼ੋਰੀ ਹੈ - ਜਾਣੀ ਉਹੀ ਗੱਲ ਫੇਰ, ਬਈ ਬੰਦਾ ਖੁਦ ਈ ਜੁੰਮੇਵਾਰ ਆ ਆਪਣੀ ਨਾਕਾਮੀ ਦਾ। ਜਿਹੜੇ ਵੀ ਫਿਰਕੇ ਦੇ ਲੋਕਾਂ ਨੂੰ ਜਿਆਦਾ ਦਬਾਉਣਾ ਹੋਵੇ ਉਹਨਾਂ ਨੂੰ ਹਰ ਤਰੀਕਾ ਵਰਤ ਕੇ ਸਾਰੇ ਸੁੱਖਾਂ ਤੋਂ ਵਾਂਝਿਆਂ ਰੱਖੋ। ਅਮਰੀਕਾ ਦੇ ਹਾਕਮਾਂ ਨੇ ਗੈਰ ਚਿੱਟੇ ਲੋਕਾਂ ਨੂੰ ਇਸ ਤਰੀਕੇ ਨਾਲ ਇੰਨਾ ਵਧੀਆ ਕਾਬੂ ਕੀਤੈ ਕਿ ਉਹ ਥੋੜ੍ਹੇ ਕੀਤੇ ਹਿਲ ਈ ਨਹੀਂ ਸਕਦੇ।

ਇਸ ਤੋਂ ਬਾਅਦ ਤਾਂ ਸਿਰਫ ਦੋ ਹੀ ਕੰਮ ਕਰਨ ਆਲੇ ਰਹਿ ਜਾਂਦੇ ਆ। ਇਕ ਤਾਂ ਹਰ ਦੁਕਾਨ ਤੋਂ ਪਸਤੌਲ ਬੰਦੂਕ ਸਸਤੇ ਭਾਅ ਮਿਲਦੀ ਹੋਵੇ। ਦੂਜਾ ਆਪਣੇ ਜਾਤੀ ਕੰਮਾਂ ਲਈ ਇਕ ਦੂਜੇ ਨੂੰ ਮਾਰਨ ਵਾਲੇ ਲੋਕਾਂ ਨੂੰ ਟੀ ਵੀ, ਅਖਬਾਰਾਂ, ਰੇਡੀਓ ਰਾਹੀਂ ਹੀਰੋ ਬਣਾਇਆ ਜਾਵੇ। ਇਸ ਕੰਮ ਵਿੱਚ ਤੁਹਾਨੂੰ ਬਹੁਤ ਮੇਹਨਤ ਕਰਨੀ ਪਵੇਗੀ। ਮੈਂ ਸੁਣਿਆ ਅੱਜ ਕੱਲ ਤੁਹਾਡੇ ਹੀਰੋ ਇਨਕਲਾਬੀਆਂ ਤੋਂ ਬਿਨ੍ਹਾਂ ਹੋਰ ਕੋਈ ਹੈ ਈ ਨਈਂ। ਨਾ ਨਾ ਸਾਂਈ, ਇਹ ਤਾਂ ਬਹੁਤ ਹੀ ਸੀਰੀਅਸ ਮਿਸ਼ਟੇਕ ਹੈ।

ਸਮਾਜ ਵਿੱਚ ਸਿਰਫ ਦੋ ਈ ਕਿਸਮ ਦੇ ਹੀਰੋ ਹੋਣੇ ਚਾਹੀਦੇ ਆ। ਪਹਿਲਾਂ ਤਾਂ ਪੁਲੀਸ ਮੈਨ ਨੂੰ ਹੀਰੋ ਬਣਾਓ। ਅਮਰੀਕਾ ਆਲਿਆਂ ਨੇ ਇਸ ਕੰਮ ਲਈ ਆਮ ਪੁਲੀਸਮੈਨ ਈ ਨਈਂ ਉਹਨਾਂ ਨੇ ਤਾਂ ਸੁਪਰਮੈਨ, ਬੈਟਮੈਨ, ਸੁਪਰਵੁਮਨ, ਮਿਕੀ ਮਾਊਸ, ਤੱਕ ਸਾਰੇ ਇਸੇ ਕੰਮ ਲਈ ਵਰਤੇ ਆ। ਤੁਸੀਂ ਵੀ ਇਹ ਕੰਮ ਸ਼ੁਰੂ ਕਰੋ। ਤੇ ਦੂਜਾ ਹੀਰੋ ਉਸ ਨੂੰ ਬਣਾਓ ਜੋ ਫੜੇ ਜਾਣ ਤੱਕ ਸੱਭ ਤੋਂ ਵੱਧ ਕਤਲ ਕਰ ਸਕੇ। ਜਿੰਨੇ ਕੋਈ ਵੱਧ ਕਤਲ ਕਰ ਕੇ ਫੜ ਹੋਵੇ, ਸਮਾਜ ਵਿੱਚ ਉਹਦੀ ਉਨੀ ਹੀ ਵੱਧ ਪੁਛ-ਗਿੱਛ। ਉਹਨਾਂ ਬਾਰੇ ਵੱਡੀਆਂ ਵੱਡੀਆਂ ਕਿਤਾਬਾਂ ਲਿਖੀਆਂ ਜਾਣ, ਵੱਧ ਤੋਂ ਵੱਧ ਪੈਸੇ ਲਾ ਕੇ ਫਿਲਮਾਂ ਬਣਾਈਆਂ ਜਾਣ। ਉਦਾਂ ਤੁਸੀਂ ਤਾਂ ਇਹ ਸੱਭ ਕੁਛ ਕੀਤਾ ਕਰਾਇਆ ਹਾਂਗਕਾਂਗ ਤੋਂ ਵੀ ਲੈ ਸਕਦੇ ਓਂ। ਜੇ ਹੋਈ ਸਲਾਹ ਤਾਂ ਦੱਸਿਓ ਮੇਰੇ ਹੈਗੇ ਉਥੇ ਕਈ ਭਾਈਵੰਦ, ਕਰਾ ਦਿਆਂਗੇ ਤੁਹਾਡੀ ਡੀਲ।

ਹਾਂ, ਤੇ ਜੇ ਤੁਸੀਂ ਇਹ ਕੰਮ ਸਫਲਤਾ ਨਾਲ ਕਰ ਸਕੋਂ ਤਾਂ ਨਤੀਜਿਆਂ ਤੋਂ ਨਾਰਾਜ਼ ਨਹੀਂ ਹੋਣ ਲੱਗੇ, ਇਸ ਗੱਲ ਦੀ ਮੈਂ ਗਰੰਟੀ ਦਿੰਨਾਂ। ਜਨਾਬ ਇਸ ਕੰਮ ਵਿਚ ਅਮਰੀਕਾ ਦੀ ਕਾਮਯਾਬੀ ਬੇਮਿਸਾਲ ਹੈ। ਉਹਨਾਂ ਦੇ ਹਰ ਵੱਡੇ ਸ਼ਹਿਰ ਵਿਚ ਲੋਕ ਰਾਤਾਂ ਨੂੰ ਲੋਥਾਂ ਦੇ ਢੇਰ ਲਾ ਕੇ ਰੱਖ ਦਿੰਦੇ ਆ। ਤੇ ਸੁਆਦ ਇਸ ਗੱਲ ਦਾ ਆ ਕਿ ਇਹਨਾਂ ਕਤਲਾਂ ਨਾਲ ਕੋਈ ਗੜਬੜ ਨਹੀਂ ਹੁੰਦੀ। ਇਹ ਵਧੀਆ ਕਿਸਮ ਦੇ, ਸੇਫ ਕਿਸਮ ਦੇ ਕਤਲ ਹਨ। ਜੇ ਤੁਸੀਂ ਇਹ ਨਾ ਸ਼ੁਰੂ ਕਰਾਏ ਤਾਂ ਫੇਰ ਦੂਜੀ ਕਿਸਮ ਦੇ ਕਤਲ ਸ਼ੁਰੂ ਹੋਣ ਦਾ

ਖਤਰਾ ਰਹਿੰਦਾ - ਜਾਣੀ ਸਿਆਸੀ ਕਿਸਮ ਦੇ ਕਤਲ, ਕਿਸੇ ਟੀਚੇ ਲਈ ਕੀਤੇ ਗਏ ਕਤਲ। ਤੇ ਇਸ ਕਿਸਮ ਦੇ ਕਤਲ ਹਾਕਮਾਂ ਲਈ ਬੜੇ ਖਤਰਨਾਲ ਹੁੰਦੇ ਆ। ਸਰਕਾਰਾਂ ਟੁੱਟ ਜਾਂਦੀਆਂ, ਦੇਸ਼ਾਂ ਦੇ ਟੁਕੜੇ ਹੋ ਜਾਂਦੇ ਆ। ਇਸ ਕਰਕੇ ਅਕਲਮੰਦੀ ਇਸੇ ਗੱਲ 'ਚ ਆ ਪਈ ਲੋਕਾਂ ਨੂੰ ਨਸ਼ਿਆਂ 'ਚ ਫਸਾ ਕੇ ਇਕ ਦੂਜੇ ਨੂੰ ਪਰਾਈਵੇਟ ਤੌਰ ਤੇ ਕਤਲ ਕਰਨ ਦਾ ਦੌਰ ਸ਼ੁਰੂ ਕਰੋ।

ਤੇ ਚੇਅਰਮੈਨ ਸਾਹਿਬ ਇਹਨਾਂ ਗੱਲਾਂ ਨਾਲ ਹਜ਼ਾਰਾਂ ਲੱਖਾਂ ਲੋਕਾਂ ਨੂੰ ਰੁਜ਼ਗਾਰ ਮਿਲਦੈ। ਫੇਰ ਇਸ ਤੋਂ ਵੀ ਵਧੀਆ ਗੱਲ ਕਿ ਜਿੰਨੇ ਵੀ ਲੋਕ ਇਹਨਾਂ ਕੰਮਾਂ ਵਿੱਚ ਲੱਗੇ ਹੋਏ ਹੋਣ ਉਹ ਕਰਨ ਤਾਂ ਸੱਭ ਕੁਝ ਜਿੰਦਗੀ ਨੂੰ ਵਧੀਆ ਬਣਾਉਣ ਦੇ ਨਾਂ ਤੇ ਪਰ ਉਹਨਾਂ ਦਾ ਹਰ ਪੱਲ ਜਿੰਦਗੀ ਨੂੰ ਨਰਕ ਬਣਾਉਣ ਵਿੱਚ ਸਹਾਈ ਹੋਵੇ। ਇਸ ਨਾਲ ਇਕ ਵਾਰੀ ਇਹ ਚੱਕਰ ਚੱਲਿਆ ਕਦੀ ਖਤਮ ਨਹੀਂ ਹੋਵੇਗਾ ਤੇ ਹਾਕਮਾਂ ਦਾ ਸੂਤ ਈ ਸੂਤ।

ਹੁਣ ਇਹ ਸਾਰਾ ਕੁਛ ਤਾਂ ਹੀ ਹੋ ਸਕਦੈ ਜੇ ਤੁਸੀਂ ਲੋਕਾਂ ਨੂੰ ਅਸਲੀ ਮਹਿਨਿਆਂ ਵਿੱਚ ਕੀੜੇ ਮਕੌੜੇ ਸਮਝੋ। ਲੋਕਾਂ ਵੱਲ ਪੂਰੇ ਦੇ ਪੂਰੇ ਨਜ਼ਰੀਏ ਨੂੰ ਬਦਲਣ ਦਾ ਸਵਾਲ ਹੈ ਚੇਅਰਮੈਨ ਸਾਹਿਬ। ਤੁਸੀਂ ਜੋ ਇਹ ਲੋਕਾਂ ਦੀ ਭਲਾਈ ਦੇ ਕੰਮ ਕਰਨੇ ਚਾਹੁੰਨੇ ਆਂ ਇਹ ਸੱਭ ਗਲਤ ਆ। ਲੋਕਾਂ ਦੇ ਖਾਣ ਪੀਣ, ਰਹਿਣ ਸਹਿਣ, ਪੜਾਈ ਲਿਖਾਈ ਵਰਗੇ ਬਹੁਤੇ ਕੰਮ ਤਾਂ ਧਾਰਮਿਕ ਅਦਾਰਿਆਂ ਨੂੰ ਕਰਨ ਦਿਓ। ਨਾਲੇ ਇਹਦੇ ਨਾਲ ਉਹਨਾਂ ਦਾ ਦਾਲ ਫੁਲਕਾ ਤੁਰਦਾ ਰਹਿੰਦਾ ਆ। ਨਾਲੇ ਜੇ ਹਾਕਮ ਈ ਲੋਕਾਂ ਲਈ ਫਿਕਰਮੰਦ ਹੋਣ ਲੱਗ ਪੈਣ ਤਾਂ ਨਾ ਕਿਸੇ ਨੂੰ ਜੀਸਸ ਕਰਾਈਸਟ ਦੀ ਲੋੜ ਰਹਿਣੀ ਆ ਤੇ ਨਾ ਵਿਚਾਰੀਆਂ ਮਦਰ ਟੈਰੀਸਾ ਵਰਗੀਆਂ ਨੇਕ ਦਿਲ ਔਰਤਾਂ ਦੀ। ਉਹਨਾਂ ਦਾ ਕਾਹਨੂੰ ਪੱਤਾ ਕੱਟਦੇ ਹੋ। ਮੇਰੀ ਮੰਨੋ ਤਾਂ ਤੁਸੀਂ ਤਾਂ ਸਿਰਫ ਸਿਆਣੇ ਹਾਕਮਾਂ ਆਂਙ ਹਕੂਮਤ ਕਰੋ। ਲੋਕਾਂ ਦੀ ਭਲਾਈ ਦਾ ਤੇ ਲੋਕਾਂ ਨੂੰ ਦਬਾਉਣ ਦਾ ਦੋਵੇਂ ਕੰਮ ਪ੍ਰਾਈਵੇਟ ਹੱਥਾਂ 'ਚ ਦਿਓ। ਤੁਸੀਂ ਕੱਲੇ ਕੋਕੇ ਕੋਲੇ ਨੂੰ ਲਿਆ ਕੇ ਆਪਣੇ ਆਪ ਨੂੰ ਕੈਪਟਲਿਸਟੀਏ ਸਮਝਣ ਲੱਗ ਪਏ, ਸ਼੍ਰੀਮਾਨ ਜੀ ਅਸਲੀ ਮਹਿਨਿਆਂ 'ਚ ਪਰਾਈਵੇਟਾਈਜ਼ੇਸ਼ਨ ਕਰੋ ਤਾਂ ਸੁੱਖ ਪਾਓਗੇ ਨਹੀਂ ਤਾਂ ਸਾਰੀ ਦੁਨੀਆਂ 'ਚ ਬਦਨਾਮ ਹੋਵੋਗੇ।

ਲਓ ਜੀ ਮੇਰੇ ਗੱਲ ਖਤਮ ਕਰਨ ਤੇ ਚੇਅਰਮੈਨ ਤਾਂ ਪੈਰਾਂ ਤੇ ਡਿੱਗ ਪਿਆ ਕਹਿੰਦਾ ਜੁਗਤੂ ਮਾਹਾਰਾਜ ਤੁਸੀਂ ਕੁਝ ਸਮੇਂ ਲਈ ਸਾਡੇ ਕੋਲ ਹੀ ਠਹਿਰ ਜਾਵੋ। ਸਾਨੂੰ ਤੁਹਾਡੀ ਸਖਤ ਜ਼ਰੂਰਤ ਹੈ। ਮੈਂ ਉਹਨੂੰ ਸ਼ਰਧਾ ਨਾਲ ਗਲ ਨਾਲ ਲਾਇਆ ਤੇ ਕਿਹਾ ਚੇਅਰਮੈਨ ਸਾਈਂ ਜੇ ਮੈਂ ਠਹਿਰ ਸਕਦਾ ਤਾਂ ਜ਼ਰੂਰ ਠਹਿਰਦਾ ਪਰ ਮੇਰੀਆਂ ਜਿੰਮੇਵਾਰੀਆਂ ਮੈਨੂੰ ਇਜਾਜ਼ਤ ਨਹੀਂ ਦਿੰਦੀਆਂ। ਪਰ ਫਿਕਰ ਨਾ ਕਰੋ ਤੁਸੀਂ ਯਾਦ ਕਰੋ ਤਾਂ ਅਸੀਂ ਫੇਰ ਆ

ਹੁਣੇ ਚੇਅਰਮੈਨ ਵਲੋਂ ਆਈ ਰੀਪੋਰਟ ਮੁਤਾਬਕ ਉਹ ਮੇਰੀਆਂ ਸਾਰੀਆਂ ਦੱਸੀਆਂ ਜੁਗਤਾਂ ਨੂੰ ਲਾਗੂ ਕਰਨ ਦੇ ਯਤਨ ਹੋ ਰਹੇ ਹਨ। ਉਹਨਾਂ ਨੇ ਮੈਨੂੰ ਦੋਬਾਰਾ ਗੇੜਾ ਮਾਰਨ ਲਈ ਵੀ ਕਿਹਾ ਸੀ। ਪਰ ਮੈਂ ਆਹ ਯੂਰਪ ਦੇ ਲੀਡਰਾਂ ਨੂੰ ਜੁਗਤਾਂ ਦੱਸਣ ਦੇ ਚੱਕਰਾਂ 'ਚ ਜਾਦੇ ਬਿਜੀ ਹੋ ਗਿਆ ਤੇ ਮੈਥੋਂ ਜਾ ਈ ਨਹੀਂ ਹੋਇਆ।

***********


# ਕਰਤਾਰ ਫੋਟੋਸਟੂਡੀਓ

**1 HOUR PHOTO SERVICE**
**KARTAR PHOTO STUDIO**



We do passport photo, 5 minutes service, portrait photos & weddings.

4279 Fraser St.
(27th Ave)
Vancouver, B.C.
**872-6060**



**BOOK NOW**
**FLY LATER SAVE MONEY**
**SPECIAL FARES TO:**
**San Francisco Toronto London**
Cheapest Fares To New Delhi, Bombay, Madras, Calcutta, Karachi, Colombo & Kathmandu

**AUTHORIZED AGENTS FOR.**
CATHAY PACIFIC AIR CANADA
JAPAN AIR LINES
Canadian Wardair Canada KLM

# Goyal Travels Inc.

4152 Fraser St. Vancouver
B.C., V5V 4E8

Toll free from B.C., Alberta, Saskatchewan & Manitoba
1-800-663-8638

Calgary
Ph. (403) 235-6808

Toronto
(416) 593-6966

# ਪੁਸਤਕ ਪਰਿਚੈ

## "ਸਿੱਖ ਮੂਲਵਾਦ ਬਾਰੇ"

### ਲੇਖਕ: ਕਿਰਪਾਲ ਸਿੰਘ ਆਜ਼ਾਦ

**ਪੰਜਾਬ ਬੁਕ ਸੈਂਟਰ, ਚੰਡੀਗੜ੍ਹ। ਮੁੱਲ- ਸਾਧਾਰਣ:25 ਰੁਪਏ, ਡੀਲਕਸ: 50 ਰੁਪਏ। ਪੰਨੇ: 208।**

ਸ੍ਰੀ ਕਿਰਪਾਲ ਸਿੰਘ ਆਜ਼ਾਦ ਪੰਜਾਬੀ ਦੇ ਗੰਭੀਰ ਅਤੇ ਸੂਝਵਾਨ ਲੇਖਕ ਹਨ। "ਸਿੱਖ ਮੂਲਵਾਦ ਬਾਰੇ" ਉਨ੍ਹਾਂ ਦੀ 1988 ਵਿਚ ਛਪੀ ਨਵੀਂ ਪੁਸਤਕ ਹੈ। ਇਹ ਪੁਸਤਕ ਉਨ੍ਹਾਂ ਦੀ ਪਹਿਲੀ ਪੁਸਤਕ "ਗੁਰਬਾਣੀ ਇਨਕਲਾਬੀ ਕਿ..." ਵਾਂਗ ਹੀ ਡੂੰਘੇ ਅਧਿਅਨ ਦੀ ਮੰਗ ਕਰਦੀ ਹੈ ਕਿਉਂਕਿ ਇਸ ਦਾ ਵਿਸ਼ਾ ਵਸਤੂ ਪੰਜਾਬ ਦੇ ਪਿਛਲੇ ਪੰਜ ਸੌ ਸਾਲਾਂ ਨੂੰ ਆਪਣੇ ਘੇਰੇ ਵਿਚ ਲੈ ਲੈਂਦਾ ਹੈ।

**ਪੁਸਤਕ ਦਾ ਨਾਂ:** "ਸਿੱਖ ਮੂਲਵਾਦ ਬਾਰੇ" ਪੁਸਤਕ ਦੇ ਪੜ੍ਹਣ ਉਪਰੰਤ ਮਹਿਸੂਸ ਹੁੰਦਾ ਹੈ ਕਿ ਇਸ ਦੀ ਸਮੱਗਰੀ ਪੁਸਤਕ ਦੇ ਨਾਂ ਉੱਤੇ ਪੂਰੀ ਨਹੀਂ ਢੁੱਕਦੀ। ਪੁਸਤਕ ਨੂੰ ਦੇਖਣ ਸਾਰ ਮਨ ਵਿਚ ਵਿਚਾਰ ਆਉਂਦਾ ਹੈ ਕਿ ਇਹ ਸਿੱਖ ਮੂਲਵਾਦ ਜਾਂ ਮੂਲਵਾਦ ਦਾ ਵਿਸਥਾਰ ਨਾਲ ਵਰਨਣ ਕਰੇਗੀ ਅਤੇ ਇਸ ਨੂੰ ਸਮਝਣ ਵਿਚ ਸਹਾਇਕ ਹੋਵੇਗੀ। ਪਰ ਮੇਰੀ ਉਤਸਕਤਾ ਇਸ ਨੂੰ ਪੜ੍ਹਣ ਉਪਰੰਤ ਪੂਰੀ ਨਹੀ ਹੋਈ।

ਅਸਲ ਵਿਚ ਪੁਸਤਕ ਦਾ ਮੁੱਖ ਵਿਸ਼ਾ ਪੰਜਾਬ ਦੇ ਸਿੱਖ ਇਤਿਹਾਸ ਉਪਰ ਸੰਖੇਪ ਪਰ ਭਾਵਪੂਰਤ ਝਾਤ ਪਾਉਂਦਾ ਹੈ। ਪੁਸਤਕ ਸਿੱਖ ਇਤਿਹਾਸ ਦੇ ਕਈ ਪੱਖਾਂ ਉਪਰ ਮਹੱਤਵਪੂਰਨ ਪ੍ਰਸ਼ਨ ਖੜ੍ਹੀ ਕਰਦੀ ਹੈ ਜਿਨ੍ਹਾਂ ਦੀ ਜਾਣਕਾਰੀ ਪੰਜਾਬੀ ਲੋਕਾਂ ਖਾਸ ਕਰਕੇ ਸਿੱਖਾਂ ਨੂੰ ਹੋਣੀ ਜ਼ਰੂਰੀ ਹੈ। ਇਸ ਤੋਂ ਮੇਰਾ ਕਦਾਚਿਤ ਇਹ ਮੰਤਵ ਨਹੀਂ ਹੈ ਕਿ ਜੇਕਰ ਪੁਸਤਕ ਇਸ ਦੇ ਨਾਂ ਨਾਲ ਮੇਲ ਨਹੀ ਖਾਂਦੀ ਤਾਂ ਇਸ ਦਾ ਕੋਈ ਮਹੱਤਵ ਨਹੀਂ ਰਹਿ ਜਾਂਦਾ। ਮੇਰਾ ਭਾਵ ਇਹ ਹੈ ਕਿ ਪੁਸਤਕ ਦਾ ਨਾਮਕਰਨ, ਪੁਸਤਕ ਦੇ ਵਿਸ਼ੇ ਵਸਤੂ ਦੇ ਅਨੁਸਾਰ ਨਾ ਹੋਣ ਕਾਰਨ, ਇਸ ਦੇ ਪਾਠ ਸਮੇਂ "ਮੂਲਵਾਦ" ਤੇ ਧਿਆਨ ਕੇਂਦਰਤ ਕਰਨ ਵਿਚ ਸਹਾਈ ਨਹੀਂ ਹੁੰਦਾ।

ਬੇਸ਼ਕ ਲੇਖਕ ਨੇ ਉਪ੍ਰੋਕਤ ਕਿੰਤੂ ਦਾ ਉੱਤਰ ਪੁਸਤਕ ਦੀ ਆਦਿਕਾ ਵਿਚ ਸੰਕੇਤਕ ਤੌਰ ਤੇ ਦੇਣ ਦਾ ਯਤਨ ਕੀਤਾ ਹੈ ਕਿ "ਵਿਚਾਰ ਕਿਉਂਕਿ ਹਰ ਚੰਗੇ-ਮਾੜੇ ਅਮਲ ਤੋਂ ਪਹਿਲਾਂ ਬਣਦਾ ਹੈ, ਸੂਖਮ ਹੁੰਦਾ ਹੈ ਇਸ ਲਈ ਮੂਲਵਾਦ ਦੇ ਹੱਥਲੇ ਅਧਿਅਨ ਲਈ ਪਿੱਛੇ ਜਾਣਾ ਪਿਆ ਹੈ।"

ਇਹ ਕੋਈ ਦੋਸ਼ ਵੀ ਨਹੀਂ ਹੈ। ਸਿੱਖ ਗੁਰੂਆਂ ਦੇ ਸਮੇਂ, ਬੰਦੇ ਬਹਾਦਰ ਦੇ ਸਮੇਂ, ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਅਤੇ ਉਸ ਤੋਂ ਪਿੱਛੋਂ ਦੇ ਇਤਿਹਾਸਕ ਦੌਰਾਂ ਦਾ ਜ਼ਿਕਰ ਆਪਣੇ ਥਾਂ ਤੇ ਨਿਸਚੇ ਹੀ ਚੋਖੀ ਜਾਣਕਾਰੀ ਦਿੰਦਾ ਹੈ। ਇਤਿਹਾਸ ਦੇ ਹਰ ਦੌਰ ਵਿਚ ਆਪਣੀਆਂ ਵਿਰੋਧਤਾਈਆਂ ਹੁੰਦੀਆਂ ਹਨ। ਕੋਈ ਸਮਾਂ ਵੀ ਵਿਰੋਧਤਾਈਆਂ ਤੋਂ ਮੁਕਤ ਨਹੀਂ ਹੁੰਦਾ ਅਤੇ ਨਾ ਹੀ ਇਨ੍ਹਾਂ ਦੇ ਸਿੱਟਿਆਂ ਤੋਂ। ਪੰਜ੍ਹ ਮੂਲਵਾਦ ਨੂੰ ਸਮਝਣ ਲਈ ਸ਼ਾਇਦ ਹੀ ਸਾਰੇ ਸਿੱਖ ਇਤਿਹਾਸ ਨੂੰ ਹੰਘਾਲਣ ਦੀ ਲੋੜ ਸੀ। ਗਈ ਹੱਦ ਅੰਗਰੇਜ਼ਾਂ ਦੇ ਪੰਜਾਬ ਤੇ ਕਬਜ਼ੇ ਤੋਂ ਲੈਕੇ, ਨਹੀਂ ਤੇ ਆਜ਼ਾਦੀ ਪ੍ਰਾਪਤੀ ਦੇ ਚਾਰ ਦਹਾਕੇ ਖਾਸ ਕਰਕੇ ਜਾ ਰਹੇ ਦਹਾਕੇ ਦੀਆਂ ਘਟਨਾਵਾਂ ਦਾ ਵਿਸਥਾਰ ਨਾਲ ਵਿਸ਼ਲੇਸ਼ਨ ਹੀ ਮੂਲਵਾਦ ਦੀ ਸੱਮਸਿਆ ਨੂੰ ਭਲੀ ਪ੍ਰਕਾਰ ਸਮਝਣ ਲਈ ਕਾਫੀ ਸੀ। ਪਰ ਕਈ ਵਾਰ ਲੇਖਕ ਆਪਣੀ ਕਿਸੇ ਖਾਸ ਰਚਨਾ ਨੂੰ ਆਪਣੀ ਨਵੀਂ ਰਚਨਾ ਨਾਲ ਜੋੜਨ ਦੇ ਭਾਰੂ ਰੁਝਾਨ ਦਾ ਸ਼ਿਕਾਰ ਹੋ ਜਾਂਦਾ ਹੈ ਜਦੋਂ ਕਿ ਉਹ ਰਚਨਾ, ਨਵੀਂ ਰਚਨਾ ਨਾਲ ਮੇਲ ਖਾਂਦੀ ਹੋਈ ਵੀ ਉਸਤੋਂ ਸੁਤੰਤਰ ਰੱਖ ਕੇ ਵੀ ਮੁਕੰਮਲ ਹੁੰਦੀ ਹੈ।

**ਲੇਖਕ ਅਤੇ ਧਰਮ:** ਸ੍ਰੀ ਕਿਰਪਾਲ ਸਿੰਘ ਆਜ਼ਾਦ ਨਿਰਸੰਦੇਹ ਧਰਮ ਨਿਰਪੱਖ ਵਿਚਾਰਾਂ ਦੇ ਧਾਰਨੀ ਲੇਖਕ ਹਨ। ਉਨ੍ਹਾਂ ਦਾ ਸੋਚਣ ਢੰਗ ਵਿਗਿਆਨਕ ਹੈ ਅਤੇ ਉਨ੍ਹਾਂ ਦਾ ਅਧਿਅਨ ਵਿਸ਼ਾਲ ਅਤੇ ਸਰਵਪੱਖੀ ਹੈ। ਪਰ ਉਨ੍ਹਾਂ ਦੀ ਧਰਮ ਪ੍ਰਤੀ ਪਹੁੰਚ ਸ਼ਰਧਾ ਵਾਲੀ ਜਾਪਦੀ ਹੈ। ਇਹ ਕਿਰਪਾਲ ਸਿੰਘ ਆਜ਼ਾਦ ਤੋ ਤਾਂ ਸੰਭਵ ਹੋ ਸਕਦਾ ਹੈ ਕਿ ਧਰਮ ਪ੍ਰਤੀ ਇਸ ਤਰ੍ਹਾਂ ਦੀ ਸ਼ਰਧਾ ਭਾਵਨਾ ਰੱਖ ਕੇ ਵੀ ਵਿਗਿਆਨਕ ਸੋਚ ਦਾ ਧਾਰਨੀ ਹੋ ਸਕੇ ਪਰੰਤੂ ਇਹ ਸਾਧਾਰਨ ਵਿਅਕਤੀ ਦੇ ਵੱਸ ਦਾ ਰੋਗ ਨਹੀਂ ਹੋ ਸਕਦਾ ਕਿ ਉਹ ਧਰਮ ਪ੍ਰਤੀ ਅਜਿਹੀ ਸ਼ਰਧਾ ਰੱਖ ਕੇ ਕਿਸੇ ਧਾਰਮਿਕ ਮੂਲਵਾਦੀ ਲਹਿਰ ਦੇ ਪ੍ਰਭਾਵਾਂ ਤੋਂ ਬਚ ਜਾਵੇ।

ਮੇਰਾ ਇਹ ਕਦਾਚਿਤ ਭਾਵ ਨਹੀਂ ਹੈ ਕਿ ਕਿਸੇ ਵਿਅਕਤੀ ਦੇ ਧਰਮ ਪ੍ਰਤੀ ਨਿਜੀ ਅਕੀਦੀ ਵਿਚ ਦਖਲ ਦੇਵਾਂ ਜਾਂ ਦਿੱਤਾ ਜਾਵੇ ਪਰੰਤੂ ਇਕ ਸੂਝਵਾਨ ਲੇਖਕ ਦੀ ਰਚਨਾ ਤੇ ਵਿਚਾਰ ਕਰਦਿਆਂ ਅਜਿਹਾ ਕਿੰਤੂ ਅਨੁਚਿਤ ਨਹੀਂ।

ਉਹ ਪੁਸਤਕ ਦੀ ਆਦਿਕਾ ਦੇ ਪਹਿਲੇ ਪਹਿਰੇ ਵਿਚ ਲਿਖਦੇ ਹਨ:

> "ਮਨੁੱਖ ਦੇ ਜਨਮ ਲੈਣ ਤੋਂ ਮਹਾਨ ਕੋਈ ਸਬੱਬ ਨਹੀਂ। ਜਨਮ ਲੈਣ ਵਿਚ ਦੇਸ਼, ਧਰਮ ਅਤੇ ਸ਼੍ਰੇਣੀ ਦੀ ਚੋਣ ਮਨੁੱਖ ਦੇ ਵੱਸ ਨਹੀਂ।" ਇਹ ਬੜੀਆਂ ਠੋਸ ਹਕੀਕਤਾਂ ਹਨ। "ਪਰ ਇਹ ਗਲ ਮਨੁੱਖ ਦੇ ਵੱਸ ਵਿਚ ਹੈ ਕਿ ਉਹ ਧਰਮ ਤੇ ਸਮਾਜ ਨੂੰ ਆਪਣੀ ਸ਼੍ਰੇਣੀ ਦੇ ਹਿੱਤਾਂ ਅਨੁਸਾਰ ਸਮਝੇ ਅਤੇ ਧਿਆਵੇ।"

"ਧਿਆਵੇ " ਸ਼ਬਦ ਦੇ ਵਿਗਿਆਨਕ ਦ੍ਰਿਸ਼ਟੀ ਤੋਂ ਕਿਸੇ ਤਰ੍ਹਾਂ ਵੀ ਅਜਿਹੇ ਅਰਥ ਨਹੀਂ ਨਿਕਲਦੇ ਕਿ ਧਰਮ ਤੋਂ ਮੁਕਤ ਹੋਣ ਜਾਂ ਧਰਮ ਵਿਚ ਵਿਸ਼ਵਾਸ ਨੂੰ ਤਿਆਗਣ ਦੀ ਪਰੇਰਣਾ ਮਿਲਦੀ ਹੋਵੇ। ਜੇ ਕਰ 'ਸ਼੍ਰੇਣੀ ਦੇ ਹਿੱਤਾਂ ਅਨੁਸਾਰ' ਤੋਂ ਮਜ਼ਦੂਰ ਜਮਾਤ ਦੇ ਵਿਗਿਆਨਕ ਫਲਸਫੇ ਦੇ ਅਨੁਕੂਲ 'ਸਮਝੇ ਅਤੇ ਧਿਆਵੇ' ਦਾ ਅਰਥ ਲਈਏ ਤਾਂ ਵੀ ਉਹ ਧਰਮ ਤੋਂ ਪਰ੍ਹੇ ਜਾ ਕੇ 'ਵਿਰੋਧ ਵਿਕਾਸੀ ਇਤਿਹਾਸਕ ਪਦਾਰਥਵਾਦ' ਦੇ ਅਰਥ ਨਹੀਂ ਨਿਕਲਦੇ।

ਸਾਰੀ ਪੁਸਤਕ ਦੇ ਅਧਿਅਨ ਉਪਰੰਤ ਪਾਠਕ ਨੂੰ ਸਿੱਖ ਇਤਿਹਾਸ ਦੀ ਆਲੋਚਨਾਤਮਕ ਸੂਝ ਨਵੇਂ ਦ੍ਰਿਸ਼ਟੀ ਕੋਨ ਤੋਂ ਤਾਂ ਜ਼ਰੂਰ

ਪਰੰਤੂ ਪਰਿਪਰਾਂਗਤ ਧਾਰਮਿਕ ਸਬੰਧ ਤੋਂ ਟੁੱਟਿਆ ਨਹੀਂ ਜਾ ਸਕਦਾ। ਲੇਖਕ ਸਪੱਸ਼ਟ ਕਰਦਾ ਹੋਇਆ ਲਿਖਦਾ ਹੈ, "ਪਿਤਾ ਪੁਰਖੀ ਵਿਚਾਰਾਂ-ਵਿਸ਼ਵਾਸਾਂ ਤੇ ਬਣੇ ਬਣਾਏ ਰਾਜਨੀਤਕ ਫਾਰਮੂਲਿਆਂ ਨੂੰ ਨਕਾਰਦਿਆਂ ਮਨ ਨੂੰ ਖੁੱਸਣ ਵੀ ਪਈ ਹੈ" ਭਾਵੇਂ ਉਨ੍ਹਾਂ ਨੂੰ 'ਭਲੇ ਭਵਿੱਖ' ਨੂੰ ਮੁੱਖ ਰੱਖ ਕੇ ਸਰਖਰੂਈ ਵੀ ਹੋਈ ਹੈ।"

ਧਰਮ ਪ੍ਰਤੀ ਅਜਿਹਾ ਝੁਕਾਉ ਅਤੇ ਕਿੰਤੂ ਕਰਦਿਆਂ ਮਨ ਦਾ ਖੁੱਸਣਾ, ਬੇਸ਼ਕ ਲੇਖਕ ਵਰਗੇ ਸੂਝਵਾਨਾਂ ਤੇ ਪ੍ਰਭਾਵ ਤਾਂ ਨਾ ਪਾ ਸਕੇਗਾ- ਪਰ ਚੇਤਨਤਾ ਰਹਿਤ ਵਿਸ਼ਾਲ ਜਨ-ਸਮੂਹਾਂ ਨੂੰ ਮੂਲਵਾਦ ਦੇ ਪ੍ਰਭਾਵ ਥੱਲੇ ਲਿਆਉਣ ਲਈ ਕਾਫੀ ਹੈ।

**ਧਰਮ ਦੀ ਸੰਕੀਰਨਤਾ:** ਇਹ ਪੁਸਤਕ, ਧਰਮ ਸਬੰਧੀ ਵਿਸਥਾਰ ਨਾਲ ਸਰਲਭਾਸ਼ਾ ਵਿਚ ਵਿਆਖਿਆ- ਵਿਸ਼ਲੇਸ਼ਣ ਕਰਦੀ ਹੈ। ਖਾਸ ਕਰਕੇ ਸਿੱਖ ਧਰਮ ਦੇ ਮੂਲ ਸਿਧਾਂਤਾਂ ਦੇ ਮਨੁਖਵਾਦੀ ਅਸੂਲਾਂ ਦੀ ਵਿਸ਼ੇਸ਼ ਰਾਜਨੀਤਕ ਹਿੱਤਾਂ ਵਲੋਂ ਕੀਤੀ ਜਾਂਦੀ ਤੋੜ ਭੰਨ ਦੀ ਵਿਆਖਿਆ ਨੂੰ ਸਪੱਸ਼ਟ ਕਰਕੇ ਕੀਤੇ ਗਏ ਨਿਖੇੜੇ ਨਾਲ ਪਾਠਕ ਨਿਜੀ ਤੌਰ ਤੇ ਵਿਸ਼ਲੇਸ਼ਨ ਕਰਨ ਦੇ ਯੋਗ ਹੋ ਜਾਂਦਾ ਹੈ। ਜਦੋਂ ਲੇਖਕ ਪਾਠਕ ਨੂੰ ਟੁੰਬ ਕੇ ਆਖਦਾ ਹੈ, "ਪ੍ਰਸ਼ਨਾਂ ਦਾ ਪ੍ਰਸ਼ਨ ਹੈ ਕੀ ਧਰਮ, ਮਨੁੱਖ ਲਈ ਹੋਂਦ ਵਿਚ ਆਇਆ ਹੈ ਜਾਂ ਮਨੁੱਖ ਧਰਮ ਨੂੰ ਪਾਲਣ ਲਈ ਹੋਂਦ ਵਿਚ ਆਇਆ ਹੈ, ?"

ਲੇਖਕ ਧਰਮ ਨੂੰ ਨਿਰੋਲ ਵਿਅਕਤੀ ਦੀ ਰੂਹ ਨਾਲ ਸਬੰਧਿਤ ਰੱਖਣ ਦੀ ਧਰਮ ਨਿਰਪੱਖ ਧਾਰਨਾ ਨੂੰ ਉਜਾਗਰ ਕਰਦਾ ਹੈ। ਉਹ ਇਤਿਹਾਸਕ ਹਵਾਲਿਆਂ ਨਾਲ 'ਧਨ' ਦੇ 'ਧਰਮ' ਨਾਲ ਕਜੋੜ ਨੂੰ ਸਪੱਸ਼ਟ ਕਰਦਾ ਹੈ। ਧਰਮ ਨਾਲ ਧਨ ਦਾ ਸਬੰਧ, ਧਰਮ ਨੂੰ ਧਰਮ ਨਹੀਂ ਰਹਿਣ ਦਿੰਦਾ ਸਗੋਂ ਇਕ ਮੁਨਾਫੇਬਖਸ਼ ਸੰਸਥਾ ਬਣਾ ਦਿੰਦਾ ਹੈ। ਇਹ ਸਬੰਧ ਧਰਮ ਨੂੰ ਧਨਵਾਨ-ਸੱਤਾਧਾਰੀ ਜਮਾਤਾਂ ਦੇ ਹਿੱਤਾਂ ਵਿਚ ਭੁਗਤਨ ਵਾਲੀ ਫਿਲਾਸਫੀ ਵਜੋਂ ਸਿੱਧ ਕਰ ਦਿੰਦੇ ਹਨ। ਸਿੱਖ ਧਰਮ ਦੇ ਧਨ ਨਾਲ ਅਜੋਕੇ ਸਬੰਧ, ਇਸ ਦੀ ਮਾਨਵਵਾਦੀ ਅਤੇ ਉਦਾਰ ਪਹੁੰਚ ਨੂੰ ਅਮਲ ਤੋਂ ਪਰ੍ਹੇ ਲਿਜਾਕੇ ਸਿਰਫ ਕਥਨੀ ਤੱਕ ਹੀ ਸੀਮਤ ਕਰ ਦਿੰਦੇ ਹਨ ਕਿਉਂਕਿ ਅਜੋਕੇ ਸਮੇਂ ਵਿਚ ਸਿੱਖ ਧਰਮ ਦੇ ਆਗੂ-ਪ੍ਰਚਾਰਕ, ਅਸੂਲਾਂ ਨਾਲੋਂ ਧਨ ਨੂੰ ਪ੍ਰਾਥਮਿਕਤਾ ਦਿੰਦੇ ਹਨ।

ਸਿੱਖ ਧਰਮ ਸਿੱਖ ਲੋਕਾਂ ਦੇ ਜੀਵਨ ਵਿਚ ਆਪਣੇ ਉੱਚੇ ਅਸੂਲਾਂ ਤੇ ਸਦਾਚਾਰ ਦਾ ਸੰਚਾਰ ਉਨੀ ਦੇਰ ਨਹੀਂ ਕਰ ਸਕਦਾ ਜਿੰਨੀ ਦੇਰ ਇਹ ਰਾਜਨੀਤੀ ਅਤੇ 'ਧਨ' ਤੋਂ ਆਪਣੇ ਆਪ ਨੂੰ ਵੱਖ ਨਹੀਂ ਕਰ ਲੈਂਦਾ, ਜੋ ਸ਼ਾਇਦ ਕਦੇ ਸੰਭਵ ਨਾ ਹੋ ਸਕੇ। ਕਿਉਂਕਿ ਧਰਮ ਸਥਾਨਾਂ ਵਿਚ ਚੜ੍ਹਾਵੇ ਪ੍ਰਥਾ ਅਜਿਹੀ ਪੱਕੀ ਬੱਝ ਗਈ ਹੈ ਕਿ ਇਸ ਤੋਂ ਮੁਕਤ ਹੋਣਾ, ਨਾ ਤਾਂ ਚੜ੍ਹਾਵਾ ਚੜ੍ਹਾਉਣ ਵਾਲਿਆਂ ਅਤੇ ਨਾ ਹੀ ਚੜ੍ਹਾਵਾ ਸੰਭਾਲਣ/ਪ੍ਰਾਪਤ ਕਰਨ ਵਾਲਿਆਂ ਦੇ ਵੱਸ ਦਾ ਰੋਗ ਰਹਿ ਗਿਆ ਹੈ।

ਜਦੋਂ ਧਰਮ ਦੇ ਮੂਲ ਗਰੰਥ ਅਤੇ ਧਰਮ ਦੇ ਲੰਘੇ ਇਤਿਹਾਸਕ ਸਮੇਂ ਨੂੰ, ਵਰਤਮਾਨ ਸਮਾਜਕ ਪ੍ਰਸਥਿਤੀਆਂ ਉੱਪਰ ਧੱਕੇ ਨਾਲ ਮੜ੍ਹਿਆ ਜਾਵੇ ਤਾਂ ਸੋਚ ਵਿਚ ਟੇਢਾਪਨ ਆਉਣਾ ਲਾਜ਼ਮੀ ਹੈ। ਇਹ ਟੇਢਾਪਨ ਪੈਰੋਕਾਰਾਂ ਨੂੰ, ਪੁੱਠੇ ਰਾਹ ਤੋਰਨ ਲਈ ਹੋੜਾ ਬਣ ਜਾਂਦਾ ਹੈ। ਸਵਾਰਥੀ ਰਾਜਨੀਤਕ ਤੇ ਧਾਰਮਿਕ ਆਗੂ ਇਸ ਹੋੜੇ ਨਾਲ ਕਿਸੇ ਧਰਮ ਵਿਸ਼ੇਸ਼ ਦੇ ਜਨ-ਸਾਧਾਰਨ ਨੂੰ ਆਪਣੇ ਜਮਾਤੀ ਹਿੱਤਾਂ ਲਈ ਵਰਤਕੇ ਧਰਮ ਨੂੰ ਮੂਲਵਾਦ ਦੇ ਰਾਹ ਤੋਰ ਦਿੰਦੇ ਹਨ। ਲੇਖਕ ਇਸ ਤੱਥ ਦਾ ਨਿਚੋੜ ਦਿੰਦਿਆਂ ਲਿਖਦਾ ਹੈ, "ਪਰ ਮਜ਼ਹਬ ਉਹ ਤਾਂ ਹੁੰਦਾ ਨਹੀ ਜੋ ਬੁਨਿਆਦੀ ਕਿਤਾਬ ਜਾਂ ਮੂਲ ਗਰੰਥਾਂ ਵਿਚ ਲਿਖਿਆ ਹੁੰਦਾ ਹੈ।ਮਜ਼ਹਬ ਦੀ ਠੋਸ ਤੇ ਸਮਾਜਕ ਸ਼ਕਲ ਤਾਂ ਉਹ ਹੈ ਜੋ ਰਾਜ ਅਤੇ ਧਾਰਮਿਕ ਮਰਿਆਦਾ ਰਲਕੇ ਘੜਦੇ ਹਨ।"

ਸਿੱਖ ਧਰਮ ਦੇ ਸਬੰਧ ਵਿਚ ਲੇਖਕ ਨੇ ਸਿੱਖ ਬੁੱਧੀਵਾਨਾਂ ਦੀਆਂ ਲਿਖਤਾਂ ਉਪਰ ਟਿੱਪਣੀ ਕਰਦਿਆਂ ਲਿਖਿਆ ਹੈ, ਕਿ ਸਮੇਂ ਸਮੇਂ ਚੱਲੀਆਂ ... ਲਹਿਰਾਂ ਤੋਂ ਵੱਖ ਕਰਕੇ ਗੁਰਬਾਣੀ ਤੇ ਸਿੱਖ ਇਤਿਹਾਸ ਨੂੰ ਦੇਖਣਾ ਅਜਿਹੇ ਸੰਕੀਰਣ ਰਾਹ ਪਾਉਂਦਾ ਹੈ ਜਿਹੜਾ ਕੇਵਲ ਅੱਤਵਾਦੀ ਮੂਲਵਾਦ ਉਪਰ ਜਾ ਕੇ ਖੜ੍ਹਾ ਕਰਦਾ ਹੈ।

"ਇਹ ਸਿੱਖ ਸਮਾਜ ਦੀ ਵਿਦਵਤਾ ਅਤੇ ਅਕਾਦਮਿਕਤਾ ਦਾ ਦੁਖਾਂਤ ਹੈ ਕਿ ਗੁਰਬਾਣੀ ਦੀ ਅਜੋਕੀ ਵਿਆਖਿਆ ਅਤੇ ਇਤਿਹਾਸਕਾਰੀ ਮੂਲਵਾਦੀ ਬਿਰਤੀ ਅਨੁਸਾਰ ਕੀਤੀ ਜਾ ਰਹੀ ਹੈ।"

ਸਿੱਖ ਲਿਖਾਰੀਆਂ ਨੇ 'ਮੁਸਲਮਾਨ ਨੂੰ ਜ਼ਾਲਮ ਅਤੇ ਧੋਖੇਬਾਜ਼' ਭਾਵੇਂ ਉਹ ਕਿੰਨੀਆਂ ਸਹੁੰਆਂ ਵੀ ਖਾ ਲਵੇ ਉਸਤੇ ਯਕੀਨ ਨਾ ਕਰੋ ਅਤੇ 'ਹਿੰਦੂ ਨੂੰ ਕਾਇਰ' ਦਰਸਾਇਆ ਹੈ ਕਿ ਉਹ ਮੁਸਲਮਾਨ ਹਾਕਮਾਂ ਨਾਲ ਲੋਹਾ ਨਹੀਂ ਲੈ ਸਕਦਾ। ਜੇ ਕੋਈ ਸੰਸਾਰ ਉਪਰ ਮਾਰਸ਼ਲ ਅਤੇ ਬਹਾਦਰ ਕੌਮ ਹੈ ਉਹ ਸਿਰਫ ਸਿੱਖ ਹੀ ਹਨ। "ਸਵੈ ਨੂੰ ਸਰਵੋਤਮ, ਅਤੇ ਹੋਰ ਸੱਭ ਨੂੰ ਹੇਚ ਦੱਸਣ ਦੀ ਰੁਚੀ ਵਿਚ ਸ਼ਾਵਨਵਾਦ ਅਤੇ ਮੂਲਵਾਦ ਦੇ ਬੀਜ ਅੰਸ਼ ਹੁੰਦੇ ਹਨ।"

**ਮੂਲਵਾਦ:** ਸਿੱਖ ਮੂਲਵਾਦ ਬਾਰੇ ਪੁਸਤਕ ਦੇ ਦੋ ਸੌ ਸਫਿਆਂ ਵਿਚੋਂ ਪਿਛਲੇ 55 ਸਫੇ ( ਕਾਂਡ 16-19 ਤੱਕ) ਅਸਲ ਵਿਚ ਸਿੱਧੇ ਮੂਲਵਾਦ ਦੀ ਸੱਮਸਿਆ ਉਪਰ ਚਾਨਣਾ ਪਾਉਂਦੇ ਹਨ। ਸੋਲਵਾਂ ਕਾਂਡ ਭਾਰਤ ਦੀ ਵੰਡ ਵਿਚ ਫਿਰਕੂ ਅਤੇ ਪਿਛਾਖੜੀ ਸ਼ਕਤੀਆਂ ਦੇ ਮੂਲਵਾਦੀ ਆਧਾਰਾਂ ਦਾ ਵਰਨਣ ਕਰਦਾ ਹੈ ਕਿ ਕਿਵੇਂ ਮੂਲਵਾਦ ਦਾ ਸਹਾਰਾ ਲੈ ਕੇ ਵਖਵਾਦੀ ਵਿਚਾਰਾਂ ਨੂੰ ਉਭਾਰਿਆ ਤੇ ਪਰਚਾਰਿਆ ਗਿਆ। ਜਿਸ ਦੇ ਸਿੱਟੇ ਵਜੋਂ ਦੇਸ਼ ਦੀ ਵੰਡ ਅਮਲ ਵਿਚ ਆਈ। ਉਸ ਸਮੇਂ ਅੰਗ੍ਰੇਜ਼ ਸਾਮਰਾਜੀਆਂ ਵਲੋਂ ਸਿੱਖਾਂ ਨੂੰ ਵੀ ਵੰਡ ਦੇ ਰਾਹ ਉੱਤੇ ਤੋਰਨ ਦਾ ਯਤਨ ਕੀਤਾ ਗਿਆ ਸੀ ਪਰ ਸਮੇਂ ਦੀ ਸਿਆਣੀ ਲੀਡਰਸ਼ਿਪ ਨੇ ਦ੍ਰਿੜਤਾ ਨਾਲ ਵੱਖ ਹੋਣ ਦੇ ਵਿਚਾਰ ਨੂੰ ਰੱਦ ਕਰਕੇ ਆਪਣੇ ਭਵਿੱਖ ਨੂੰ ਭਾਰਤ ਨਾਲ ਹੀ ਸੁਰੱਖਿਅਤ ਸਮਝਿਆ। ਇਹੋ ਹੀ ਨਹੀਂ ਉਨ੍ਹਾਂ ਸਗੋਂ ਪਾਕਿਸਤਾਨ ਦੀ ਵੰਡ ਦਾ ਵੀ ਡਟਵਾਂ ਵਿਰੋਧ ਕੀਤਾ ਸੀ।

ਸਿੱਖ ਲੀਡਰਸ਼ਿਪ ਦਾ ਭਾਰਤ ਨਾਲੋਂ ਵੱਖ ਹੋਣ ਦਾ ਨਿਰਣਾ ਸਮੁੱਚੇ ਪੰਜਾਬੀਆਂ ਅਤੇ ਖਾਸ ਕਰਕੇ ਸਿੱਖਾਂ ਲਈ ਘਾਤਕ ਸਿੱਧ ਹੋਣਾ ਸੀ। ਜਿਵੇਂ ਅੱਜ ਪਾਕਿਸਤਾਨ ਦਾ ਸਮਾਜੀ ਤੇ ਆਰਥਿਕ ਵਿਕਾਸ ਭਾਰਤ ਦੇ ਵਿਕਾਸ ਨਾਲੋਂ ਖਾਸ ਕਰਕੇ ਪੰਜਾਬ ਨਾਲੋਂ ਪਛੜਿਆ ਰਹਿ ਗਿਆ ਹੈ ਇਵੇਂ ਹੀ ਪੰਜਾਬ ਦਾ ਹਾਲ ਅਤੀ ਤਰਸਯੋਗ ਹੋਣਾ ਸੀ। ਅੱਜ ਪੰਜਾਬੀ ਸਮੁੱਚੇ ਭਾਰਤ ਵਿੱਚ ਖਿਲਰੇ ਹੋਏ ਹਨ ਫਿਰ ਪੰਜਾਬ ਵਿਚ ਹੀ ਤਤੇ ਹੋਣਾ ਸੀ। ਪਾਕਿਸਤਾਨ ਦੇ ਹਮਲਿਆਂ ਦਾ ਸ਼ਿਕਾਰ ਹੋਣਾ ਤਾਂ ਸੀ ਹੀ, ਨਾਲ ਹੀ ਅਮਰੀਕੀ ਸਾਮਰਾਜੀਆਂ ਹੇਠ ਮੁੜ ਗੁਲਾਮ ਹੋਣਾ ਸੀ। ਬੇਸ਼ਕ ਲੋਟੂ ਜਮਾਤਾਂ ਦੇ ਰਾਜ ਵਿਚ ਭਾਰਤ ਦੇ ਕਿਸਾਨ ਅਤੇ ਮਿਹਨਤੀ ਲੋਕਾਂ ਦੀ ਮਿਹਨਤ ਲੁੱਟ ਹੋ ਰਹੀ ਹੈ ਜਿਸ ਵਿਚ ਪੰਜਾਬੀ ਵੀ ਸ਼ਾਮਲ ਹਨ। ਪਰ ਫਿਰ ਵੀ ਹਾਲਤ ਨਿਸਬਤਨ ਮਾੜੀ ਨਹੀਂ ਸਗੋਂ ਸਾਰੇ ਭਾਰਤ ਭਰ ਵਿਚੋਂ ਪਹਿਲੇ ਨੰਬਰ ਉੱਪਰ ਹੈ। ਮੂਲਵਾਦੀਆਂ ਵਲੋਂ ਸਿੱਖਾਂ ਨੂੰ ਘਸਿਆਰੇ ਬਣੇ ਦਸ ਕੇ ਕੀਤਾ ਗੁੰਮਰਾਹ ਕੁੰਨ

ਪਰਚਾਰ, ਚੋਰਾਂ ਵਲੋਂ ਵੱਛੇ ਨੂੰ ਕੁੱਤਾ ਕਹਿਕੇ ਠੱਗਣ ਦੀ ਕਹਾਣੀ ਤੋਂ ਵੱਧ ਕੁੱਝ ਨਹੀਂ ਹੈ।

ਲੇਖਕ ਨੇ ਸਿੱਖ ਮੂਲਵਾਦ ਦੇ ਆਧਾਰ ਦੀ ਨਿਸ਼ਾਨਦੇਹੀ ਕਰਦਿਆਂ ਵਿਗਿਆਨਕ ਨਿਰਨਿਆਂ ਨੂੰ ਆਧਾਰ ਬਣਾਇਆ ਹੈ। ਸਾਰੇ ਧਰਮਾਂ ਦੀਆਂ ਨੀਹਾਂ ਆਮ ਕਰਕੇ ਹੀ ਕਿਸਾਨ ਜਮਾਤ ਵਿਚ ਟਿਕੀਆਂ ਹੋਣ ਕਰਕੇ ਮੂਲਵਾਦ ਦਾ ਉਧਮੂਲ ਵੀ ਇਨ੍ਹਾਂ ਤੋਂ ਹੀ ਉਠਦਾ ਹੈ। ਸਿੱਖ ਧਰਮ ਵੀ ਇਸ ਗੱਲੋਂ ਵੱਖ ਨਹੀਂ ਹੈ।

ਫਿਰਕੂ ਪਹੁੰਚ ਦੂਜੇ ਫਿਰਕੇ ਦੀ ਫਿਰਕਾਪ੍ਰਸਤੀ ਨਾਲ ਭਿੜ ਕੇ ਅੱਗੇ ਵੱਧਦੀ ਹੈ। ਪੰਜਾਬ ਵਿਚ ਜਿੱਥੇ ਇਹ ਭੇੜ ਹਿੰਦੂ-ਸਿੱਖਾਂ ਦਾ ਮੁਸਲਮ ਫਿਰਕਾ ਪ੍ਰਸਤੀ ਨਾਲ ਸੀ ਵੰਡ ਤੋਂ ਪਿੱਛੋਂ ਇਹ ਹਿੰਦੂ ਅਤੇ ਸਿੱਖ ਫਿਰਕਾਪ੍ਰਸਤੀ ਵਿਚਕਾਰ ਹੋ ਗਿਆ। ਜਿਥੇ ਇਹ ਭੇੜ ਹਿੰਦੂ-ਸਿੱਖ ਲੁਟੇਰੀ ਜਮਾਤਾਂ ਵਲੋਂ ਸਿੱਖ ਕਿਸਾਨੀ ਦੀ ਲੁੱਟ ਕਰਨ ਅਤੇ ਇਸ ਤੇ ਕਬਜ਼ਾ ਬਣਾਈ ਰੱਖਣ ਲਈ ਪੰਜਾਬ ਦੀ ਰਾਜਨੀਤੀ ਉੱਪਰ ਕਬਜ਼ੇ ਲਈ ਸੀ, ਉੱਥੇ ਇਹ ਖੁਲ੍ਹ ਕੇ ਸਿੱਧੀ ਫਿਰਕੂ ਆਧਾਰ ਤੇ ਕਤਾਰਬੰਦੀ ਹੋ ਨਿਬੜਿਆ। ਸ਼ਰਾਰਤੀ ਅਨਸਰਾਂ ਦੀਆਂ ਸ਼ਰਾਰਤਾਂ ਨੇ ਬਲਦੀ ਤੇ ਤੇਲ ਦਾ ਕੰਮ ਦਿੱਤਾ। ਸਮੇਂ ਦੇ ਗੇੜ ਨਾਲ ਪ੍ਰਸਥਿਤੀਆਂ ਦੀਆਂ ਪੇਚੀਦਗੀਆਂ ਦੀ ਓਟ ਵਿਚ ਸਾਮਰਾਜੀ ਅਨਸਰਾਂ ਨੇ ਦਖਲ ਅੰਦਾਜ਼ੀ ਲਈ ਰਾਹ ਲੱਭ ਲਿਆ। ਕੇਂਦਰ ਵਿਚ ਹਾਕਮ ਕਾਂਗਰਸ ਪਾਰਟੀ 1947 ਤੋਂ ਹੀ ਆਪਣੇ ਜਮਾਤੀ ਹਿੱਤਾਂ ਨੂੰ, ਫਿਰਕੂ ਭਾਵਨਾਵਾਂ ਦੀਆਂ ਲਾਟਾਂ ਵਿਚ ਸਦਾ ਹੀ ਸੁਰੱਖਿਅਤ ਹੁੰਦਾ ਦੇਖਣ ਵਿਚ ਰੁਚੀ ਰਖਦੀ ਰਹੀ ਹੈ। ਪੰਜਾਬ ਦੀ ਅਜੋਕੀ ਸਥਿਤੀ ਵਿਚ ਉਸ ਦੇ ਤੰਗਨਜ਼ਰ ਹਿਤ ਹਮੇਸ਼ਾਂ ਹੀ ਅੱਗੇ ਰਹੇ ਹਨ।

ਲੰਘ ਰਹੇ ਅੱਸੀਵਿਆਂ ਦੇ ਦਹਾਕੇ ਦੇ ਹਾਲਾਤ ਨੂੰ ਸੂਤਰਬੱਧ ਕਰਦਿਆਂ ਲੇਖਕ ਲਿਖਦਾ ਹੈ, "1981-82 ਤੋਂ 84 ਤੱਕ ਦੇ ਹਾਲਾਤ ਦਾ ਪਤਰਕਾਰਕ ਨਹੀਂ ਸਗੋਂ ਸਿਧਾਂਤਕ-ਰਾਜਨੀਤਕ ਵਿਸ਼ਲੇਸ਼ਣ ਕੀਤਿਆਂ ਪਤਾ ਲਗਦਾ ਹੈ ਕਿ ਮੂਲਵਾਦ, ਫਿਰਕੂ ਰਾਜਨੀਤੀ ਅਤੇ ਉਗਰਵਾਦ ਕਿਵੇਂ ਵੱਖ ਵੱਖ ਤੇ ਦੁਰਾਡੇ ਦਿਸਦੇ ਖੇਤਰਾਂ ਤੋਂ ਵਿਕਸਤ ਹੋ ਕੇ, ਇਕ ਦੂਜੇ ਨੂੰ ਪਰੇਰਤ, ਪ੍ਰਭਾਵਤ ਕਰਦੇ ਹੋਏ ਖਾਲਿਸਤਾਨ ਦੀ ਮੰਗ ਅਤੇ ਸੰਘਰਸ਼ ਉਪਰ ਇਕ ਹੁੰਦੇ ਜਾ ਰਹੇ ਸਨ।"

ਸਿੱਖ ਧਰਮ ਅਤੇ ਰਾਜਨੀਤੀ ਵਿਚ ਸਥਾਪਤ ਲੀਡਰਸ਼ਿਪ ਦੀਆਂ ਮੂਲਵਾਦੀ ਲੀਡਰਸ਼ਿਪ ਨੂੰ, ਆਪਣੇ ਹਿੱਤਾਂ ਵਿਚ ਵਰਤਣ ਲਈ ਕੀਤੀਆਂ ਪੈਂਤੜੇਬਾਜੀਆਂ, ਉੜਕ ਗੋਡੇ ਟੇਕਣ ਤੇ ਮਜਬੂਰ ਹੋ ਗਈਆਂ। ਜਿਸ ਦੇ ਸਿੱਟੇ ਵਜੋਂ ਪੰਜਾਬ ਦੇ ਰਾਜਨੀਤਕ, ਆਰਥਿਕ, ਸਮਾਜੀ ਅਤੇ ਸੱਭਿਆਚਾਰ ਜੀਵਨ ਦੀਆਂ ਜੜ੍ਹਾਂ ਤਾਂ ਉਖਾੜੀਆਂ ਹੀ ਸਨ ਨਾਲ ਹੀ ਸਿੱਖ ਧਰਮ ਦੀ ਉਦਾਰ ਅਤੇ ਮਨੁੱਖਵਾਦੀ ਦਿੱਖ, ਕੋਹੜੇ ਰਾਖਸ਼ ਦੇ ਅਮਲਾਂ ਦਾ ਰੂਪ ਵੀ ਧਾਰ ਗਈ। ਸਿੱਖ ਧਰਮ ਦੇ ਮਨੁੱਖਵਾਦੀ ਮੂਲ ਸਿਧਾਂਤਾਂ ਉਪਰ ਪਹਿਲਾਂ ਕਦੀ ਅਜਿਹਾ ਹਮਲਾ ਨਹੀ ਹੋਇਆ ਸੀ ਜਿੰਨਾ ਅੱਸੀਵਿਆਂ ਦੀ ਮੂਲਵਾਦ ਲਹਿਰ ਨੇ ਕੀਤਾ ਹੈ।

ਭਾਵੇਂ ਲੇਖਕ ਨੇ ਇਸ ਸਚਾਈ ਦਾ ਜ਼ਿਕਰ ਕੀਤਾ ਹੈ ਕਿ ਮੂਲਵਾਦ ਦੇ ਟਾਕਰੇ ਵਿਚ ਜੇ ਕੋਈ ਸ਼ਕਤੀ ਖੜਨ ਦੇ ਸਮਰਥ ਹੋਈ ਹੈ ਤਾਂ ਸਿਰਫ ਕਮਿਊਨਿਸਟ ਹੀ ਸਨ। ਜੋ ਵਿਰੋਧ ਵਿਕਾਸੀ ਪਦਾਰਥਵਾਦ ਦੇ ਫਲਸਫੇ ਦੇ ਧਾਰਨੀ ਹੁੰਦੇ ਹਨ। ਲੇਖਕ ਸਪੱਸ਼ਟ ਕਰਦਾ ਹੈ ਕਿ, " ਮਾਰਕਸਵਾਦੀ-ਲੈਨਿਨਵਾਦੀ ਕਿਸੇ ਅਲੌਕਿਕ ਪਰਾ-ਸ਼ਰੀਰਕ ਸ਼ਕਤੀ ਰੱਬ ਆਦਿਕ ਉਪਰ ਵਿਸ਼ਵਾਸ ਨਹੀਂ ਰਖਦਾ- ਪਰ ਕਿਉਂਕਿ ਉਸ ਸਮੇਂ ਮਾਰਕਸਵਾਦੀ -ਮਾਨਵਾਦੀ ਹੁੰਦਾ ਹੈ- ਮਨੁੱਖ ਨੂੰ ਸਰਬੋਤਮ ਸਮਝਦਾ, ਧਰਮ ਨੂੰ ਵੀ ਮਨੁੱਖ ਦਾ, ਮਨੁੱਖ ਲਈ ਸਮਝਦਾ ਹੈ- ਇਸ ਲਈ ਧਾਰਮਿਕ ਸੰਸਕਾਰਾਂ-ਸੰਕੀਰਣਤਾਵਾਂ ਤੋਂ ਉੱਪਰ ਹੋ ਕੇ ਸੱਚਾ ਸੈਕੂਲਰ ਹੋ ਨਿਬੜਦਾ ਹੈ।"

ਪਰ ਲੇਖਕ ਨੇ ਕਮਿਊਨਿਸਟਾਂ ਵਲੋਂ "ਫਿਰਕਾਪ੍ਰਸਤੀ ਨਾਲ ਸਿੱਧੀ ਟੱਕਰ ਨਹੀਂ ਲਈ" ਆਖਕੇ ਕਿੰਤੂ ਕੀਤਾ ਹੈ ਪਰ ਇਸ ਕਿੰਤੂ ਵਿਚ ਬਹੁਤੀ ਜਾਨ ਨਹੀਂ ਹੈ ਕਿਉਂਕਿ ਕਮਿਊਨਿਸਟ ਲਹਿਰ ਨੇ ਫਿਰਕਾਪ੍ਰਸਤੀ ਦਾ ਜਿੰਨਾਂ ਸਿਧਾਂਤਕ ਤੇ ਰਾਜਨੀਤਕ ਵਿਰੋਧ ਕੀਤਾ ਹੈ ਉਹ ਉਨ੍ਹਾਂ ਦੀ ਆਪਣੀ ਸ਼ਕਤੀ ਤੋਂ ਵੱਧ ਹੀ ਸੀ। ਹਾਂ ਕਮਿਊਨਿਸਟ ਲਹਿਰ ਦੇ ਬਹਾਦਰਾਂ ਨੇ 'ਗੋਲੀ ਦਾ ਜੁਆਬ ਗੋਲੀ' ਨਹੀਂ ਦਿੱਤਾ ਜੋ ਕਿ ਖੱਬੇ ਕੁਰਾਹੇ ਦਾ ਅਮਲ ਹੋ ਨਿਬੜਨਾ ਸੀ। ਕਮਿਊਨਿਸਟ ਲਹਿਰ ਦੀ ਪਹੁੰਚ ਪੰਜਾਬ ਦੇ ਜਨਸਾਧਾਰਨ ਤੱਕ ਫਿਰਕੂ ਲਹਿਰ ਦੇ ਟਾਕਰੇ ਘੱਟ ਹੋਣੀ ਕੁਦਰਤੀ ਸੀ। ਕਿਉਂਕਿ ਉਨ੍ਹਾਂ ਵਿਰੁੱਧ ਫਿਰਕੂ ਪਰਚਾਰ, ਕੇਂਦਰੀ ਸਰਕਾਰ ਅਤੇ ਸਾਮਰਾਜੀ ਏਜੰਟ ਦੇਸ ਅਤੇ ਬਦੇਸ਼ਾਂ ਵਿਚ ਕੂੜ-ਕਪਟ ਦਾ ਪਰਚਾਰ ਕਰ ਰਹੇ ਸਨ। ਫਿਰ ਵੀ ਕਮਿਊਨਿਸਟਾਂ ਦੀ ਸਿਧਾਂਤਕ ਅਤੇ ਰਾਜਨੀਤਕ ਟੱਕਰ ਦਾ ਸਬੂਤ ਸੈਂਕੜੇ ਕਮਿਊਨਿਸਟ ਬਹਾਦਰਾਂ ਦੀ ਸ਼ਹਾਦਤ ਤੋਂ ਵੱਧ ਹੋਰ ਕੀ ਹੋ ਸਕਦਾ ਹੈ?

ਇਸ ਹੀ ਕਾਂਡ ਵਿਚ ਲੇਖਕ ਨੇ ਪੰਜਾਬੀ 'ਲੇਖਕਾਂ, ਕਲਾਕਾਰਾਂ, ਅਤੇ ਵਿਦਵਾਨਾਂ ਦੇ ਕਿਰਦਾਰ ਉਪਰ ਵੀ ਕਿੰਤੂ ਕੀਤਾ ਹੈ। ਕਈ ਪਕਰੋੜ ਲੇਖਕਾਂ ਦਾ ਬਿਨਾ ਨਾਂ ਲਏ ਮੂਲਵਾਦੀ ਲਹਿਰ ਦੇ ਹੜ੍ਹ ਵਿਚ ਰੁੜ੍ਹ ਜਾਣ ਵਲ ਵੀ ਸੰਕੇਤ ਕੀਤਾ ਹੈ। ਉਨ੍ਹਾਂ ਪੰਜਾਬ ਤੋਂ ਬਾਹਰ ਦੇ ਪੰਜਾਬੀ ਲੇਖਕਾਂ ਦੀ ਪ੍ਰਸੰਸਾ ਕੀਤੀ ਹੈ। ਪੰਜਾਬ ਦੇ ਸਾਰੇ ਲੇਖਕਾਂ ਨੂੰ ਰੁੜ੍ਹ ਗਏ ਲੇਖਕਾਂ ਦੇ ਨਾਲ ਹੀ ਰੋੜ੍ਹ ਕੇ ਲੇਖਕ ਨੇ ਜ਼ਿਆਦਤੀ ਕੀਤੀ ਹੈ। ਉਨ੍ਹਾਂ ਇਹ ਅਵਿਗਿਆਨਕ ਨਿਰਨਾ ਪਤਾ ਨਹੀਂ ਕਿਹੜੇ, ਆਧਾਰ ਉਪਰ ਦੇ ਦਿੱਤਾ ਕਿ, "ਪੰਜਾਬੀ ਲੇਖਕ ਵਧੇਰੇ ਕਰਕੇ ਸਿੱਖ ਹੈ ਅਤੇ ਉਹ ਫਿਰਕਾਪ੍ਰਸਤੀ ਤੇ ਮੂਲਵਾਦ ਨੂੰ ਸਮੇਂ ਸਿਰ ਸਮਝਣ-ਸਮਝਾਉਣ ਵਿਚ ਸਫਲ ਨਹੀਂ ਹੋਇਆ।"

ਕਿਸੇ ਵੀ ਲੇਖਕ ਦੀ ਹਸਤੀ ਰਾਜਨੀਤਕ-ਸਮਾਜਕ ਜਾਂ ਫਿਰਕੂ ਤੂਫਾਨਾਂ ਦੇ ਟਾਕਰੇ ਇਕ ਤੰਬੋਟੀ ਜਾਂ ਮੱਛਰਦਾਨੀ ਵਰਗੀ ਹੀ ਹੁੰਦੀ ਹੈ। ਇਹ ਪੱਥਰ ਹੀ ਹੁੰਦੇ ਹਨ ਜੋ ਤੂਫਾਨਾਂ ਵਿਚ ਉੱਡਦੇ ਨਹੀਂ। ਲੇਖਕ ਦਾ ਰੋਲ ਸੂਖਮ-ਭਾਵੀ ਹੁੰਦਾ ਹੈ ਉਸਦਾ ਪ੍ਰਭਾਵ ਪਾਠਕ ਦੀ ਸਮਝ ਸੂਝ ਤੇ ਆਧਾਰਿਤ ਹੁੰਦਾ ਹੈ।

ਪੰਜਾਬੀ ਲੋਕਾਂ ਦੀ ਸੱਭਿਆਚਾਰਕ ਅਤੇ ਜਮਾਤੀ ਸਥਿਤੀ ਨੂੰ ਸਮਝਦਿਆਂ ਦੇਖਦਿਆਂ 'ਸਾਰੇ' ਪੰਜਾਬੀ ਲੇਖਕਾਂ ਉਪਰ ਸ੍ਰੀ ਆਜ਼ਾਦ ਦਾ ਦੋਸ਼ ਵਿਸ਼ਲੇਸ਼ਨਾਤਮਕ ਨਹੀਂ ਹੈ। ਇਸ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ। ਇਹ ਪੰਜਾਬੀ ਲੇਖਕ ਦਾ ਕਸੂਰ ਨਹੀਂ ਹੈ, ਇਹ ਸਮੁੱਚੇ ਪੰਜਾਬੀ ਸਾਹਿਤ ਦੀ ਸੱਮਸਿਆ ਹੈ ਕਿ ਪੰਜਾਬੀ ਲੋਕ ਬਹੁਤ ਘੱਟ ਪੜ੍ਹਦੇ ਹਨ। ਕਿਤਾਬਾਂ ਉਨ੍ਹਾਂ ਤੱਕ ਪਹੁੰਚਦੀਆਂ ਨਹੀਂ ਜਾਂ ਉਨ੍ਹਾਂ ਦੀ ਪਹੁੰਚ ਵਿਚ ਨਹੀਂ ਹਨ ਜਿਸ ਦਾ ਕਾਰਨ ਆਰਥਿਕ ਵੀ ਹੈ।

ਬੇਸ਼ਕ ਬੁੱਧੀਜੀਵੀ ਤਬਕੇ ਦੇ ਇਕ ਹਿੱਸੇ ਨੇ ਖਾਸ ਸੁਆਰਥੀ ਕਾਰਨਾਂ ਕਰਕੇ ਮੂਲਵਾਦ ਦੀ ਸੇਵਾ ਕਰਨਾ ਹੀ ਆਪਣੇ ਲਈ ਲਾਭਕਾਰੀ ਸਮਝਿਆ ਹੈ ਪਰ ਅਨੇਕਾਂ ਪੰਜਾਬੀ ਲੇਖਕਾਂ ਨੇ ਬਹਾਦਰੀ ਨਾਲ ਇਸ ਵਿਰੁੱਧ

ਲਗਾਤਾਰ ਲਿਖਿਆ ਵੀ ਹੈ ਅਤੇ ਵੱਡਮੁੱਲੇ ਸਾਹਿਤਕਾਰ-ਪੱਤਰਕਾਰ ਸ਼ਹਾਦਤ ਦੇ ਜਾਮ ਵੀ ਪੀ ਗਏ ਹਨ।

**ਮੂਲਵਾਦ ਵਿਰੁੱਧ ਸਘੰਰਸ਼:** ਪੁਸਤਕ ਦਾ ਅੰਤਿਮ ਕਾਂਡ 'ਮੂਲਵਾਦ ਵਿਰੁੱਧ ਸਘੰਰਸ਼' ਨੂੰ ਅਰਪਤਿ ਹੈ। ਪਰ ਇਸ ਵਿਚ ਮੂਲਵਾਦ ਵਿਰੁੱਧ ਸਘੰਰਸ਼ ਕਿਵੇਂ ਕੀਤਾ ਜਾਵੇ ਅਤੇ ਉਸ ਦੀਆਂ ਜੜ੍ਹਾਂ ਉਪਰ ਕਿਵੇਂ ਹਮਲਾ ਕੀਤਾ ਜਾਵੇ, ਬਾਰੇ ਸਿੱਧੇ ਤੌਰ ਤੇ ਕੁੱਝ ਨਹੀਂ ਮਿਲਦਾ। ਜੋ ਇਸ ਕਾਂਡ ਤੋਂ ਪ੍ਰਾਪਤ ਹੁੰਦਾ ਹੈ ਉਹ ਮੂਲਵਾਦ ਦੀ ਹੋਰ ਸਪੱਸ਼ਟ ਵਿਆਖਿਆ ਕੀਤੀ ਮਿਲਦੀ ਹੈ।

ਉਹ ਮੂਲਵਾਦ ਦੀ ਨਿਸ਼ਾਨਦੇਹੀ ਕਰਦੇ ਲਿਖਦੇ ਹਨ, " ਜਿੱਥੇ ਫਿਰਕਾਪ੍ਰਸਤੀ ਰਾਜਨੀਤੀ ਵਿਚ ਅੰਧਕਰਨੀ ਵਰਤਾਰਾ ਹੈ ਉੱਥੇ ਮੂਲਵਾਦ ਮਾਨਸਿਕਤਾ ਉੱਪਰ ਆਧਾਰਿਤ ਉਹ ਸੂਖ਼ਮ ਵਰਤਾਰਾ ਹੈ ਜੋ ਵਿਸ਼ਵਾਸ ਅਹਿਸਾਸ ਦੇ ਖੇਤਰਾਂ-ਧਾਰਮਿਕ ਭਾਵਨਾ ਅਤੇ ਸਾਹਿਤਕਲਾ- ਤੋਂ ਲੈਕੇ ਵਿਦਿਆ-ਵਿਦਵਤਾ ਦੇ ਬੌਧਿਕ ਖੇਤਰਾਂ ਤੱਕ ਪਸਰਿਆ ਹੋਇਆ ਹੈ।"

"ਮੂਲਵਾਦ ਦੀ ਟੇਕ ਧਰਮ ਉੱਪਰ ਹੈ। ਉਹ ਧਾਰਮਿਕ ਬੋਲੀ ਬੋਲਦਾ ਹੈ ਇਸ ਲਈ ਧਾਰਮਿਕ ਖੇਤਰ ਵਿਚ ਮੂਲਵਾਦੀ ਵਿਚਾਰਾਂ, ਪਹੁੰਚ ਅਤੇ ਪ੍ਰਭਾਵ ਦੀ ਨਿਸ਼ਾਨਦੇਹੀ ਕਰਨੀ ਬਣਦੀ ਹੈ।"

ਜਿਹੜੇ ਖੇਤਰਾਂ ਦੀ ਲੇਖਕ ਨਿਸ਼ਾਨਦੇਹੀ ਕਰਦਾ ਹੈ ਉਹ ਮੁੱਖ ਤੌਰ ਤੇ ਹਨ: ਮਿਥਿਹਾਸਕ ਪੱਖ, ਗਰੰਥਕਾਰ ਪੱਖ, ਸਦਾਚਾਰਕ ਪੱਖ, ਸਮਾਜਕ ਪੱਖ ਅਤੇ ਪ੍ਰਯੋਗਵਾਦੀ ਪੱਖ। ਇਨ੍ਹਾਂ ਖੇਤਰਾਂ ਦੀ ਨਿਸ਼ਾਨਦੇਹੀ ਤਾਂ ਕਰ ਦਿੱਤੀ ਹੈ ਪਰ ਇਨ੍ਹਾਂ ਖੇਤਰਾਂ ਵਿਚ ਮੂਲਵਾਦ ਦਾ ਟਾਕਰਾ ਕਿਵੇਂ ਕਰਨਾ ਚਾਹੀਦਾ ਹੈ ਇਸ ਦਾ ਨਿਰਨਾ ਪਾਠਕ ਉੱਪਰ ਛੱਡ ਦਿੱਤਾ ਗਿਆ ਹੈ। ਅਸਲ ਵਿਚ ਪਾਠਕ ਨੂੰ ਪੁਸਤਕ ਪੜ੍ਹਣ ਉਪਰੰਤ ਇਸ ਪ੍ਰਸ਼ਨ ਦਾ ਹੀ ਉੱਤਰ ਮਿਲਣਾ ਚਾਹੀਦਾ ਸੀ।

ਮੂਲਵਾਦ ਦੇ ਕਾਰਜਾਂ ਦੀ ਅੱਗੋਂ ਵਿਆਖਿਆ ਕਰਦਾ ਲੇਖਕ ਕਹਿੰਦਾ ਹੈ, " ਮੂਲਵਾਦ...ਧਰਮ ਅਨੁਯਾਈਆਂ ਨੂੰ ਸੌੜੇ ਹਿੱਤਾਂ ਲਈ ਸੌੜ-ਦਿਲੀ ਵੱਲ ਮੋੜਦਾ ਹੈ।.... ਮੂਲਵਾਦ ਖੂਹ ਦੇ ਡੱਡੂ ਵਾਂਗ ਤੰਗ ਦਰਸ਼ੀ ਹੁੰਦਾ ਹੈ ਅਤੇ ... ਇਹ ਮਿੱਥਾਂ, ਰੂੜੀਆਂ ਨੂੰ ਆਪਣੇ ਢੰਗ ਨਾਲ ਪੱਕਾ ਕਰਦਿਆਂ ਉਹਨਾਂ ਨੂੰ ਨਾਂਹ-ਪੱਖੀ ਰੂਪ ਵਿਚ ਬਦਲ ਰਿਹਾ ਹੁੰਦਾ ਹੈ।... ਵਿਆਹ ਸ਼ਾਦੀਆਂ ਉਪਰ ਫਜ਼ੂਲ ਖਰਚੀ, ਦਿਖਾਵੇ ਅਤੇ ਨਸ਼ਾਖੋਰੀ ਦੀ ਵਕਤੀ ਵਿਰੋਧਤਾ ਮੂਲਵਾਦੀ ਸਟੰਟ ਹੈ।"

ਕੁੱਝ ਹੋਰ ਟੂਕਾਂ ਨੋਟ ਕਰਨ ਵਾਲੀਆਂ ਹਨ:

"... ਮੂਲਵਾਦ ਦੀ ਸੱਭ ਤੋਂ ਸੁਰੱਖਿਅਤ ਕਿਲਾਬੰਦੀ ਧਾਰਮਿਕ ਵਿਚਾਰ ਅਤੇ ਸੰਸਕਾਰ ਹਨ ਜਿੱਥੋਂ ਇਹ ਫਿਰਕਾਪ੍ਰਸਤੀ ਅਤੇ ਅੱਤਵਾਦ ਨੂੰ ਮਾਨਸਿਕ ਸਹਾਇਤਾ ਵੀ ਦਿੰਦਾ ਹੈ।"

"... ਧਰਮ-ਦਰਸ਼ਨ ਦੀ ਪ੍ਰਮਾਣਕਿਤਾ ਆਪਣੇ ਹੱਥ ਵਿਚ ਰੱਖ ਕੇ ਧਰਮ ਦੇ ਮਾਨਵਵਾਦੀ ਸੋਤਰ ਸੁਕਾਉਂਦਾ ਹੈ... ਸਹਿਧਰਮੀਆਂ ਨੂੰ ਨਿਖੇੜ ਕੇ ਵਿਰੋਧੀ ਕਤਾਰਬੰਦੀ ਕਰਦਾ ਹੈ। ਦੂਜੇ ਪਾਸੇ ਉਹਨਾਂ ਨੂੰ ਮਾਨਸਿਕ ਤੌਰ ਤੇ ਗੁਲਾਮ ਬਣਾਈ ਰੱਖਦਾ ਹੈ।"

ਇਸ ਤਰ੍ਹਾਂ ਸਮੁੱਚੇ ਤੌਰ ਤੇ ਪੁਸਤਕ ਸਿੱਖ ਧਰਮ ਦਾ ਇਤਿਹਾਸਕ ਵਿਸ਼ਲੇਸ਼ਨ ਕਰਦੀ ਹੋਈ ਦੂਜੇ ਅੱਧ ਵਿਚ ਮੂਲਵਾਦ ਦੇ ਲੱਛਣਾਂ ਅਤੇ ਕਾਰਜਾਂ ਦੀ ਵਿਆਖਿਆ ਕਰਦੀ ਹੈ। ਨਿਰਸੰਦੇਹ ਮੂਲਵਾਦ ਦੀ ਸੱਮਸਿਆ ਬਹੁਤ ਵੱਡੀ ਹੈ ਪਰ ਆਸ ਕੀਤੀ ਜਾਂਦੀ ਸੀ ਕਿ ਸ੍ਰੀ ਆਜ਼ਾਦ ਇਸ ਨਾਲ ਨਜਿੱਠਣ ਲਈ ਸਪੱਸ਼ਟ ਸੁਝਾ ਦੇਵੇਗਾ। ਪਰੰਤੂ ਉਨ੍ਹਾਂ ਇਹ ਕੰਮ ਹੋਰਨਾਂ ਉੱਪਰ ਛੱਡਦਿਆਂ ਵੰਗਾਰ ਦਿੱਤੀ ਹੈ, " ਮੂਲਵਾਦ ਦਾ ਉਪ੍ਰੋਕਤ ਸਰਵੇਖਣ ਬਹੁਤ ਸਾਰੇ ਪ੍ਰਸ਼ਨ ਪ੍ਰਸਤੁਤ ਕਰ ਰਿਹਾ ਹੈ ਜੋ ਰਾਜਨੀਤਕ-ਸਮਾਜਕ ਚਿੰਤਕਾਂ, ਬੁੱਧੀਜੀਵੀਆਂ, ਲੇਖਕਾਂ ਅਤੇ ਹੋਰ ਰਚਨਾਤਮਕ ਕਾਮਿਆਂ ਦੇ ਧਿਆਨ ਦੀ ਮੰਗ ਕਰਦਾ ਹੈ।"

ਇਕ ਪਾਠਕ ਦੇ ਨਾਤੇ ਮੈਂ ਇਸ ਪੁਸਤਕ ਵਿਚੋਂ ਬੜੀ ਲਾਭਕਾਰੀ ਜਾਣਕਾਰੀ ਪ੍ਰਾਪਤ ਕੀਤੀ ਹੈ। ਹਰ ਪਾਠਕ ਹੀ ਇਸ ਤੋਂ ਲਾਭ ਉਠਾ ਸਕਦਾ ਹੈ। ਪਰੰਤੂ ਸ੍ਰੀ ਆਜ਼ਾਦ ਵਲੋਂ ਦਿੱਤੀ ਵੰਗਾਰ ਨੂੰ ਸੱਭ ਤੋਂ ਚੰਗੀ ਤਰ੍ਹਾਂ ਉਹ ਆਪ ਹੀ ਪਰਵਾਨ ਕਰ ਸਕਦੇ ਹਨ, ਉਹ ਇਸ ਦੇ ਸਮਰੱਥ ਵੀ ਹਨ। ਫਿਰ ਵੀ ਪੰਜਾਬੀ ਦੇ ਹੋਰਨਾ ਵਿਦਵਾਨਾਂ ਨੂੰ ਵੀ ਇਸ ਮਹੱਤਵਪੂਰਨ ਮਸਲੇ ਦੇ ਉੱਪਰ ਸਿਰਜਨਾਤਮਕ ਧਿਆਨ ਦੇਣ ਦੀ ਲੋੜ ਹੈ।

-- ਸੂਫੀ ਅਮਰਜੀਤ

## ਕੁਰਸੀ (ਕਹਾਣੀ ਸੰਗ੍ਰਹਿ)

### ਲੇਖਕ : ਰਘੁਬੀਰ ਢੰਡ

ਪ੍ਰਕਾਸ਼ਕ: ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ;
ਪੰਨੇ:144; ਮੁੱਲ:50 ਰੁਪਏ

ਪੰਜਾਬੀ ਦੇ ਪ੍ਰਵਾਸੀ ਕਹਾਣੀਕਾਰਾਂ ਵਿਚੋਂ ਰਘੁਬੀਰ ਢੰਡ ਇਕ ਅਜਿਹਾ ਸਫਲ ਕਹਾਣੀਕਾਰ ਹੈ ਜਿਸਨੂੰ ਇਕੋ ਸਮੇਂ ਪੰਜਾਬ ਅਤੇ ਪੰਜਾਬ ਤੋਂ ਬਾਹਰ ਵਸਦੇ ਪੰਜਾਬੀਆਂ ਵਿਚ ਸਰਬੋਤਮ ਕਹਾਣੀਕਾਰ ਮੰਨੇ ਜਾਣ ਦਾ ਮਾਣ ਪ੍ਰਾਪਤ ਹੈ। 'ਕੁਰਸੀ' ਉਸਦਾ ਚੌਥਾ ਕਹਾਣੀ-ਸੰਗ੍ਰਹਿ ਹੈ - ਇਸ ਤੋਂ ਪਹਿਲਾਂ ਉਹ 'ਬੋਲੀ ਧਰਤੀ', 'ਉਸ ਪਾਰ' ਤੇ 'ਕਾਇਆ ਕਲਪ' ਪੁਸਤਕਾਂ ਪੰਜਾਬੀ ਜਗਤ ਨੂੰ ਦੇ ਚੁੱਕਾ ਹੈ। ਇਸ ਕਹਾਣੀ ਸੰਗ੍ਰਹਿ ਵਿਚ ਉਸਦੀਆਂ ਚੌਦਾਂ ਕਹਾਣੀਆਂ ਸ਼ਾਮਲ ਹਨ। ਡਾ: ਕੇਸਰ ਸਿੰਘ ਕੇਸਰ ਦੇ ਸ਼ਬਦਾਂ ਵਿਚ "ਅਤਿ-ਉੱਨਤ ਪੂੰਜੀਵਾਦ ਤੇ ਅਰਧ-ਵਿਕਸਿਤ ਦੁਨੀਆਂ ਦੇ ਨਵ-ਬਸਤੀਵਾਦੀ ਆਰਥਿਕ ਸ਼ੋਸ਼ਣ ਤੇ ਰਾਜਨੀਤਕ ਤਾਨਾਸ਼ਾਹੀ ਨੇ ਅੱਜ ਜੋ ਸਭਿਆਚਾਰਕ ਤੇ ਵਿਚਾਰਧਾਰਕ ਰੂਪ ਧਾਰਨ ਕੀਤੇ ਹਨ ਉਨ੍ਹਾਂ ਦਾ ਸਮਾਜਵਾਦੀ-ਯਥਾਰਥਵਾਦੀ ਕਲਾਤਮਕ ਚਿਤਰ ਤੇ ਚਿੰਤਨ ਰਘੁਬੀਰ ਢੰਡ ਦੇ ਇਸ ਚੌਥੇ ਕਹਾਣੀ ਸੰਗ੍ਰਹਿ ਵਿਚ ਮਿਲਦਾ ਹੈ।"

ਰਘੁਬੀਰ ਢੰਡ ਦੀਆਂ ਕਹਾਣੀਆਂ ਦੀ ਵੱਡੀ ਖੂਬੀ ਇਹ ਹੈ ਕਿ ਉਸਦੇ ਸਿਰਜੇ ਪਾਤਰਾਂ ਵਿਚ ਅੰਤਾਂ ਦੀ ਗਹਿਰਾਈ ਦਾ ਅਹਿਸਾਸ ਹੁੰਦਾ ਹੈ। ਉਸਦੇ ਸਿਰਜੇ ਚਿੰਨ ਵੀ ਬਹੁ-ਪਰਤੀ ਹੁੰਦੇ ਹਨ। ਜਿਸ ਤਰ੍ਹਾਂ ਮੁੱਖ ਕਹਾਣੀ 'ਕੁਰਸੀ' ਉਸ ਰਾਜ ਸੱਤਾ ਦਾ ਚਿੰਨ ਹੈ ਜੋ ਪਹਿਲਾਂ ਅੰਗਰੇਜ਼ਾਂ ਨੇ ਸੰਭਾਲੀ ਹੋਈ ਸੀ ਤੇ ਹੁਣ ਲੋਕਾਂ ਦੀ ਏਕਤਾ ਦੀ ਅਣਹੋਂਦ ਕਾਰਨ ਗਰੀਬਾਂ ਦੇ ਸਿਰ ਉਤੇ ਟਿਕੀ ਹੋਈ ਹੈ। 'ਸ਼ੀਸ਼ਨਾਗ' ਵਿਚ ਪ੍ਰਵਾਸੀ ਮਜ਼ਦੂਰ ਅਜਿਹੇ ਸਮਾਜ-ਪ੍ਰਬੰਧ ਵਿਚ ਖ਼ਤਮ ਹੋ ਰਿਹਾ ਹੈ ਜਿਸ ਤਰ੍ਹਾਂ ਭੱਠੀ ਵਿਚ ਲੋਹਾ ਪਿਘਲਦਾ ਹੈ। ਇਸੇ ਤਰ੍ਹਾਂ 'ਵਲਦੀਮੇਅਰ ਡੋਲਾਨ' ਇਕ ਅਜਿਹੇ ਯੂਕਰੇਨੀਅਨ ਦੀ ਕਹਾਣੀ ਹੈ ਜਿਸਨੂੰ ਮਜ਼ਹਬੀ ਭੂਤ ਚੰਬੜਿਆ ਹੋਇਆ ਹੈ ਅਤੇ ਉਹ ਭੂਤ ਉਸ ਵੇਲੇ ਨਿਕਲਦਾ ਹੈ ਜਦ ਉਹ 'ਚਰਚ' ਵਲੋਂ ਵੀ ਦੁਰਕਾਰਿਆ ਜਾਂਦਾ ਹੈ।

ਧਰਮ ਨੂੰ ਸਟੇਟ ਕਿਸ ਤਰ੍ਹਾਂ ਵਰਤਦੀ ਹੈ ਉਹ 'ਸਿਰ' ਕਹਾਣੀ ਤੋਂ ਸਪੱਸ਼ਟ ਹੁੰਦਾ ਹੈ ਜਿਸ ਵਿਚ ਮਿਸ ਪਾਠਕ, ਸ੍ਰੀਮਤੀ ਹੁੰਝਣ, ਭਾਈ ਬਾਜਾ ਤੇ ਮੈਣੀ-ਜੋੜੀ ਹਨ ਜੋ ਆਪਣੇ 'ਸਿਰ' ਦੀ ਵਰਤੋਂ ਕਰਨ ਦੇ ਕਾਬਲ ਨਹੀਂ ਹਨ।

ਰਘੁਬੀਰ ਢੰਡ ਦੀਆਂ ਇਨ੍ਹਾਂ ਕਹਾਣੀਆਂ ਵਿਚ ਵੱਖ ਵੱਖ ਵਿਸ਼ੇ ਹਨ ਜਿਵੇਂ ਰਾਜ ਦਾ ਨਸ਼ਾ (ਕੁਰਸੀ) ਧਰਮ ਦਾ ਨਸ਼ਾ ('ਡੋਲਾਨ' ਤੇ 'ਸਿਰ') ਕਮਿਊਨਿਸਟ ਰਾਜਨੀਤੀ ਵਿਚ ਵਿਅਕਤੀ ਪੂਜਾ ਤੇ ਮੌਕਾਪ੍ਰਸਤੀ ('ਆਜੜੀ ਦਾ ਕੁੱਤਾ')।ਰਘੁਬੀਰ ਢੰਡ ਨੇ ਪੰਜਾਬ ਦੇ ਅਜੋਕੇ ਮਸਲੇ ਪ੍ਰਤੀ ਵੀ ਬਹੁਤ ਸਾਰੀਆਂ ਕਹਾਣੀਆਂ ਪਿਛਲੇ ਕੁਝ ਵਰ੍ਹਿਆਂ ਵਿਚ ਲਿਖੀਆਂ ਹਨ। ਉਨ੍ਹਾਂ ਵਿਚੋਂ 'ਖਜ਼ਾਨਿਆਂ ਵਾਲੇ' ਤੇ 'ਚਿੜੀਆਂ' ਇਸ ਸੰਗ੍ਰਹਿ ਵਿਚ ਸ਼ਾਮਲ ਹਨ। ਇਨ੍ਹਾਂ ਕਹਾਣੀਆਂ ਵਿਚ ਧਾਰਮਿਕ ਜਨੂੰਨੀਆਂ ਦੀਆਂ ਕਰਤੂਤਾਂ ਨਾਲ ਪੰਜਾਬ ਦੇ ਸਭਿਆਚਾਰ ਨੂੰ ਜਿਹੜਾ ਧੱਕਾ ਲੱਗਾ ਹੈ, ਉਸ ਨੇ ਬੜੀ ਕਲਾਤਮਕਤਾ ਨਾਲ ਕਹਾਣੀਆਂ ਵਿਚ ਲਿਆਂਦਾ ਹੈ। ਧਰਮ ਸਟੇਟ ਵਲੋਂ ਕਿਵੇਂ ਵਰਤਿਆ ਜਾਂਦਾ ਹੈ, ਢੰਡ ਨੂੰ ਇਸਦਾ ਡੂੰਘਾ ਅਹਿਸਾਸ ਹੈ।

ਰਘੁਬੀਰ ਢੰਡ ਦੀ ਕਹਾਣੀ-ਕਲਾ ਦੀ ਵੱਡੀ ਖ਼ੂਬੀ ਇਹ ਹੈ ਕਿ ਉਸਦੀ ਭਾਸ਼ਾ ਬਹੁਤ ਮਾਂਜੀ ਤੇ ਸੰਵਾਰੀ ਹੁੰਦੀ ਹੈ। ਉਹ ਕਾਹਣੀ ਨੂੰ ਮਾਂਜਣ ਤੇ ਸੰਵਾਰਨ ਉਤੇ ਬਹੁਤ ਮਿਹਨਤ ਕਰਦਾ ਹੈ। ਪਾਤਰਾਂ ਨੂੰ ਸੁਭਾਵਕਿਤਾ ਪ੍ਰਦਾਨ ਕਰਨ ਲਈ ਉਸਦੀ ਭਾਸ਼ਾ ਵਿਚ ਅੰਗਰੇਜ਼ੀ ਦੇ ਸ਼ਬਦਾਂ ਦੀ ਭਰਮਾਰ ਹੈ ਪਰ ਉਹ ਬਹੁਤੇ ਅੱਖਰਦੇ ਨਹੀਂ। ਉਸਦੇ ਬਹੁਤੇ ਪਾਤਰ ਬੋਧਿਕ ਪ੍ਰਵਿਰਤੀ ਵਾਲੇ ਹੁੰਦੇ ਹਨ -ਏਸ ਕਾਰਨ ਆਦਿਕਾ ਵਿਚ ਡਾ: ਕੇਸਰ ਉਸਨੂੰ 'ਸੇਖੋਂ ਦਾ ਵਾਰਿਸ' ਕਹਿੰਦਾ ਹੈ।

'ਕੁਰਸੀ' ਕਹਾਣੀ ਸੰਗ੍ਰਹਿ ਰਘੁਬੀਰ ਢੰਡ ਦੀ ਕਹਾਣੀ-ਕਲਾ ਦੀ ਪ੍ਰਪਖਤਗੀ ਦਾ ਇਕ ਹੋਰ ਅਹਿਮ ਸਬੂਤ ਹੈ।

..........................

## ਖਿਲਰੇ ਹੋਏ ਵਰਕੇ (ਕਾਵਿ-ਸੰਗ੍ਰਹਿ)

### ਲੇਖਕ - ਪਾਸ਼; ਸੰਪਾਦਕ - ਅਮਰਜੀਤ ਚੰਦਨ

ਪ੍ਰਕਾਸ਼ਕ: ਲੋਹ ਕਥਾ ਪ੍ਰਕਾਸ਼ਨ 22 ਮਾਲੜੀ, ਨਕੋਦਰ (ਪੰਜਾਬ); ਪੰਨੇ:112; ਮੁੱਲ:20 ਰੁਪਏ

ਪਾਸ਼ ਯਾਦਗਾਰੀ ਕੌਮਾਂਤਰੀ ਟਰੱਸਟ ਵਲੋਂ - ਖਿਲਰੇ ਹੋਏ ਵਰਕੇ' ਲੋਹ ਕਥਾ ਪ੍ਰਕਾਸ਼ਨ ਦੀ ਪਹਿਲੀ ਪੁਸਤਕ ਹੈ ਜਿਸ ਵਿਚ ਪਾਸ਼ ਦੀਆਂ ਅਣਛਪੀਆਂ ਤੇ ਕੁਝ ਅਧੂਰੀਆਂ ਰਹਿ ਗਈਆਂ ਕਵਿਤਾਵਾਂ ਸ਼ਾਮਲ ਹਨ। ਇਸ ਪੁਸਤਕ ਦੇ ਸੰਪਾਦਕ ਅਮਰਜੀਤ ਚੰਦਨ ਅਨੁਸਾਰ ਇਨ੍ਹਾਂ ਦੇ ਲਿਖਣ ਦਾ ਸਮਾਂ 1974 ਤੋਂ 1978 ਦੇ ਵਿਚਕਾਰ ਦਾ ਹੈ ਤੇ ਕੁਝ ਉਸ ਤੋਂ ਬਾਅਦ ਦੇ ਸਮੇਂ ਦੀਆਂ ਕਵਿਤਾਵਾਂ ਵੀ ਸ਼ਾਮਲ ਹਨ।

ਪਾਸ਼ ਦੇ ਆਪਣੇ ਸ਼ਬਦਾਂ ਵਿਚ, "ਜੀਵਨ ਦੀ ਸ਼ਾਨ ਤੇ ਸੁੰਦਰਤਾ ਦਾ ਗਾਇਨ ਕਰਨਾ ਦੁਨੀਆਂ ਦੇ ਸਮੁੱਚੇ ਕਾਵਿ ਦਾ ਕਾਰਜ ਹੈ - ਭੁੱਖ, ਕਾਮ, ਮੌਤ -ਤਿੰਨਾਂ ਪੱਖਾਂ ਨੂੰ ਮੋਟੇ ਤੌਰ ਉਤੇ ਵੰਡ ਲਿਆ ਜਾਂਦਾ ਹੈ। ਪਰ ਪੱਖ ਕੋਈ ਵੀ ਹੋਵੇ, ਬ੍ਰਹਿਮੰਡ ਉਤੇ ਮਨੁੱਖ ਦੀ ਸਰਦਾਰੀ ਉਹਦੀ ਵਿਅਕਤੀਗਤ ਅਤੇ ਸਮਾਜੀ ਸੁਤੰਤਰਤਾ - ਹਰ ਵੱਡੇ ਕਵੀ ਦੇ ਅਚੇਤ ਵਿਚ ਸਾਗਰ ਵਾਂਗ ਵਹਿੰਦੀ ਰਹਿੰਦੀ ਹੈ ਅਤੇ ਸਥਿਰ ਵੀ -ਬਾਕੀ ਸਾਰੇ ਪੱਖ ਅਤੇ ਉਪ-ਵਿਸ਼ੇ ਇਸੇ ਉਤੇ ਢੁੱਕਦੇ ਹਨ। ਇਸੇ ਲਈ ਅਚੇਤ ਅਤੇ ਸੁਤੇ ਸਿੱਧ ਲਿਖੀ ਕਵਿਤਾ ਸੁਚੇਤ ਅਤੇ ਜ਼ੋਰ ਲਾ ਕੇ ਲਿਖੀ ਕਵਿਤਾ ਨਾਲੋਂ ਵਧੇਰੇ ਵਿਸ਼ਾਲ ਤੇ ਮਹਾਨ ਹੁੰਦੀ ਹੈ।"

ਪਾਸ਼ ਦੀਆਂ ਕੁਲ ਨਜ਼ਮਾਂ ਦੀ ਗਿਣਤੀ ਡੇਢ ਸੌ ਤੋਂ ਵਧੇਰੇ ਨਹੀਂ ਹੈ ਪਰ ਫਿਰ ਵੀ ਉਸ ਦੇ ਕਾਵਿ ਦੀ ਵਿਲੱਖਣਤਾ ਇਸ ਵਿਚ ਹੈ ਕਿ ਪਿਛਲੇ ਵੀਹ ਸਾਲ ਵਿਚ ਪੰਜਾਬੀ-ਕਾਵਿ ਉਸ ਦੀ ਪੱਧਰ ਦਾ ਇਕ ਵੀ ਹੋਰ ਕਵੀ ਪੈਦਾ ਨਹੀਂ ਕਰ ਸਕਿਆ। ਪਾਸ਼ ਦੇ ਪੰਜਾਬੀ ਕਾਵਿ-ਮੰਚ ਉਤੇ ਆਉਣ ਨਾਲ ਜਿਥੇ ਸ਼ਿਵ ਕੁਮਾਰ ਵਰਗਾ ਕਵੀ ਫਿਕਾ ਪੈ ਗਿਆ ਉਥੇ ਪ੍ਰੋਯਗਵਾਦੀਆਂ ਨੂੰ ਵੀ ਆਪਣੀਆਂ ਸਫਾਂ ਵਲ੍ਹੇਟਣੀਆਂ ਪਈਆਂ। ਅੱਜ ਜੇ ਡਾ: ਨਾਮਵਰ ਸਿੰਘ ਵਰਗਾ ਪ੍ਰਸਿੱਧ ਹਿੰਦੀ ਵਿਦਵਾਨ ਪਾਸ਼ ਨੂੰ 'ਪੰਜਾਬੀ ਦਾ ਲੋਰਕਾ' ਕਹਿੰਦਾ ਹੈ ਤਾਂ ਇਸ ਵਿਚ ਪੰਜਾਬੀ-ਸਾਹਿਤ ਦਾ ਨਾਂ ਭਾਰਤੀ-ਮੰਚ ਉਤੇ ਉਘੜਵੇਂ ਰੂਪ ਵਿਚ ਪੇਸ਼ ਹੁੰਦਾ ਹੈ। ਪਾਸ਼ ਦੇ ਕਾਵਿ ਦੀ ਮਹਾਨਤਾ ਇਸ ਵਿਚ ਲੁਕੀ ਹੈ ਕਿ ਉਹ ਬ੍ਰਹਿਮੰਡ ਉਤੇ ਮਨੁੱਖ ਦੀ ਸਰਦਾਰੀ ਦਾ ਕਾਇਲ ਸੀ:

"ਮੈਂ ਸਲਾਮ ਕਰਦਾ ਹਾਂ
ਆਦਮੀ ਦੇ ਮਿਹਨਤ ਵਿਚ ਲੱਗੇ ਰਹਿਣ ਨੂੰ
ਮੈਂ ਸਲਾਮ ਕਰਦਾ ਹਾਂ
ਆਉਣ ਵਾਲੇ ਖੁਸ਼ਗਵਾਰ ਮੌਸਮਾਂ ਨੂੰ (ਪੰਨਾ 28)

"ਮੈਂ ਤਾਂ ਘਾਹ ਹਾਂ, ਹਰ ਚੀਜ਼ ਢੱਕ ਲਵਾਂਗਾ
ਹਰ ਢੇਰ ਤੇ ਉਗ ਆਵਾਂਗਾ।" (ਪੰਨਾ 34)

ਪਾਸ਼ ਦੀ ਕਵਿਤਾ ਦਾ ਮੁੱਖ ਬਿੰਦੂ ਸੰਘਰਸ਼ ਹੈ। ਇਹ ਸੰਘਰਸ਼ ਪਹਿਲੀਆਂ ਨਜ਼ਮਾਂ ਵਿਚ ਬੜੇ ਅੱਥਰੇ ਰੂਪ ਵਿਚ ਪੇਸ਼ ਹੁੰਦਾ ਹੈ ਪਰ ਸਮੇਂ ਦੇ ਬੀਤਣ ਨਾਲ ਪਾਸ਼ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਸੀ ਕਿ 'ਮਿਹਨਤ ਦੇ ਪਸੀਨੇ ਦੀ ਲੁੱਟ ਵਰਗੀ ਸਪਾਟ ਸ਼ਬਦਾਂ ਨਾਲ ਸਿਸਟਮ ਦੇ ਗੁੰਝਲਦਾਰ ਢਾਂਚੇ ਵਿਚ ਚਲ ਰਹੇ ਜੀਵਨ ਪ੍ਰਵਾਹ ਨੂੰ ਜਿਸ ਤਰ੍ਹਾਂ ਚਿਤਰਿਆ ਜਾਂਦਾ ਹੈ ... ਇਹ ਸਾਹਿਤ ਨਹੀਂ ਬਣਦਾ।" ਜਿਸ ਤਰ੍ਹਾਂ ਉਸ ਦੀ ਇਕ ਕਵਿਤਾ 'ਸਭ ਤੋਂ ਖ਼ਤਰਨਾਕ' ਕਹਿੰਦੀ ਹੈ:

"ਕਿਰਤ ਦੀ ਲੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਪੁਲਸ ਦੀ ਕੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
.....
ਸਭ ਤੋਂ ਖ਼ਤਰਨਾਕ ਉਹ ਚੰਨ ਹੁੰਦਾ ਹੈ
ਜੋ ਹਰ ਕਤਲ ਕਾਂਡ ਦੇ ਬਾਅਦ
ਸੁੰਨ ਹੋਏ ਵਿਹੜਿਆਂ ਵਿਚ ਚੜ੍ਹਦਾ ਹੈ
ਪਰ ਤੁਹਾਡੀਆਂ ਅੱਖਾਂ ਨੂੰ ਮਿਰਚਾਂ ਵਾਂਗ ਨਹੀਂ ਲੜਦਾ ਹੈ।"

ਪਾਸ਼ ਦੇ ਕਤਲ ਕਾਂਡ ਤੋਂ ਪਿਛੋਂ ਇਹ ਪੁਸਤਕ 'ਖਿਲਰੇ ਹੋਏ ਵਰਕੇ' ਪੜ੍ਹਦਿਆਂ ਮੁੜ ਮੁੜ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਆਪਣੇ 'ਕਤਲ' ਦੀ ਅਗਾਊਂ ਚੇਤਨਾ ਉਸਦੇ ਕਾਵਿ ਵਿਚ ਮੁੜ ਮੁੜ ਸਿਰ ਚੁਕਦੀ ਹੈ:

ਬਾਕੀ ਸਫਾ ੪੩ ਤੇ

# ਸਰਗਰਮੀਆਂ

**ਕੈਲਗਰੀ, 9 ਸਤੰਬਰ,1989-** ਲੋਕ ਸੱਭਿਆਚਾਰਕ ਮੰਚ ਵਲੋਂ 9 ਸਤੰਬਰ ਨੂੰ ਪਾਸ਼ ਦਾ ਜਨਮ ਦਿਨ ਕਵਿਤਾ ਦਿਵਸ ਵਜੋਂ ਕੈਲਗਰੀ ਵਿਖੇ ਮਨਾਇਆ ਗਿਆ। ਇਸ ਇਕੱਠ ਵਿਚ ਸਭ ਤੋਂ ਪਹਿਲਾਂ ਪਾਸ਼, ਉਸਦੀ ਦੀ ਸ਼ਖਸੀਅਤ, ਵਿਚਾਰਧਾਰਾ, ਉਸਦੇ ਕਤਲ ਅਤੇ ਉਸਦੀਆਂ ਜ਼ਿੰਮੇਵਾਰ ਕਾਲੀਆਂ ਫਿਰਕੂ ਤੇ ਲੋਕ ਦੋਖੀ ਸ਼ਕਤੀਆਂ ਬਾਰੇ ਚਾਨਣਾ ਪਾਇਆ ਗਿਆ। ਮੰਚ ਦੇ ਮੈਂਬਰ ਰਾਜ ਅਤੇ ਸਥਾਨਕ ਕਵੀ ਦਲਜਿੰਦਰ ਮਾਂਗਟ ਨੇ ਆਪਣੀਆਂ ਕਵਿਤਾਵਾਂ ਸੁਣਾਈਆਂ। ਹਰਕੰਵਲਜੀਤ ਨੇ ਮਹਿੰਦਰ ਸਿੰਘ ਸੰਧੂ ਦਾ ਪਾਸ਼ ਬਾਰੇ ਲਿਖਿਆ ਲੇਖ ਅਤੇ ਪਾਸ਼ ਦੀ ਕਵਿਤਾ 'ਸੱਭ ਤੋਂ ਖਤਰਨਾਕ' ਪੜ੍ਹ ਕੇ ਸੁਣਾਈ। ਅਗਸਤ 1987 ਵਿਚ ਕੈਲੇਫੋਰਨੀਆਂ ਵਿਚ ਹੋਏ ਸੱਭਿਆਚਾਰਕ ਪ੍ਰੋਗਰਾਮ ਦੀ ਬਣਾਈ ਵੀਡੀਉ ਵਿਚੋਂ ਉਹ ਹਿੱਸੇ ਦਿਖਾਏ ਜਿਨ੍ਹਾਂ ਵਿਚ ਪਾਸ਼ ਨੇ ਖੁਦ 'ਯੁੱਧ ਅਤੇ ਸ਼ਾਂਤੀ' ਅਤੇ 'ਅਹਿਮਦ ਸਲੀਮ ਦੇ ਨਾਮ' ਆਪਣੀਆਂ ਕਵਿਤਾਵਾਂ ਪੜ੍ਹੀਆਂ ਸਨ।

ਭਾਵਕ ਵਾਤਾਵਰਣ ਵਿਚ ਮਨਾਇਆ ਗਿਆ ਇਹ ਕਵਿਤਾ ਦਿਵਸ ਦਰਸਾ ਰਿਹਾ ਸੀ ਕਿ ਪਾਸ਼ ਖਤਮ ਨਹੀਂ ਹੋਇਆ। ਪਾਸ਼ ਦੀ ਮੌਤ ਨਾਲ ਪਿਆ ਘਾਟਾ ਪਾਸ਼ ਦੇ ਵਾਰਸ ਅਤੇ ਸਾਥੀਆਂ ਦੀਆਂ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਪੂਰਾ ਹੀ ਨਹੀਂ ਕਰਨਗੀਆਂ ਸਗੋਂ ਪਾਸ਼ ਸੂਰਜ ਦੀ ਰੋਸ਼ਨੀ ਹਰ ਗਲੀ ਤੇ ਹਰ ਕੁੱਲੀ ਦੇ ਵਿਹੜੇ ਬਿਖੇਰ ਦੇਣਗੀਆਂ।

**ਟੋਰਾਂਟੋ, 22 ਸਤੰਬਰ, 1989-** ਅਦਾਰਾ 'ਸੰਵਾਦ' ਵਲੋਂ 22 ਸਤੰਬਰ 1989, ਮੈਟਰੋਪੋਲੀਟਨ ਟੋਰਾਂਟੋ ਲਾਇਬਰੇਰੀ ਵਿਚ 'ਪਾਸ਼ ਯਾਦਗਾਰੀ ਸਮਾਰੋਹ' ਆਯੋਜਿਤ ਕੀਤਾ ਗਿਆ। ਇਸ ਸੰਜੀਦਾ ਸਾਹਿਤਕ, ਸਭਿੱਆਚਾਰਕ ਇੱਕਤਰਤਾ ਵਿਚ ਟੋਰਾਂਟੋ ਅਤੇ ਇਸ ਦੇ ਆਸ ਪਾਸ ਦੇ ਇਲਾਕੇ ਦੇ ਲੇਖਕਾਂ ਅਤੇ ਬੁੱਧੀਜੀਵੀਆਂ ਨੇ ਵਿਸ਼ੇਸ਼ ਤੌਰ 'ਤੇ ਹਿੱਸਾ ਲਿਆ। ਨੁਜ਼ੱਰਤ ਸਦੀਕੀ, ਗੁਰਦੀਪ ਚੌਹਾਨ, ਪ੍ਰੀਤਮ ਸਿੰਘ ਧੰਜਲ, ਬਲਦੇਵ ਘੁੱਟਾ, ਗੁਰਦਿਆਲ ਕੰਵਲ, ਰਣਬੀਰ ਰਾਣਾ, ਕੁਲਵਿੰਦਰ ਖੈਰਾ (ਅਮਰ), ਗੁਰਨਾਮ ਬਰਾੜ ਅਤੇ ਕਰਨੈਲ ਸਿੰਘ 'ਪਾਰਸ' ਰਾਮੂਵਾਲੀਆ ਨੇ ਨਜ਼ਮਾ ਪੜ੍ਹੀਆਂ। ਵਧੇਰੇ ਸ਼ਾਇਰਾਂ ਨੇ ਆਪਣੀਆਂ ਨਜ਼ਮਾਂ ਮਰਹੂਮ ਸ਼ਾਇਰ ਪਾਸ਼ ਨੂੰ ਸਮਰਪਤ ਕੀਤੀਆਂ। ਪ੍ਰਿੰਸੀਪਲ ਅਜੀਤ ਸਿੰਘ ਜੌਹਲ, ਬਲਬੀਰ ਮੋਮੀ ਅਤੇ ਕਰਨੈਲ ਸਿੰਘ 'ਪਾਰਸ' ਰਾਮੂਵਾਲੀਆ ਨੇ ਪਾਸ਼ ਨੂੰ ਯਾਦ ਕਰਦਿਆਂ ਹੋਇਆਂ ਪ੍ਰਗਤੀਵਾਦੀ ਲਹਿਰ ਦਾ ਚਰਚਾ ਕੀਤਾ।

ਮੁੱਖ ਮਹਿਮਾਨ ਨੁਜਰੱਤ ਸਦੀਕੀ ਹੋਰਾਂ ਆਪਣੀਆਂ ਖੂਬਸੂਰਤ ਨਜ਼ਮਾਂ ਪੜ੍ਹਨ ਦੇ ਨਾਲ ਨਾਲ ਇਸ ਗੱਲ ਉੱਤੇ ਵੀ ਜ਼ੋਰ ਦਿੱਤਾ ਕਿ ਅੱਜ ਵਿਸ਼ਵ ਭਰ ਦੇ ਲੋਕਾਂ ਨੂੰ ਇਕੱਠੇ ਹੋ ਕੇ ਉਨ੍ਹਾਂ ਲੋਕਾਂ ਦੇ ਖਿਲਾਫ ਲੜਨਾ ਚਾਹੀਦਾ ਹੈ ਜੋ ਕਿ ਲੋਕਾਂ ਵਿਚ ਧਰਮ ਅਤੇ ਰੰਗ-ਭੇਦ ਦੇ ਆਧਾਰਾਂ ਉੱਤੇ ਵੰਡੀਆਂ ਪਾਉਂਦੇ ਹਨ; ਜੋ ਕਿ ਆਪਣੀਆਂ ਗਲਤ ਨੀਤੀਆਂ ਰਾਹੀਂ ਅਤੇ ਵਿਗਿਆਨ ਦੀ ਗਲਤ ਵਰਤੋਂ ਕਰਕੇ ਸਾਡੀ ਧਰਤੀ ਨੂੰ ਤਬਾਹ ਕਰ ਰਹੇ ਹਨ। ਮਧਿਆਂਤਰ ਵਿਚ ਉਨ੍ਹਾਂ ਸੰਵਾਦ ਦਾ ਸਾਲਾਨਾ 'ਪਾਸ਼ ਵਿਸ਼ੇਸ਼ ਅੰਕ' ਰੀਲੀਜ਼ ਕੀਤਾ।

ਸਟੇਜ ਦੀ ਜ਼ਿੰਮੇਵਾਰੀ ਸੁਖਿੰਦਰ ਨੇ ਨਿਭਾਈ ਜਿਸਨੇ ਪਾਸ਼ ਦੀਆਂ ਕੁਝ ਨਜ਼ਮਾਂ ਅਤੇ ਡਾ: ਚਮਨ ਲਾਲ ਦੇ ਲੇਖ 'ਪਾਸ਼ ਦੀ ਕਾਵਿ ਯਾਤਰਾ' 'ਚੋਂ ਕੁੱਝ ਹਿੱਸੇ ਵੀ ਪੜ੍ਹ ਕੇ ਸੁਣਾਏ।

**ਵੈਨਕੂਵਰ, 7 ਅਕਤੂਬਰ, 1989:** ਪ੍ਰੋਗਰੈਸਿਵ ਇੰਡੋਕੈਨੇਡੀਅਨ ਕਮਿਊਨਟੀ ਸਰਵਿਸਜ਼ ਸੁਸਾਇਟੀ ਵਲੋਂ "ਵੀਯੋਂਡ ਕਾਮਾਗਾਟਾਮਾਰੂ ਰੇਸ ਰੀਲੇਸ਼ਨਜ਼ ਟੂ ਡੇ" ਦੇ ਵਿਸ਼ੇ ਉਪਰ ਕਾਨਫਰੰਸ ਕੀਤੀ ਗਈ। ਕਾਨਫਰੰਸ ਵਿਚ ਨਸਲਵਾਦ ਦੇ ਮਸਲੇ ਸਬੰਧੀ ਪੈਨਲ ਡਿਸਕਸ਼ਨ ਹੋਈ। ਪੈਨਲ ਦੇ ਮੈਂਬਰ ਸਨ: ਐਲੀਸੀਆ ਬਾਰਸੈਲੋ( ਕਮੇਟੀ ਫਾਰ ਤੀਟੈਸ ਰਾਈਟਸ ਇਨ ਪੀਰੂ), ਐਮ. ਐਲ. ਏ. ਐਮਰੀ ਬਾਰਨਜ਼, ਬੀ.ਸੀ. ਦੀਆਂ ਇਮੀਗਰੈਂਟ ਅਤੇ ਵਿਜ਼ੀਵਲ ਮਨੌਰਟੀ ਦੀਆਂ ਔਰਤਾਂ ਵਲੋਂ ਮੋਬੀਨਾ ਜਾਫਰ, ਜਾਪਾਨੀ ਕੈਨੇਡੀਅਨ ਸਿਟੀਜ਼ਨ ਐਸੋਸੀਏਸ਼ਨ ਵਲੋਂ ਗੋਰਡਨ ਕੀਹਾਰਾ, ਸਲੇ-ਸ਼ਾਨ ਇਨਸਟੀਚਿਊਟ ਵਲੋਂ ਬਿਲ ਮੁਸੈਲ ਅਤੇ ਅਲਡਰਵੁਮੈਨ ਸੈਂਡਰਾ ਵਿਲਕਿੰਗ ਨੇ ਹਿੱਸਾ ਲਿਆ।

ਕਾਨਫਰੰਸ ਦੇ ਮੁੱਖ ਬੁਲਾਰੇ ਨੁ-ਚਾ-ਨੁਲਥ ਟਰਾਈਬਲ ਕੌਂਸਲ ਦੇ ਚੇਅਰਮੈਨ ਜ਼ਾਰਜ ਵਾਟਸ ਸਨ। ਦੁਪਹਿਰ ਦੇ ਖਾਣੇ ਸਮੇਂ ਖਾਸ ਮਹਿਮਾਨ ਐਮ.ਐਲ.ਏ. ਮੋਅ ਸਿਹੋਤਾ ਨੇ ਆਪਣੇ ਵਿਚਾਰ ਪੇਸ਼ ਕੀਤੇ।

ਦੁਪਹਿਰ ਤੋਂ ਬਾਅਦ ਦੇ ਪ੍ਰੋਗਰਾਮ ਵਿਚ ਕਈ ਵਰਕਸ਼ਾਪਾਂ ਕੀਤੀਆਂ ਗਈਆਂ ਜਿਵੇਂ: ਰੇਸ ਰੀਲੇਸ਼ਨਜ਼ ਅਤੇ ਚੈਲਜਿੰਗ ਰੇਸਸਿਜ਼ਮ (ਡਾ: ਕੈਮ ਪ੍ਰਸਾਦ), ਰੇਸ ਰੀਲੇਸ਼ਨਜ਼ ਅਤੇ ਔਰਤਾਂ (ਖਾਤੂਨ ਸਿਦੀਕੀ) ਰੇਸ ਰੀਲੇਸ਼ਨਜ਼ ਅਤੇ ਐਜੂਕੇਸ਼ਨ ( ਐਡ ਮੇਅ ਅਤੇ ਇੰਦਰ ਮੇਹਟ), ਰੇਸ ਰੀਲੇਸ਼ਨਜ਼ ਅਤੇ ਲੇਬਰ/ਅਫਿਰਮਟਿਵ ਐਕਸ਼ਨ (ਮੈਰੀ ਬਰਾੜ ਅਤੇ ਸਰਵਨ ਬੋਲ) ਵੋਏਅਜ਼ ਆਫ ਦੀ ਕਾਮਾਗਾਟਾ ਮਾਰੂ ਅਤੇ ਰੀਫਲੈਕਸ਼ਨਜ਼ ਆਫ ਕਮਿਊਨਟੀ ਆਨ ਕੁਮੈਂਮਰੇਸ਼ਨ( ਡਾ: ਹਿਊ ਜਾਹਨਸਨ ਅਤੇ ਵੈਨਕੂਵਰ ਸੱਥ ਵਲੋਂ ਸੁਖਵੰਤ ਹੁੰਦਲ ਅਤੇ ਹਰਜਿੰਦਰ ਸਾਂਗਰਾ), ਮਲਟੀਕਲਚਰਲ ਪੋਲੀਸਿੰਗ(ਅਜ਼ੀਜ ਖਾਕੀ)।

ਰਾਤ ਦੇ ਖਾਣੇ ਸਮੇਂ ਡਾ: ਹਿਊ ਜਾਹਨਸਨ ਦੀ ਕਿਤਾਬ ' ਦੀ ਵੋਏਅਜ਼ ਆਫ ਕਾਮਾਗਾਟਾ ਮਾਰੂ' ਦਾ ਪੰਜਾਬੀ ਅਨੁਵਾਦ ਹੋ ਕੇ ਛਪੀ ਕਿਤਾਬ 'ਕਾਮਾਗਾਟਾ ਮਾਰੂ ਦਾ ਸਫਰ' ਰੀਲੀਜ਼ ਕੀਤੀ ਗਈ। ਇਹ ਅਨੁਵਾਦ ਦਲੀਪ ਸਿੰਘ ਉੱਪਲ ਨੇ ਕੀਤਾ ਹੈ।

**ਵੈਨਕੂਵਰ, 30 ਅਕਤੂਬਰ, 1989:** ਵੈਨਕੂਵਰ ਸੱਥ ਵਲੋਂ ਵੈਨਕੂਵਰ ਸਕੂਲ ਬੋਰਡ ਦੀ ਕਮੇਟੀ ਨੰਬਰ 3 ਸਾਹਮਣੇ ਕਾਮਾਗਾਟਾ ਮਾਰੂ

ਸਬੰਧੀ ਇਕ 'ਬਰੀਫ' ਪੇਸ਼ ਕੀਤਾ ਗਿਆ। ਇਸ ਸਮੇਂ ਵੈਨਕੂਵਰ ਸੱਥ ਨੇ ਸਕੂਲ ਬੋਰਡ ਨੂੰ ਸਿਫਾਰਿਸ਼ ਕੀਤੀ ਕਿ ਕਿਉਂਕਿ ਕਾਮਾਗਾਟਾ ਮਾਰੂ ਦੀ ਘਟਨਾ ਕੈਨੇਡਾ ਵਿਚ ਕੈਨੇਡੀਅਨ ਅਤੇ ਭਾਰਤੀ ਕਮਿਊਨਟੀ ਲਈ ਇਕ ਬਹੁਤ ਹੀ ਮਹੱਤਵਪੂਰਨ ਘਟਨਾ ਹੈ ਇਸ ਲਈ ਇਸ ਨੂੰ ਸਕੂਲ ਦੇ ਪਾਠਕ੍ਰਮ-ਵਿਚ ਪੜਾਇਆ ਜਾਵੇ। ਕਮੇਟੀ 3 ਨੇ ਇਹ ਬਰੀਫ ਵਿਚ ਪੇਸ਼ ਕੀਤੀ ਸਮੱਗਰੀ ਅਤੇ ਆਪਣੀ ਰਾਇ "ਐਕਸਰਾ ਕੁਰੀਕੁਲਮ ਰੀਵੀਊ ਕਮੇਟੀ (Extra Curriculum Review Commitee) ਨੂੰ ਭੇਜ ਦਿੱਤੀ।

ਰੀਵੀਊ ਕਮੇਟੀ ਨੇ 7 ਦਸੰਬਰ ਨੂੰ ਵੈਨਕੂਵਰ ਸੱਥ ਨੂੰ ਲਿਖੇ ਇਕ ਖੱਤ ਵਿਚ ਲਿਖਿਆ ਹੈ, "ਰੀਵੀਊ ਕਮੇਟੀ ਦੀ ਇਹ ਰਾਇ ਹੈ ਕਿ ਸੱਥ ਵਲੋਂ ਪੇਸ਼ ਕੀਤੀ ਗਈ ਸਮੱਗਰੀ ਦਸਵੀਂ ਅਤੇ ਗਿਆਰਵੀਂ ਦੇ ਸਮਾਜਕ ਵਿਗਿਆਨ ਦੇ ਮੌਜੂਦਾ ਪਾਠਕ੍ਰਮ ਦੇ ਨਾਲ ਮਿਲਕੇ ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਕਾਫੀ ਸਹਾਈ ਹੋਵੇਗੀ। ਖਾਸ ਕਰਕੇ ਇਹ ਸਮੱਗਰੀ, ਅਧਿਆਪਕਾਂ ਦੀ ਮਰਜ਼ੀ ਨਾਲ, ਗਿਆਰਵੀਂ ਦੇ ਸਮਾਜਕ ਵਿਗਿਆਨ ਦੇ ਕੋਰਸ ਦੇ ਪਹਿਲੇ ਅਧਿਆਏ ਦੇ ਅਵਾਸੀਆਂ ਬਾਰੇ ਹਿੱਸੇ ਵਿਚ (ਜਿਸ ਵਿਚ ਕਾਮਾਗਾਟਾ ਮਾਰੂ ਬਾਰੇ ਆਉਂਦਾ ਹੈ) ਵਿਸਥਾਰ ਪੂਰਵਕ ਜਾਣਕਾਰੀ ਦੇਣ ਲਈ ਵਰਤੀ ਜਾ ਸਕਦੀ ਹੈ।"

**ਵੈਨਕੂਵਰ, 5 ਨਵੰਬਰ, 1989:** ਕਾਮਾਗਾਟਾ ਮਾਰੂ ਹਿਸਟੋਰੀਕਲ ਸੁਸਾਇਟੀ ਵਲੋਂ ਮਾਰੂ ਦੀ 75ਵੀਂ ਵਰ੍ਹੇਗੰਢ ਮਨਾਉਣ ਲਈ ਇਕ ਪ੍ਰੋਗਰਾਮ ਕੀਤਾ ਗਿਆ। ਇਸ ਪ੍ਰੋਗਰਾਮ ਦੀ ਮੁੱਖ ਪੇਸ਼ਕਸ਼ ਸ਼ੈਰਨ ਪੋਲਕ ਦਾ ਕਾਮਾਗਾਟਾ ਮਾਰੂ ਬਾਰੇ ਲਿਖਿਆ ਅਤੇ ਮੌਂਟਰੀਅਲ ਦੇ ਸਿਰਾਏ ਕਲਚਰਲ ਗਰੁੱਪ ਵਲੋਂ ਪੇਸ਼ ਕੀਤਾ ਗਿਆ ਨਾਟਕ ਸੀ। ਇਸ ਨਾਟਕ ਨੂੰ ਰਾਣਾ ਬੋਸ ਨੇ ਡਾਇਰੈਕਟ ਕੀਤਾ ਸੀ। ਕਲਾਕਾਰ ਸਨ: ਹਿੰਮਤ ਸ਼ਿਨਹਤ, ਕਿਰਨ ਢੋਲਾਕੀਆ, ਵਾਸੂ ਸ਼ੇਸ਼ਧਾਰੀ, ਨਿਲੰਬਰੀ ਘਈ, ਫੈਡਰੀਕੋ ਹਿਡਾਲਿਗੋ, ਸ਼ਾਨ ਗੋਲਡਵਾਟਰ, ਲੀਸਾ ਫੋਸਟਰ, ਦੇਵਰਾ ਵੀਨਰ, ਰਾਣਾ ਬੋਸ।

ਥਿਏਟਰ ਦੇ ਬਾਹਰਲੇ ਹਾਲ ਵਿਚ ਕਾਮਾਗਾਟਾ ਮਾਰੂ ਦੇ ਸਬੰਧ ਵਿਚ ਵੈਨਕੂਵਰ ਸੱਥ ਵਲੋਂ ਤਿਆਰ ਕੀਤੀ ਤਸਵੀਰਾਂ ਦੀ ਪ੍ਰਦਰਸ਼ਨੀ "ਕਾਮਾਗਾਟਾਮਾਰੂ-ਤਸਵੀਰਾਂ ਦੀ ਜਬਾਨੀ" ਲਗਾਈ ਗਈ ਜਿਸਨੂੰ ਲੋਕਾਂ ਨੇ ਨਾਟਕ ਸ਼ੁਰੂ ਹੋਣ ਤੋਂ ਪਹਿਲਾਂ ਅਤੇ ਇਨਟਰਵੈਲ ਵਿਚ ਬੜੇ ਧਿਆਨ ਅਤੇ ਦਿਲਚਸਪੀ ਨਾਲ ਦੇਖਿਆ।

ਕਾਮਾਗਾਟਾ ਮਾਰੂ ਹਿਸਟੋਰੀਕਲ ਸੁਸਾਇਟੀ ਵਲੋਂ ਪ੍ਰੈਜ਼ੀਡੈਂਟ ਡਾ: ਹਰੀ ਸ਼ਰਮਾ ਅਤੇ ਵਾਈਸ ਪ੍ਰੈਜ਼ੀਡੈਂਟ ਸ਼ਸ਼ੀ ਆਸਾਨੰਦ ਨੇ ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਪੰਜਾਬੀ ਆਰਟਿਸਟ ਐਸੋਸੀਏਸ਼ਨ ਰਿਚਮੰਡ, ਝਨਕਾਰ ਗਰੁੱਪ ਨੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ।

**ਵੈਨਕੂਵਰ, 17 ਨਵੰਬਰ 1989:** ਕੈਨੇਡੀਅਨ ਫਾਰਮਵਰਕਰਜ਼ ਯੂਨੀਅਨ ਨੇ ਆਪਣਾ ਨੌਵਾਂ ਵਾਰਸ਼ਿਕ ਸਮਾਗਮ ਸਕਾਟਿਸ਼ ਕਲਚਰਲ ਸੈਂਟਰ ਵਿਚ ਕੀਤਾ ਜਿਸ ਵਿਚ ਖੇਤ ਕਾਮਿਆਂ, ਸਹਿਯੋਗੀਆਂ, ਸਿਆਸੀ ਹਸਤੀਆਂ, ਲੇਖਕਾਂ ਅਤੇ ਕਲਾਕਾਰਾਂ ਨੇ ਭਾਗ ਲਿਆ। ਇਸ ਸਾਲ ਦੇ ਸਮਾਗਮ ਦਾ ਕੇਂਦਰੀ ਵਿਸ਼ਾ ਇਹ ਸੀ ਕਿ ਫਾਰਮ ਵਰਕਰਜ਼ ਯੂਨੀਅਨ ਦੀ ਜਦੋਜਹਿਦ ਦਾ ਅਸਰ ਕੇਵਲ ਫਰੇਜ਼ਰ ਵੈਲੀ ਤਕ ਹੀ ਸੀਮਤ ਨਹੀਂ ਸਗੋਂ ਇਸ ਦੀਆਂ ਸਰਗਰਮੀਆਂ ਦੇਸ਼ ਭਰ ਅਤੇ ਅੰਤਰਰਾਸ਼ਟਰੀ ਮਜ਼ਦੂਰ ਲਹਿਰ ਦਾ ਅੰਗ ਹਨ। ਇਸ ਵਿਸ਼ੇ ਨੂੰ ਅਰੰਭ ਕਰਦਿਆਂ ਯੂਨੀਅਨ ਦੇ ਪ੍ਰਧਾਨ ਸਰਵਨ ਬੋਲ ਨੇ ਕਿਹਾ, "ਜਦੋਂ ਵੀ ਅਸੀਂ ਫਾਰਮਵਰਕਰ ਕਿਸੇ ਜਹਿਰੀਲੀ ਕੀੜੇਮਾਰ ਦਵਾਈ ਨੂੰ ਖੇਤਾਂ ਵਿਚ ਵਰਤਣ ਤੋਂ ਇਨਕਾਰ ਕਰਦੇ ਹਾਂ ਤਾਂ ਅਸੀਂ ਸਿਰਫ ਆਪਣੀ ਅਤੇ ਆਪਣੇ ਬੱਚਿਆਂ ਦੀ ਹੀ ਰਖਵਾਲੀ ਨਹੀਂ ਕਰਦੇ ਬਲਕਿ ਸਮੁੱਚੇ ਪੌਣ-ਪਾਣੀ (Environment) ਅਤੇ ਸਮਾਜ ਦੀ ਰਖਵਾਲੀ ਕਰਦੇ ਹਾਂ।"

ਸਮਾਗਮ ਦੇ ਮੁੱਖ ਪਹਿਮਾਨ ਬਿਸ਼ਪ ਰੇਮੀ ਦੇ ਰੂ ਨੇ ਕੇਂਦਰੀ ਵਿਸ਼ੇ ਨੂੰ ਜਾਰੀ ਰਖਦਿਆਂ ਕਿਹਾ, "ਪੱਛਮੀ ਰਾਜ ਪ੍ਰਬੰਧ ਅਤੇ ਵਿਚਾਰਧਾਰਾ ਨੇ ਕਾਮਿਆਂ ਨੂੰ ਇਕ ਵੇਚੇ ਖ੍ਰੀਦੇ ਜਾਣ ਵਾਲੀ ਵਸਤ ਬਣਾ ਕੇ ਰੱਖ ਦਿੱਤਾ ਹੈ। ਅੱਜ ਜੋ ਕੁੱਝ ਐਲਸੈਲਵਾਡੋਰ ਅਤੇ ਨਿਕਰਾਗੂਆ ਵਿਚ ਹੋ ਰਿਹਾ ਹੈ, ਫਰੇਜ਼ਰ ਵੈੱਲੀ ਦੇ ਕਾਮਿਆਂ ਦੀ ਜ਼ਦੋਜ਼ਹਿਦ ਉਸ ਤੋਂ ਵੱਖਰੀ ਨਹੀਂ।"

ਬੀ.ਸੀ. ਫੈਡਰੇਸ਼ਨ ਦੇ ਪ੍ਰਧਾਨ ਕੈਨ ਜੋਰਜੈਟੀ ਅਤੇ ਆਈ. ਡਬਲਿਯ. ਏ. ਦੇ ਪ੍ਰਧਾਨ ਜੈਕ ਮੁਨਰੋ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਭਾਸ਼ਣਾ ਤੋਂ ਬਿਨਾਂ ਨਾਚ ਅਤੇ ਸੰਗੀਤ ਵੀ ਪੇਸ਼ ਕੀਤਾ ਗਿਆ। ਗੁਰਿੰਦਰ ਉੱਪਲ ਨੇ ਭਾਰਤੀ ਕਲਾਸੀਕਲ ਨਾਚ ਦੀ ਇਕ ਝਲਕ ਪੇਸ਼ ਕੀਤੀ। ਫਾਰਮ ਵਰਕਰਜ਼ ਯੂਨੀਅਨ ਵਲੋਂ ਤਿਆਰ ਕੀਤੀ ਗਿੱਧੇ ਦੀ ਟੀਮ ਨੇ ਗਿੱਧਾ ਪਾਇਆ। ਟੋਬੀ ਬੈਂਡ ਨੇ ਨਾਚ ਲਈ ਸੰਗੀਤ ਦਿੱਤਾ। ਖਾਣਾ ਬਨਾਉਣ ਦਾ ਵਲੰਟੀਅਰ ਕੰਮ ਸ਼ਿੰਦਰ ਕੈਂਥ ਨੇ ਕੀਤਾ।

**ਰਿਚਮੰਡ, 20 ਨਵੰਬਰ 1989:** ਵੈਨਕੂਵਰ ਸੱਥ ਅਤੇ ਇਪਾਨਾ ਵਲੋਂ "ਬਾਬੂ ਲਾਲ ਭੂਈਆ ਕੀ ਕੁਰਬਾਨੀ" ਨਾਂ ਦੀ ਫਿਲਮ ਵਿਖਾਉਣ ਦਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਹ ਡਾਕੂਮੈਂਟਰੀ ਫਿਲਮ ਬਿਹਾਰ, ਹਿੰਦੁਸਤਾਨ, ਵਿਚ ਕੋਲੇ ਦੀਆਂ ਖਾਨਾਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਜਿੰਦਗੀ ਨਾਲ ਸਬੰਧਤ ਹੈ। ਇਕ ਮਜ਼ਦੂਰ ਬਾਬੂ ਲਾਲ ਭੂਈਆ ਦੇ ਪੋਲੀਸ ਵਲੋਂ ਹੋਏ ਕਤਲ ਦੀ ਘਟਨਾ ਨੂੰ ਧੁਰਾ ਬਣਾ ਕੇ ਫਿਲਮ ਕੋਲਾ ਮਜ਼ਦੂਰਾਂ ਦੀ ਜਿੰਦਗੀ ਅਤੇ ਸਘੰਰਸ਼ ਨੂੰ ਪੇਸ਼ ਕਰਦੀ ਹੈ। ਫਿਲਮ ਦਿਖਾਉਣ ਤੋਂ ਪਹਿਲਾਂ ਫਿਲਮ ਦੀ ਡਾਇਰੈਕਟਰ ਮੰਜੀਰਾ ਦੱਤਾ ਨੇ ਫਿਲਮ ਬਾਰੇ ਅਤੇ ਫਿਲਮ ਬਨਾਉਣ ਦੀ ਪ੍ਰਕ੍ਰਿਆ ਬਾਰੇ ਦੱਸਿਆ।

**ਮੋਹਲੀ, ਪੰਜਾਬ-** ਪਿੱਛੇ ਜਿਹੇ ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਡਾ: ਗੁਰਦਿਆਲ ਸਿੰਘ ਫੁੱਲ ਸਰੀਰਕ ਰੂਪ ਵਿਚ ਸਦਾ ਲਈ ਸਾਥੋਂ ਵਿਦਾ ਹੋ ਗਏ। 'ਮੰਚਨ ਆਰਟਸ ਐਂਡ ਰੀਸਰਚ ਸੈਂਟਰ ਮੋਹਾਲੀ' ਵਲੋਂ ਮੋਹਾਲੀ ਦੇ ਸ਼ਿਵਾਲਕ ਸਕੂਲ ਵਿਚ ਨਾਟਕਕਾਰ ਫੁੱਲ ਦੀ ਨਾਟਕ-ਕਲਾ ਸਬੰਧੀ ਇਕ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਗੋਸ਼ਟੀ ਵਿਚ ਸ. ਗੁਰਸ਼ਰਨ ਸਿੰਘ ਨੇ ਫੁੱਲ ਸਾਹਿਬ ਨਾਲ ਆਪਣੇ ਰੰਗਮੰਚੀ ਸੰਬੰਧਾਂ ਦਾ ਚਰਚਾ ਕਰਦਿਆਂ ਉਹਨਾਂ ਦੇ ਨਾਟਕਾਂ ਵਿਚਲੇ ਕਲਾਸਕੀ ਗੁਣਾਂ ਦਾ ਚਰਚਾ ਕੀਤਾ। ਦੂਸਰੇ ਦੋ ਵਿਦਵਾਨਾਂ ਦੇ ਪਰਚਿਆਂ ਵਿਚ ਫੁੱਲ ਸਾਹਿਬ ਦੀ ਨਾਟਕ ਕਲਾ ਦੇ ਗੁਣਾਂ-ਔਗੁਣਾਂ ਦਾ ਜ਼ਿਕਰ ਕੀਤਾ ਗਿਆ। ਸਮੁੱਚੀ ਗੋਸ਼ਟੀ ਵਿਚੋਂ ਇਹ ਗੱਲ ਪੂਰੀ ਤਰ੍ਹਾਂ ਉਘੜ ਕੇ ਸਾਹਮਣੇ ਆਈ ਕਿ ਅਜੇ ਫੁੱਲ ਸਾਹਿਬ ਦੇ ਨਾਟਕਾਂ ਦੀ

ਬਾਕੀ ਸਫਾ ੪੩ ਤੇ

# ...ਤੇ ਤੁਸੀਂ ਲਿਖਿਆ

(ਅਸੀਂ ਵਤਨ ਦਾ ਇਹ ਕਾਲਮ '...ਤੇ ਤੁਸੀਂ ਲਿਖਿਆ' ਪਾਠਕਾਂ/ਲੇਖਕਾਂ/ਦੋਸਤਾਂ/ਵਿਰੋਧੀਆਂ ਸੱਭ ਦੇ ਵਿਚਾਰਾਂ ਦੇ ਅਦਾਨ ਪ੍ਰਦਾਨ ਲਈ ਮੰਚ ਬਣਾਉਣਾ ਚਾਹੁੰਦੇ ਹਾਂ। ਸਾਡਾ ਸੁਝਾਅ ਹੈ ਕਿ ਪਰਚੇ ਵਿਚ ਛਪੀਆਂ ਰਚਨਾਵਾਂ ਬਾਰੇ ਪ੍ਰਤੀਕਰਮ ਦੇ ਨਾਲ ਨਾਲ ਹੋਰ ਵਿਸ਼ਿਆਂ ਮਸਲਿਆਂ ਆਦਿ ਉਪਰ ਵੀ ਇਸ ਮੰਚ ਤੇ ਗੁਫਤਗੂ ਹੋਵੇ। ਅਸੀਂ ਸੱਭ ਨੂੰ ਕਿਸੇ ਵੀ ਮਹੱਤਵਪੂਰਨ ਵਿਸ਼ੇ ਉਪਰ ਸੰਜੀਦਾ ਵਿਚਾਰ ਭੇਜਣ ਦਾ ਸੱਦਾ ਦਿੰਦੇ ਹਾਂ। - ਸੰਪਾਦਕ)

ਪਹਿਲਾ ਅੰਕ ਤਾਂ ਕਾਮਾਗਾਟਾ ਮਾਰੂ ਬਾਰੇ ਵਿਸ਼ੇਸ਼ ਅੰਕ ਹੋਣ ਕਾਰਣ ਮੈਗਜ਼ੀਨ ਦੀ ਸਮੁੱਚੀ ਰੂਪ ਰੇਖਾ ਬਾਰੇ ਕੋਈ ਰਾਇ ਨਹੀਂ ਦਿੱਤੀ ਜਾ ਸਕਦੀ ਸੀ। ਦੂਸਰਾ ਅੰਕ ਬਹੁਤ ਵਧੀਆ ਲੱਗਾ। ਸੁਖਵੰਤ ਹੁੰਦਲ ਦਾ ਲੇਖ 'ਦੁਨੀਆਂ ਵਿਚ ਭੁੱਖ' ਬਹੁਤ ਜਾਣਕਾਰੀ ਭਰਪੂਰ ਸੀ ਅਤੇ ਬਲਦੇਵ ਦੂਹੜੇ ਦਾ ਲੇਖ 'ਇਤਿਹਾਸਕ ਵਿਕਾਸ' ਵੀ ਵਿਚਾਰ ਉਤੇਜਿਕ (Thought provoking) ਲੇਖ ਸੀ। ਉਮੀਦ ਹੈ ਅੱਗੋਂ ਲਈ ਵੀ ਅਜਿਹੇ, ਮਿਹਨਤ ਨਾਲ ਤਿਆਰ ਕੀਤੇ, ਇੱਕ ਦੋ ਲੇਖ ਹਰ ਅੰਕ ਵਿਚ ਦਿੰਦੇ ਰਹੋਗੇ। ਕਵਿਤਾ ਭਾਗ ਬਹੁਤ ਉੱਚ ਪਾਏ ਦਾ ਸੀ, ਪਰ ਸੁਖਵਿੰਦਰ ਕੰਬੋਜ਼ ਵਾਲੀ ਨਜ਼ਮ ਪ੍ਰਕਾਸ਼ਿਤ ਕਰਨੀ ਠੀਕ ਨਹੀਂ ਲੱਗੀ। ਸਾਡੇ ਆਪਣੇ ਕੁਝ ਨਿੱਜੀ ਮੱਤਭੇਦ, ਕੁਝ ਪਸੰਦਾਂ/ਨਾਪਸੰਦਾਂ ਹੁੰਦੀਆਂ ਹਨ। ਹਰ ਵਿਅਕਤੀ ਵਿੱਚ ਕੁਝ ਨੁਕਸ ਫਰਕ ਵੀ ਹੁੰਦੇ ਹਨ। ਪਰ ਐਸ ਤਰ੍ਹਾਂ ਆਪਣੇ ਕੈਂਪ ਦੇ ਬੰਦਿਆਂ ਨਾਲ ਐਵੇਂ ਮਿਹਣੋ-ਮਿਹਣੀ ਹੋਈ ਜਾਣਾ ਚੰਗਾ ਨਹੀਂ ਲੱਗਿਆ। ਹੁਣ ਇਹ ਕੰਮ ਛੱਡਿਆ ਜਾਣਾ ਚਾਹੀਦਾ ਹੈ। ਲਿਖਣ/ਛਪਣ ਵਾਸਤੇ ਹੋਰ ਬਹੁਤ ਕੁਝ ਪਿਆ ਹੈ। ਉਂਜ ਜਿਹੜੇ ਬੰਦੇ ਸਿੱਧੇ ਰੂੜੀਵਾਦੀ ਜਾਂ ਮਨੁੱਖਤਾ ਵਿਰੋਧੀ ਤਾਕਤਾਂ ਨਾਲ ਜਾ ਖੜ੍ਹੇ ਹਨ ਉਹਨਾਂ ਬਾਰੇ ਲਿਖਣਾ ਹੋਰ ਗੱਲ ਹੈ - ਜਿਵੇਂ ਦਰਸ਼ਨ ਗਿੱਲ ਦਾ ਇਹ ਸ਼ਿਅਰ ਬਹੁਤ ਵਧੀਆ ਲੱਗਾ:

ਚਿੱਕੜ 'ਚ ਖਿੜੋਗੇ ਜਾਓਗੇ 'ਕੰਵਲ' ਦੇ ਵਾਂਗ
ਜਾਂ ਫਿਰ 'ਸੇਖੋਂ' ਵਰਗਾ ਕੋਈ ਕੁਫਰ ਕਰੋਗੇ।

ਰਾਜਪਾਲ ਸਿੰਘ ਸੰਪਾਦਕ ਤਰਕਸ਼ੀਲ, (ਕੋਟਕਪੂਰਾ)

'ਵਤਨ' ਦਾ ਪਹਿਲ-ਪਲੇਠਾ ਪਰਚਾ ਭੇਜਣ ਲਈ ਧੰਨਵਾਦੀ ਹਾਂ। ਤੁਸਾਂ ਇਸ ਸੰਬੰਧੀ ਮੇਰਾ ਪ੍ਰਤੀਕਰਮ ਮੰਗਿਆ ਹੈ। । ਮੈਂ ਇਨਕਲਾਬੀ ਲਹਿਰ ਅਤੇ ਸਾਹਿਤ ਨੂੰ ਥੋੜਾ-ਬਹੁਤ ਵਾਚਿਆ ਹੈ।

'ਵਤਨ' ਦੇ ਪਹਿਲੇ ਅੰਕ ਨੂੰ ਧਿਆਨ ਨਾਲ ਪੜ੍ਹਨ ਮਗਰੋਂ ਇਹੋ ਕਹਿ ਸਕਦਾ ਹਾਂ ਕਿ ਭਾਵੇਂ pragmatic ਰਾਜਨੀਤੀ ਅਤੇ ਬੇ-ਮੁਹਾਰ ਸਾਹਿਤ ਦੇ ਖੇਤਰਾਂ ਵਿਚ 'ਵਤਨ' ਦੇ ਇਸ ਅੰਕ ਦੀ ਬਣਦੀ ਕਦਰ ਅਤੇ ਚਰਚਾ ਨਾ ਹੋਵੇ ਪਰ ਇਨਕਲਾਬੀ ਲਹਿਰਾਂ ਅਤੇ ਸਾਹਿਤ ਦੇ ਅਧਿਅਨ ਕਰਨ ਵਾਲਿਆਂ ਲਈ ਇਹ ਅੰਕ ਹਰ ਪੱਖ ਤੋਂ ਪ੍ਰਮਾਣੀਕ ਅਤੇ ਇਤਿਹਾਸ-ਪੁਰਾਤੱਤੀ ਮਹਤਤਾ ਰਖਦਾ ਹੈ - ਸਮੇਤ ਗੁਰਦੇਵ ਸਿੰਘ ਢਿਲੋਂ ਦੀ ਰਚੀ ਕਵਿਤਾ ਦੇ।

'ਵਤਨ' ਦੇ ਕਵਿਤਾ ਭਾਗ ਵਿਚ ਅਜਮੇਰ ਰੋਡੇ ਨੇ ਵਾਯੂ ਮੰਡਲ ਅਤੇ ਸਮਾਜ ਦੇ ਪ੍ਰਦੂਸ਼ਨਾਂ ਦਾ ਪ੍ਰਤੀਕੀ ਕਰਨ ਕਰਕੇ ਇਕ ਮਿਹਨਤਕਸ਼ ਪ੍ਰਵਾਸੀ ਹਿੰਦੁਸਤਾਨੀ ਦੀ ਅਵਾਜ਼ ਉਚੀ ਕੀਤੀ ਹੈ। ਸੁਰਿੰਦਰ ਧੰਜਲ ਦੀ ਕਵਿਤਾ ਸ੍ਵੈ-ਅਲੋਚਨਾ ਦੇ ਅੰਦਾਜ਼ ਵਿਚ ਵਿਰਸੇ ਦੀ ਨਿਪਟ ਪੂਜਾ ਉਪਰ ਉਂਗਲ ਰਖਦੀ ਹੈ। ਮੰਗਾ ਸਿੰਘ ਬਾਸੀ ਦੀ ਕਾਮਾਗਾਟਾ ਮਾਰੂ ਨੂੰ ਯਾਦ ਕਰਨਾ ਖੂਬ ਹੈ। ਸਾਧੂ ਦੀ ਕਵਿਤਾ ਭਾਵੇਂ ਪੰਦਰਾਂ ਵਰ੍ਹੇ ਪਹਿਲਾਂ ਦੀ ਲਿਖੀ ਹੈ ਪਰ ਮੌਕੇ ਅਤੇ ਸੰਦਰਭ ਅਨੁਸਾਰ ਹੈ। ਸਾਧੂ ਅਤੇ ਸੁਖਵੰਤ ਹੁੰਦਲ ਲਿਖਤ ਨਾਟਕ ਵਿਚ ਕਾਮਾਗਾਟਾ ਮਾਰੂ ਦੀ ਬਰਸੀ ਸਮੇਂ ਖਾਸ ਤੌਰ ਤੇ ਪ੍ਰਭਾਵਤ ਕਰਨ ਵਾਲੀ ਸਿਫਤ ਹੈ।

'ਵਤਨ' ਦਾ ਪੁਰਾਤੱਤੀ ਅਤੇ ਬਹੁਤੀਆਂ ਲਿਖਤਾਂ ਸਾਂਭਣ ਅਤੇ ਖੋਜ-ਲਿਖਤਾਂ ਦਾ ਆਧਾਰ ਬਨਾਉਣ ਯੋਗ ਹਨ। ਸ੍ਰ: ਕੇਸਰ ਸਿੰਘ ਮੇਰੇ ਵੱਡੇ ਭਰਾ ਜਿਹੇ ਮਿਤਰ ਹਨ। ਪਿਛਲੇ ਵਰ੍ਹੇ ਭਾਰਤ ਆਏ। ਸਾਰੀ ਰਾਤ ਤੇ ਪੂਰਾ ਦਿਨ ਗੱਲਾਂ ਕਰਨ ਦੇ ਦੌਰਾਨ ਅਤੇ ਉਹਨਾਂ ਦੀਆਂ ਲਿਖਤਾਂ ਪੜ੍ਹਨ ਨਾਲ ਕਈ ਸੂਖਮ ਤੇ ਵੇਰਵੇ ਦੀਆਂ ਗੱਲਾਂ ਜੋ ਮੈਨੂੰ ਪਤਾ ਨਹੀਂ ਸਨ ਲਗੀਆਂ ਕਾਮਾਗਾਟਾ ਮਾਰੂ ਸਾਕੇ ਬਾਰੇ ਉਨ੍ਹਾਂ ਪੱਖਾਂ - ਖਾਸ ਕਰ ਉਸ ਸਮੇਂ ਤੋਂ ਪਹਿਲਾਂ ਦੀ ਲਿਬਰਲ ਸਰਕਾਰ ਦੇ ਬਣਾਏ ਕਾਨੂੰਨਾਂ ਅਤੇ ਸਮਕਾਲੀ (ਕੈਨੇਡੀਅਨ) ਸਰਕਾਰ ਦੀ ਨੀਤੀ ਅਨੁਸਾਰ ਚਲਦੇ ਇਮੀਗਰੇਸ਼ਨ ਅਫਸਰਾਂ/ਨਿਯਮਾਂ ਵਿਚਕਾਰ ਦ੍ਵੰਦ ਅਤੇ ਨਾਲ ਹੀ ਸਮੇਂ ਦੀ ਸੋਸ਼ਲਿਸਟ ਨੀਤੀ ਦੀ ਗੁਲਾਮਾਂ -ਗਰੀਬਾਂ ਪ੍ਰਤੀ ਹਮਦਰਦੀ - ਬਾਰੇ ਵੀ ਪਤਾ ਇਸ ਅੰਕ ਤੋਂ ਲੱਗਾ ਹੈ।

ਮੈਨੂੰ ਆਸ ਹੈ 'ਵਤਨ' ਕਾਮਾਗਾਟਾ ਮਾਰੂ ਦੇ ਵਿਰਸੇ ਨੂੰ ਸਮਝਦਾ ਹੋਇਆ ਅਜੋਕੇ ਪ੍ਰਵਾਸੀ ਅਤੇ ਵਾਸੀ ਭਾਰਤੀ ਜਨ ਸਧਾਰਨ ਦੀਆਂ ਮੰਗਾਂ-ਉਮੰਗਾਂ ਨੂੰ ਅੱਗੇ ਵਧਾਏਗਾ ਅਤੇ ਵਿਕੋਲਿਤਰੇ ਅਤੇ ਸੋੜੇ ਵਿਚਾਰਾਂ ਅਤੇ ਸਾਹਿਤ ਦਾ ਤੋੜ ਪੇਸ਼ ਕਰੇਗਾ।

ਆਪਣੇ ੭ ਵਰਿਆਂ ਦੇ ਪੱਛਮੀ ਜਰਮਨੀ ਦੇ ਵਾਸੇ ਤੇ ਯੂਰਪ ਦੇਖਣ ਸਮੇਂ ਕੈਨੇਡਾ ਆਉਣ ਦੀ ਰੀਝ ਜੇ ਕਦੇ ਪੂਰੀ ਹੋਈ ਤਾਂ ਆਸ ਹੈ ਨੇੜਲੇ ਭਵਿੱਖ ਵਿਚ ਕਿਸੇ ਅਜਿਹੇ ਕੈਨੇਡੀਅਨ-ਭਾਰਤੀ-ਪੰਜਾਬੀ ਪ੍ਰੋਗਰਾਮ ਵਿਚ ਵੱਧ ਤੋਂ ਵੱਧ ਮੰਤਵ ਭਰਪੂਰ ਕਲਮਕਾਰਾਂ ਨੂੰ ਮਿਲ ਸਕਾਂਗਾ।

ਪਿਛਲੇ ਮਹੀਨੇ ਮੇਰੀ ਕਿਤਾਬਚੀ 'ਸਿੱਖ ਮੂਲਵਾਦ ਬਾਰੇ' ਪੰਜਾਬੀ ਵਿਚ ਛਪੀ ਹੈ। ਹਿੰਦੀ ਦਾ text ਪਰੈਸ ਵਿਚ ਹੈ - ਅੰਗਰੇਜੀ version ( not translation) ਵੀ ਛਪਣਾ ਹੈ। ਗੁਰਮੁਖ ਤੇ ਵਿਦਵਾਨ ਸਿੱਖਾਂ ਤੋਂ ਲੈ ਕੇ ਖੱਬੇ ਪੱਖੀ ਹਲਕਿਆਂ ਨੇ ਇਸ ਨੂੰ ਨੀਝ ਨਾਲ ਪੜ੍ਹਿਆ ਵਿਚਾਰਿਆ ਅਤੇ reproduce ਵੀ ਕੀਤਾ ਹੈ। ਇਸ ਕਿਤਾਬਚੀ ਦੀ ਇਕ ਕਾਪੀ ਮੈਂ 'ਵਤਨ' ਵਿਚ ਵਿਚਾਰਨ, ਘੋਖਣ ਅਤੇ reproduce ਕਰਨ ਲਈ ਭੇਜ ਰਿਹਾ ਹਾਂ। ਇਸ ਵਿਚ ਪ੍ਰਵਾਸੀ ਪੰਜਾਬੀਆਂ/ਸਿਖਾਂ ਬਾਰੇ ਵੀ ਇਕ ਚੈਪਟਰ ਹੈ। 'ਵਤਨ' ਰਾਹੀ ਵਿਦਵਾਨਾਂ/ਲੇਖਕਾਂ ਦੇ ਪ੍ਰਤੀਕਰਮ ਜਾਣ ਕੇ ਮੈਂ ਆਪਣੀ ਸੋਧ ਕਰਨ ਦਾ ਯਤਨ ਕਰਾਂਗਾ। ਆਸ ਹੈ ਤੁਸੀਂ ਵੀ ਵਤਨ ਦਾ ਪਰਚਾ ਭੇਜਦੇ ਰਹੋਗੇ ਅਤੇ

ਇਸ ਰਾਹੀਂ ਆਪਣੇ ਲੇਖਕਾਂ ਸਾਥੀਆਂ ਅਤੇ ਪਾਠਕਾਂ ਨਾਲ ਮੇਰੀ ਸਾਂਝ ਪੁਆਓਗੇ। (ਪਹਿਲੇ ਖੱਤ ਵਿਚੋਂ)

'ਵਤਨ' ਅਕਤੂਬਰ ਤੋਂ ਦਸੰਬਰ ੮੯, ਮਿਲ ਗਿਆ ਸੀ। ਪਹਿਲਾ ਪਰਚਾ -ਕਾਮਾਗਾਟਾ ਮਾਰੂ ਬਾਰੇ - ਜਿਥੇ ਯਾਦਗਾਰੀ ਅਤੇ ਪੁਰਾਤੱਤੀ Archeological ਮਹੱਤਤਾ ਹੋਣ ਕਰਕੇ ਸਾਂਭਣ ਯੋਗ ਸੀ ਉਥੇ ਇਹ ਪਤਰ - ਸੰਪਾਦਕੀ ਅਨੁਸਾਰ - ਵਤਨ ਦੇ ਵਿਸ਼ਾਲ ਦ੍ਰਿਸ਼ਟੀਕੋਣ, ਪਤ੍ਰਕਾਰਕ ਸੂਝ ਅਤੇ ਇਕ ਹੀ ਅੰਕ ਨਾਲ ਛਪਾਈ, ਕਵਰੇਜ ਤੋਂ ਗੈਟ ਅੱਪ ਤਕ ਦਿੱਤੇ ਧਿਆਨ ਦਾ ਸੂਚਕ ਹੈ। ਆਸ ਹੈ ਹਰ ਪੱਖੋਂ ਇਸ ਦਾ ਵਾਧਾ ਹੋਵੇਗਾ।

ਡਾ: ਰਵਿੰਦਰ ਰਵੀ ਤੇ ਸਫਦਰ ਹਾਸ਼ਮੀ - (ਇਹ ਨੇੜਿਓਂ ਦੇਖਿਆ ਪਿਆਰਾ ਵਿਅਕਤੀ ਸੀ - ਮੇਰੇ ਹੀ ਇਲਾਕੇ ਵਿਚ ਕਤਲ ਹੋਇਆ ਸੀ। ਕਲ ਹੀ ਉਸਨੂੰ ਕਤਲਗਾਹ ਵਾਲੇ ਚੌਂਕ ਵਿਚ ਯਾਦ ਕਰਕੇ ਆਇਆਂ ਹਾਂ) ਦੇ ਨਾਲ ਨਾਲ ਜੈਮਲ ਪੱਡੇ ਅਤੇ ਪਾਸ਼ ਨੂੰ ਉਨ੍ਹਾਂ ਦੀਆਂ ਰਚਨਾਵਾਂ ਰਾਹੀਂ ਯਾਦ ਕੀਤਾ ਹੈ। ਸੁਖਵੰਤ ਹੁੰਦਲ ਦਾ ਲੇਖ "ਦੁਨੀਆਂ ਵਿਚ ਭੁਖ - ਜਿੰਮੇਵਾਰ ਕੌਣ?" ਅਜਿਹਾ ਲੇਖ ਹੈ ਜੋ 'ਕੂਪ ਮੰਡੂਕ' ਕਿਸਮ ਦੇ ਸਾਡੇ ਪੰਜਾਬੀ 'ਸਾਹਿਤਕ ਪਤਰਾਂ' ਵਿਚ ਨਹੀਂ ਮਿਲਦੇ।

ਪਿਛਲੇਰੇ ਮਹੀਨੇ ਇਥੇ ਪੰਜਾਬੀ ਲੇਖਕ ਸਭਾ ਨਵੀਂ ਦਿੱਲੀ ਵਿਖੇ ਪ੍ਰਵਾਸੀ ਪੰਜਾਬੀ ਸਾਹਿਤ ਬਾਰੇ ਇਕ ਚੰਗੀ ਗੋਸ਼ਟੀ ਹੋਈ। ਮੈਂ "ਪ੍ਰਵਾਸੀ ਪੰਜਾਬੀ ਗਲਪ ਸਾਹਿਤ ਅਤੇ ਅਜੋਕਾ ਸੰਕਟ" ਲਿਖਿਆ ਅਤੇ ਬਹਿਸ ਲਈ ਪੇਸ਼ ਕੀਤਾ। ਇਸ ਲੇਖ ਵਿਚ ਇੰਗਲੈਂਡ ਤੋਂ ਬਿਨ੍ਹਾਂ ਕੈਨੇਡਾ ਵਿਚ ਲਿਖੇ ਜਾ ਰਹੇ ਸਮੁੱਚੇ ਸਾਹਿਤਕ ਦ੍ਰਿਸ਼ ਦਾ ਵਰਨਣ ਵੀ ਸੀ ਅਤੇ 'ਵਤਨ' ਤੋਂ ਬਿਨ੍ਹਾਂ ਕੁਝ ਲੇਖਕਾਂ ਦਾ - ਸੰਦਰਭ ਵਜੋਂ। ...। (ਦੂਜੇ ਖੱਤ ਵਿਚੋਂ)

ਕਿਰਪਾਲ ਸਿੰਘ ਆਜ਼ਾਦ, (ਨਵੀਂ ਦਿੱਲੀ)

### ਇਤਿਹਾਸਕ ਵਿਕਾਸ ਨਾਂ ਦੇ ਲੇਖ ਉਤੇ ਇਕ ਟਿਪਣੀ:

ਸ੍ਰੀ ਬਲਦੇਵ ਦੂਹੜੇ ਕਦੀ ਕਦੀ ਪਰ ਗੰਭੀਰ ਵਿਸ਼ਿਆਂ ਉਪਰ ਲਿਖਣ ਵਾਲੇ ਲੇਖਕ ਹਨ। ਵਤਨ 1989 ਦੇ ਦੂਜੇ ਅੰਕ ਵਿਚ ਉਹਨਾਂ ਦਾ ਇਕ ਲੇਖ 'ਇਤਿਹਾਸਕ ਵਿਕਾਸ' ਨਾਂ ਦਾ ਛਪਿਆ ਹੈ। ਇਸ ਲੇਕ ਵਿਚ ਉਹ ਇਤਿਹਾਸਕ ਵਿਕਾਸ ਦਾ ਕਾਰਨ ਲੱਭਣ ਦਾ ਯਤਨ ਕਰਦੇ ਹਨ। ਉਹ ਮੁੱਢ ਵਿਚ ਲਿਖਦੇ ਹਨ:

"ਹੇਗਲ ਅਨੁਸਾਰ ਇਤਿਹਾਸਕ ਵਿਕਾਸ ਦਾ ਸੋਮਾ ਸਵੈ-ਵਿਕਾਸ ਹੈ, ਮਾਰਕਸ ਅਨੁਸਾਰ ਮਾਦਕ ਤਾਕਤਾਂ (ਉਤਪਾਦਕ ਤਾਕਤਾਂ) ਦਾ ਵਿਕਾਸ ਇਸ ਦਾ ਸੋਮਾ ਹੈ। ਫਾਇਰਬੈਕ ਅਤੇ ਕਈ ਹੋਰ ਮਾਨਵਵਾਦੀਆਂ ਅਨੁਸਾਰ ਇਹ ਇਨਸਾਨ ਦੀ ਜ਼ਰੂਰੀ ਫਿਤਰਤ ਦਾ ਕਾਰਨਾਮਾ ਹੈ"। ਅੱਗੇ ਲਿਖਦੇ ਹਨ, "ਮੇਰਾ ਖਿਆਲ ਹੈ ਕਿ ਇਤਿਹਾਸਕ ਵਿਕਾਸ ਦਾ ਅਸਲ ਸੋਮਾ ਨਾ ਫੈਕਟਰੀ ਹੈ ਨਾ ਰੂਹ ਨਾ ਕੋਈ ਰਹੱਸਮਈ ਫਿਤਰਤ। ਇਸ ਦਾ ਹੁਣ ਤੱਕ ਕਾਰਨਾਤਮਕ ਸੋਮਾ ਹੈ ਆਬਾਦੀ ਦਾ ਵਧਣਾ। ਆਬਾਦੀ ਵਾਧਾ ਇਕ ਨਿਰੰਤਰ ਅਤੇ ਤਾਕਤਵਰ ਪ੍ਰਕਿਰਿਆ ਹੈ।"

ਮੇਰਾ ਵਿਚਾਰ ਹੈ ਕਿ ਇਤਿਹਾਸਕ ਵਿਕਾਸ ਦੀ ਗੱਲ ਕਰਦਿਆਂ ਅਸੀਂ ਇਸ ਨੂੰ ਕਿਸੇ ਇਕ ਚੀਜ਼ ਨਾਲ ਬੰਨ੍ਹ ਨਹੀਂ ਸਕਦੇ। ਹਰ ਇਕ ਚੀਜ਼ ਦੇ ਵਿਕਾਸ ਦਾ ਆਪਣਾ ਇਤਿਹਾਸ ਹੈ। ਆਬਾਦੀ ਦੇ ਵਧਣ ਦਾ ਆਪਣਾ ਇਤਿਹਾਸ ਹੈ ਅਤੇ ਫੈਕਟਰੀ ਜਾਂ ਕਿਸੇ ਹੋਰ ਚੀਜ਼ ਦਾ ਆਪਣਾ ਆਪਣਾ ਇਤਿਹਾਸ ਵੀ ਹੈ ਅਤੇ ਸਭ ਹੀ ਦੇਸ਼ ਕਾਲ ਅਨੁਸਾਰ ਵਿਕਸਤ ਹੁੰਦੇ ਇਕ ਦੂਜੇ ਨੂੰ ਪ੍ਰਭਾਵਤ ਕਰਦੇ ਹਨ।

ਹੇਗਲ ਅਤੇ ਫਾਇਰਬਾਖ ਦੋਵੇਂ ਫਿਲਾਸਫਰ ਇਤਿਹਾਸਕ ਵਿਕਾਸ ਨੂੰ ਆਦਰਸ਼ਵਾਦੀ ਦਰਿਸ਼ਟੀ ਤੋਂ ਲੈਂਦੇ ਹਨ।

ਬਲਦੇਵ ਨੇ ਆਬਾਦੀ ਦੇ ਵਾਧੇ ਨੂੰ ਹੀ ਇਤਿਹਾਸਕ ਵਿਕਾਸ ਦੀ ਚੂਲ ਮੰਨਿਆ ਹੈ। ਪਰ ਜਦੋਂ ਉਹ ਇਸ ਦੀ ਵਿਆਖਿਆ ਕਰਦਾ ਹੈ ਤਾਂ ਉਹ 'ਮਾਨਵਸ਼ਕਤੀ ਤੋਂ ਪਸ਼ੂ ਸ਼ਕਤੀ ਅਤੇ ਉਸ ਤੋਂ ਅੱਗੇ ਊਰਜਾ ਸ਼ਕਤੀ' ਦੀ ਪੱਧਰ ਤੱਕ ਵਿਕਾਸ ਦੀ ਗੱਲ ਕਰਦਾ ਹੈ। ਪਰ ਇਸ ਪਰੀਵਰਤਨ ਵਿਚ ਜੋ ਮੁੱਖ ਨੁਕਤਾ ਜਾਂ ਤੱਤ ਤਬਦੀਲ ਹੁੰਦਾ ਹੈ ਜੋ ਇਤਿਹਾਸਕ ਵਿਕਾਸ ਦੀ ਰੂਪ ਰੇਖਾ ਨੂੰ ਨਿਸਚਤ ਕਰਦਾ ਹੈ, ਉਹ ਆਬਾਦੀ ਦਾ ਵਾਧਾ ਨਹੀਂ ਹੈ। ਉਹ ਮਨੁੱਖ ਦੀ ਸਿਰਜਨਾਤਮਕਤਾ ਹੈ। ਜੋ ਪ੍ਰਕਿਰਤੀ ਵਿਚੋਂ ਲਏ ਪਦਾਰਥ ਦੇ ਬਦਲਵੇਂ ਰੂਪਾਂ ਵਿਚ ਰੂਪਮਾਨ ਹੋਣ ਤੋਂ ਬਿਨ੍ਹਾਂ ਹੋਰ ਕੁਝ ਨਹੀਂ ਹੈ।

ਇਹ ਮਨੁੱਖੀ ਸੂਝ ਦੇ ਵਿਕਾਸ ਦੀ ਸ਼ਕਤੀ ਹੈ ਜੋ ਪਦਾਰਥ ਵਿਕਾਸ ਨੂੰ ਇਕ ਪੜਾ ਤੋਂ ਦੂਜੇ ਪੜਾ ਉਤੇ ਅਤੇ ਨੀਵੇਂ ਉਚੇ ਪੜਾ ਉਤੇ ਲੈ ਜਾਂਦੀ ਹੈ ਜਾਂ ਇਸ ਨੂੰ ਨਸ਼ਟ ਕਰ ਦਿੰਦੀ ਹੈ। ਇਹ ਮਨੁੱਖੀ ਸਮੂੰਹਾਂ ਦੇ ਰੂਪ ਵਿਚ ਅਤੇ ਵਿਅਕਤੀਗਤ ਤੌਰ ਤੇ ਪ੍ਰਕਿਰਤੀ ਨਾਲ ਕੀਤੇ ਸੰਘਰਸ਼ ਦਾ ਸਿੱਟਾ ਹੈ ਕਿ ਸਮਾਜ ਦਾ ਰੂਪ ਸੱਭਿਆਚਾਰ, ਰਾਜਨੀਤਕ ਗਠਬੰਦਨ ਅਤੇ ਸਾਡੇ ਜੀਵਨ ਦੇ ਸਾਰੇ ਪੱਖ ਲਗਾਤਾਰ ਤਬਦੀਲ ਹੋ ਕੇ ਵਿਕਸਤ ਹੋਏ ਹਨ। ਏਸੇ ਪ੍ਰੀਵਰਤਨ ਦੇ ਅਸਲ ਨੂੰ ਹੀ ਇਤਿਹਾਸਕ ਵਿਕਾਸ ਕਹਿੰਦੇ ਹਾਂ।

ਇੰਗਲੈਂਡ ਦੀ ਆਬਾਦੀ, ਭਾਰਤ ਅਤੇ ਚੀਨ ਦੀ ਆਬਾਦੀ ਦੀ ਗਿਣਤੀ ਨਿਸਬਤ ਉਕਾ ਨਿਗੂਣੀ ਸੀ ਜਦੋਂ ਇੰਗਲੈਂਡ ਵਿਚ ਮਸ਼ੀਨੀ ਯੁੱਗ ਨੇ ਜਨਮ ਲਿਆ। ਭਾਫ ਦੇ ਇੰਜਣ ਤੋਂ ਅਰੰਭ ਹੋਕੇ ਯੂਰਪ ਨੂੰ ਮਸ਼ੀਨੀ ਕਾਢਾਂ ਨੇ ਆਪਣੇ ਘੇਰੇ ਵਿਚ ਲੈ ਲਿਆ। ਬਿਜਲੀ, ਟੈਲੀਫੂਨ, ਵਾਇਰਲੈਸ, ਕੈਮਰਾ ਅਤੇ ਹੋਰ ਅਨੇਕਾਂ ਮਸ਼ੀਨਾਂ ਦੀ ਸਿਰਜਣਾ ਹੋਈ।

ਭਾਰਤ ਅਤੇ ਚੀਨ ਸਾਰੀ ਦੁਨੀਆਂ ਦੀ ਵਸੋਂ ਦਾ ਅੱਧ ਹੋਕੇ ਵੀ, ਇੰਗਲੈਂਡ ਅਤੇ ਹੋਰਨਾਂ ਸੱਨਅਤੀ ਦੇਸ਼ਾਂ ਨਾਲੋਂ ਕਿਤੇ ਪਛੜੇ ਹੋਏ ਹਨ। ਸਿਰਜਨਾਤਮਕਤਾ ਇਤਿਹਾਸਕ ਵਿਕਾਸ ਨੂੰ ਹੀ ਨਹੀਂ, ਵਿਕਾਸ ਦੀ ਇਤਿਹਾਸਕ ਤੋਰ ਨੂੰ ਵੀ ਨਿਸਚਤ ਕਰਦੀ ਹੈ। ਪੱਛਮੀ ਦੇਸ਼ਾਂ ਵਿਚ ਦੇ ਪਦਾਰਥਿਕ ਵਿਕਾਸ ਨੇ, ਉਨ੍ਹਾਂ ਨੂੰ ਸੰਸਾਰ ਭਰ ਨਾਲੋਂ ਸੱਭਿਅਤਾ ਦੀ ਉੱਚੀ ਪੱਧਰ ਤੇ ਪਹੁੰਚਾ ਦਿੱਤਾ ਹੈ।

ਭਾਰਤ ਇੰਗਲੈਂਡ ਨਾਲੋਂ ਪਿਛੇ ਹੈ। ਭਾਰਤ ਨਾਲੋਂ 1947 ਵਿਚ ਵੱਖ ਹੋ ਕੇ ਪਾਕਿਸਤਾਨ ਵਿਕਾਸ ਵਿਚ ਪਿਛੇ ਰਹਿ ਗਿਆ ਹੈ ਅਗੋਂ ਬੰਗਲਾ ਦੇਸ਼ ਹੋਰ ਵੀ ਪਿੱਛੇ। ਕਿਉਂਕਿ ਉਨ੍ਹਾਂ ਦੀਆਂ ਰਾਜਨੀਤਕ ਅਤੇ ਆਰਥਿਕ ਸਥਿਤੀਆਂ, ਉਥੋਂ ਦੇ ਪਦਾਰਥਕ ਵਿਕਾਸ ਵਿਚ ਅੜਚਨ ਬਣੀਆਂ। ਬੰਗਲਾ ਦੇਸ਼ ਆਬਾਦੀ ਦੇ ਲਿਹਾਜ ਨਾਲ ਪਾਕਿਸਤਾਨ ਤੋਂ ਅੱਗੇ ਹੋ ਕੇ ਵੀ ਵਿਕਾਸ ਵਿਚ ਪਿਛੇ ਰਹਿ ਗਿਆ ਹੈ। ਟਿੱਪਣੀ ਨੂੰ ਭਾਰੂ ਹੋਣ ਤੋਂ ਬਚਾਉਂਦਿਆਂ, ਮੈਂ ਇਥੇ ਕੋਈ ਅਕਾਊ ਅੰਕੜੇ ਨਹੀਂ ਦੇਣਾ ਚਾਹੁੰਦਾ।

ਮੇਰੇ ਵਿਚਾਰ ਵਿਚ ਬਲਦੇਵ ਨੇ ਆਬਾਦੀ ਨੂੰ ਸ਼ਬਦ ਦੇ ਸੰਕੁਚਤ ਅਰਥਾਂ ਵਿਚ ਲੈ ਕੇ ਮਨੁਖੀ ਸਿਰਜਨਾਤਮਕਤਾ ਨੂੰ ਲਾਂਭੇ ਕਰ ਦਿੱਤਾ। ਵੈਸੇ ਸਾਰੇ ਲੇਖ ਵਿਚ ਉਸ ਵਲੋਂ ਇਤਿਹਾਸਕ ਵਿਕਾਸ ਦੀ ਦਿਤੀ ਵਿਆਖਿਆ ਮਨੁਖੀ ਸਿਰਜਨਾਤਮਕਤਾ ਕਾਰਨ ਹੋਏ ਵਿਕਾਸ ਦੇ ਸੰਬੰਧ ਵਿਚ ਹੈ।

ਮੇਰਾ ਵਿਚਾਰ ਹੈ ਕਿ ਬਲਦੇਵ ਨਾ ਤਾਂ ਲੇਖ ਦੇ ਸਿਰਲੇਖ 'ਇਤਿਹਾਸਕ ਵਿਕਾਸ' ਨਾਲ ਹੀ ਇਨਸਾਫ ਕਰ ਸਕਿਆ ਹੈ ਅਤੇ ਨਾ ਹੀ ਆਬਾਦੀ ਨੂੰ ਇਤਿਹਾਸਕ ਵਿਕਾਸ ਦੇ ਕਾਰਨ ਵਜੋਂ ਹੀ ਸਿੱਧ ਕਰ ਸਕਿਆ ਹੈ। ਚੰਗਾ ਹੋਵੇਗਾ ਕਿ ਉਹ ਆਬਾਦੀ ਦੇ ਵਾਧੇ ਨੂੰ ਇਤਿਹਾਸਕ ਵਿਕਾਸ ਦਾ ਕਾਰਨ ਸਿੱਧ ਕਰਨ ਲਈ ਹੋਰ ਸੁਚਾਰੂ ਦਲੀਲਾਂ ਦੀ ਖੋਜ ਕਰੇ।

ਸੂਫੀ ਅਮਰਜੀਤ, (ਸਰੀ)

ਮੈਂ ਕੋਈ ਰਾਈਟਰ ਨਹੀਂ ਇਸ ਕਰਕੇ ਚਿੱਠੀ ਬਹੁਤੀ ਵਧੀਆ ਨਹੀਂ ਲਿਖ ਹੋਣੀ। ਪਰ ਤੁਹਾਡੇ ਲਈ ਮੇਰੇ ਦਿਲ ਵਿੱਚ ਇਨੀ ਇਜ਼ਤ ਹੈ ਕਿ ਲਿਖਣੋ ਬਾਹਰ ਹੈ। ਤੁਸੀਂ ਜਿੰਨੀ ਮਿਹਨਤ ਤੇ ਲਗਨ ਨਾਲ ਲੋਕਾਂ ਲਈ ਕੰਮ ਕਰ ਰਹੇ ਹੋ ਇਹ ਬਹੁਤ ਵਧੀਆ ਗੱਲ ਹੈ। ਸਾਨੂੰ ਬੜਾ ਫਖਰ ਤੇ ਮਾਣ ਹੈ ਕਿ ਸਾਡੇ ਵਿੱਚ ਤੁਹਾਡੇ ਵਰਗੇ ਚੰਗੇ ਇਨਸਾਨ ਹਨ। ਵਤਨ ਦੇ ਦੋਨੋਂ ਅੰਕ ਬਹੁਤ ਵਧੀਆ ਹਨ ਤੇ ਪੜ੍ਹਕੇ ਬਹੁਤ ਖੁਸ਼ੀ ਹੋਈ ਹੈ।

ਲੋਕਾਂ ਵਿਚ ਸ਼ਰਾਬ ਤੇ ਪੈਸੇ ਦੀ ਬੀਮਾਰੀ ਬਹੁਤ ਵੱਧ ਚੁੱਕੀ ਹੈ। ਲੋਕਾਂ ਤੇ ਲੇਖਕਾਂ ਨੂੰ ਆਪਣੇ ਫਰਜ ਦੀ ਯਾਦ ਦੁਆਣ ਲਈ "ਤੂਤਕ ਤੂਤਕ ਤੂਤੀਆਂ..." ਵਰਗੀਆਂ ਲਿਖਤਾਂ ਲਿਖਦੇ ਰਹਿਣਾ। ਪਰਚੇ ਲਈ ਚੰਦਾ ਭੇਜ ਰਿਹਾ ਹਾਂ ਤੇ ਥੋੜ੍ਹੀ ਮੱਦਦ ਵੀ ਭੇਜ ਰਿਹਾ ਹਾਂ, ਕਬੂਲ ਕਰਨੀ।

ਗੁਰਦੇਵ ਖਹਿਰਾ, (ਬਰਨਬੀ)

'ਵਤਨ' ਦੇ ਦੋਵੇਂ ਅੰਕ ਮਿਲ ਗਏ ਸਨ। ਵਿਚਾਰ ਸੀ ਕਿ ਚਿੱਠੀ ਲਿਖਾਂਗਾ ਵਧਾਈ ਦੀ ਅਤੇ ਨਾਲ ਕੁਝ ਛਪਣ ਲਈ ਵੀ ਭੇਜਾਂਗਾ। ਘੌਲ ਵਿੱਚ ਕੁਝ ਲਿਖ ਨਹੀਂ ਹੋਇਆ, ਚਿੱਠੀ ਵੀ ਰਹਿ ਗਈ। ਅੰਦਰੋਂ ਅੰਦਰੀ ਕਸੂਰਵਾਰ (Guilty) ਮਹਿਸੂਸ ਕਰਨ ਲੱਗਾ। ਆਖਰ ਸੋਚਿਆ ਕਿ ਚਿੱਠੀ ਜਰੂਰ ਲਿਖਾਂ, ਸੋ ਹਾਜ਼ਰ ਖਿਦਮਤ ਹਾਂ।

ਵੱਡੀ ਹਿੰਮਤ ਕੀਤੀ ਜੇ ਤੁਸਾਂ। ਇਸ ਹਿੰਮਤ ਅਤੇ ਮਿਹਨਤ ਦੇ ਸਦਕੇ 'ਵਤਨ' ਦੇ ਅੰਕ ਲੋਕ reference ਦੇ ਤੌਰ 'ਤੇ ਆਪਣੀਆਂ ਨਿੱਜੀ ਲਾਇਬ੍ਰੇਰੀਆਂ ਵਿੱਚ ਸਾਂਭ ਸਾਂਭ ਕੇ ਰੱਖਣਗੇ। ਮੈਨੂੰ ਪੂਰਾ ਅਹਿਸਾਸ ਹੈ ਕਿ ਪਰਚੇ ਨੂੰ ਜਨਮ ਦੇ ਕੇ ਪਾਲਣ ਪੋਸਣਾ ਕਿੰਨਾ ਔਖਾ ਹੈ ਪਰ ਮੈਂ ਆਸ਼ਾਵਾਦੀ ਹਾਂ ਕਿ 'ਵਤਨ' ਦਿਨੋਂ ਦਿਨ ਖ਼ੂਬਸੂਰਤ ਅਤੇ ਵਧੇਰੇ ਨਰੋਆ ਹੁੰਦਾ ਜਾਵੇਗਾ। ਤੁਸੀਂ ਇਕ ਸਿਹਤਮੰਦ ਅਤੇ ਹੁਸੀਨ ਸਪਨਾ ਦੇਖਿਆ ਹੈ ਅਤੇ ਹੁਣ ਉਹਨੂੰ ਸਾਕਾਰ ਕਰਨ ਵਿੱਚ ਲੱਕ ਬੰਨ੍ਹ ਕੇ ਜੁੱਟ ਗਏ ਹੋ, ਕਾਮਯਾਬੀ ਤੁਹਾਡੇ ਪੈਰ ਚੁੰਮੇਗੀ। ਮੇਰਾ ਪੱਕਾ ਵਿਸ਼ਵਾਸ ਹੈ। ਮੈਂ ਥੋੜ੍ਹੇ ਦਿਨਾਂ ਵਿੱਚ ਕੁੱਝ ਲਿਖ ਕੇ ਭੇਜਾਂਗਾ, ਵਾਅਦਾ ਰਿਹਾ।

ਅਜਮੇਰ ਕਵੈਂਟਰੀ,

ਇਸ ਵਾਰੀ ਦਾ ਅੰਕ ਬਹੁਤ ਵਧੀਆ ਸੀ। ਬਹੁਤ ਪਿਆਰਾ ਲੱਗੈ। ਬਾਹਰੀ ਦਿੱਖ ਵੀ ਬਹੁਤ ਸੋਹਣੀ ਸੀ ਅਤੇ ਮੈਟਰ ਵੀ। ... ਪਰ ਲਗਦੈ ਲੋਕ ਹੌਲੀ ਹੌਲੀ ਹੀ ਪਾਠਕ ਬਣਨਗੇ - ਇਹ ਵੀ ਇਕ ਮੁਸੀਬਤ ਹੀ ਹੈ। ਫਿਰਕੂ ਪਰਚੇ ਤਾਂ ਲੋਕ ਹਰ ਹਫਤੇ ਦੋ ਦੋ ਤਿੰਨ ਤਿੰਨ ਚੁਕ ਲੈਂਦੇ ਨੇ ਪਰ ਸਾਹਿਤਕ ਇਮਾਨਦਾਰ ਅਗਾਂਹਵਧੂ ਪ੍ਰਚੇ ਨੂੰ ਦੇਖ ਕੇ ਰੱਖ ਦਿੰਦੇ ਨੇ - ਆਪਣੇ ਯਤਨ ਜਾਰੀ ਰਹਿਣੇ ਚਾਹੀਦੇ ਨੇ - ਸਫਲ ਤਾਂ ਜਰੂਰ ਹੋਵਾਂਗੇ - ਉਂਝ ਕਨੇਡਾ 'ਚ ਇਮਾਨਦਾਰ ਸਾਹਿਤਕ ਹਲਕਿਆਂ ਤੇ ਸਾਥੀਆਂ ਨੇ ਪਰਚੇ ਦੀ ਆਮਦ ਨੂੰ ਬੜੀ ਬੜੀ ਖੁਸ਼ੀ ਨਾਲ ਲਿਆ ਹੈ ਜੋ ਖੁਸ਼ੀ ਦੀ ਗੱਲ ਹੈ। ਵਾਕਿਆ ਹੀ ਆਪਾਂ ਸਾਰੇ 'ਵਤਨ' ਬਾਝੋਂ ਤਾਂ ਗੁੰਗੇ ਸਾਂ - ਅਤੇ ਖਾਸ ਕਰ India 'ਚ ਬਹੁਤ ਪ੍ਰਚਿਆਂ ਨੇ ਚੰਗਾ ਕਦਮ ਕਿਹਾ ਹੈ।

ਰਾਜ (ਕੈਲਗਰੀ)

... ਪਰਚੇ ਦਾ ਸਥਾਈ ਕਾਲਮ 'ਆਪਣੇ ਲੋਕ' ਪਾਠਕਾਂ ਨੇ ਪਸੰਦ ਕੀਤਾ ਲਗਦੈ। ਘੱਟੋ ਘੱਟ ਇਕ ਬੰਦੇ ਨੇ ਇਸ ਬਾਰੇ ਜਰੂਰ ਸੰਕੇਤ ਦਿੱਤਾ ਸੀ। ਜਾਪਦੈ ਕਿ ਪਾਠਕ ਹਰ ਅੰਕ ਵਿਚ ਘੱਟੋ ਘੱਟ ਇਕ ਕਹਾਣੀ ਦੀ ਆਸ ਜਰੂਰ ਕਰਦੇ ਹਨ। ਭਾਅ ਸੁਖਵੰਤ ਦਾ ਲੇਖ ਵੀ ਕੁਝ ਵਲੋਂ ਸਲਾਹਿਆ ਗਿਆ ਹੈ। ਵੱਖੋ ਵੱਖ ਵਿਸ਼ਿਆਂ ਤੇ ਅਜਿਹਾ ਇਕ ਲੇਖ ਪਰਚੇ ਦਾ ਸਥਾਈ ਅੰਗ ਹੀ ਬਣ ਜਾਣਾ ਚਾਹੀਦੈ। ਕਵਿਤਾ ਭਾਗ ਵੀ ਸਾਰਾ ਹੀ ਚੰਗਾ ਸੀ। ਤੁਸੀਂ ਲੇਖਕ ਭਾਅ ਪਰਚੇ ਦੀ ਸੂਰਤ-ਸੀਰਤ ਨਿਖਾਰਨ ਲਈ ਜੁੱਟੇ ਰਹੋ, ਅਸੀਂ ਆਪਣੀ ਬਣਦੀ ਜਿੰਮੇਵਾਰੀ ਤੋਂ ਹੱਥ ਨਹੀਂ ਖਿੱਚਦੇ।

ਹਰਮਿੰਦਰ, (ਟਰਾਂਟੋ)

*ਵੀਰ ਹਰਮਿੰਦਰ ਤੁਹਾਡੇ ਖੱਤ ਦੀ ਮਗਰਲੀ ਸਤਰ ਨੇ ਸਾਨੂੰ ਬਹੁਤ ਹੌਸਲਾ ਦਿੱਤਾ ਹੈ ਅਤੇ ਅਸੀਂ ਤੁਹਾਡੇ ਵਿਸ਼ਵਾਸ ਨੂੰ ਥੋੜ੍ਹੇ ਕੀਤੇ ਸੱਟ ਨਹੀਂ ਲੱਗਣ ਦਿੰਦੇ। ਪਰ ਪਰਚੇ ਦੀ ਸੂਰਤ-ਸੀਰਤ ਨਿਖਾਰਨ ਵਿਚ ਵੀ ਤੁਹਾਡੇ ਸਹਿਯੋਗ ਬਿਨ੍ਹਾਂ ਅਸੀਂ ਕਾਮਯਾਬ ਨਹੀਂ ਹੋ ਸਕਾਂਗੇ। ਅਸੀਂ ਚਾਹੁੰਦੇ ਹਾਂ ਕਿ ਤੁਹਾਡੇ ਵਰਗੇ ਸੁਹਿਰਦ ਦੋਸਤ ਸਾਨੂੰ ਕਿਸੇ ਚੰਗੀ ਗੱਲ ਲਈ ਸ਼ਾਬਾਸ਼ੇ ਵੀ ਦੇਣ ਤੇ ਨਾਲ ਹੀ ਸਾਡੀਆਂ ਗਲਤੀਆਂ ਦਾ ਸਾਨੂੰ ਅਹਿਸਾਸ ਵੀ ਕਰਾਉਂਦੇ ਰਹਿਣ। -ਸੰਪਦਕ।

ਪਿਛਲੇ ਤਿਨਮਾਹੇ 1989 ਦਾ 'ਵਤਨ' ਦਾ ਅੰਕ ਅਨਾਇਤ ਕੀਤਾ ਹੈ ਧੰਨਵਾਦੀ ਹਾਂ। ਪੰਜਾਬ ਤੋਂ ਦੂਰ ਪੰਜਾਬੀ ਬੋਲੀ ਵਿਚ ਕੋਈ ਕਿਤਾਬ ਜਾਂ ਪਰਚਾ ਜਦ ਨਸੀਬ ਹੁੰਦਾ ਹੈ ਤਾਂ ਇੰਝ ਲਗਦਾ ਹੈ ਕਿ ਕਿਸੇ ਕੰਜੂਸ ਨੂੰ ਉਸ ਦੀ ਚਿਰਾਂ ਦੀ ਗੁਆਚੀ ਹੋਈ ਦੌਲਤ ਦਾ ਖਜਾਨਾ ਮਿਲ ਗਿਆ ਹੋਵੇ ਅਤੇ ਉਹ ਦੇਖ ਦੇਖ ਹੀ ਨਾ ਰਜਦਾ ਹੋਵੇ। ਪਰਚਾ ਮਿਲਣ ਤੇ ਕਈ ਦਫਾ ਪੜ੍ਹਿਆ, ਬੜੇ ਹੀ ਵਧੀਆ ਲੇਖ, ਗਜ਼ਲਾਂ ਅਤੇ ਕਵਿਤਾਵਾਂ ਹਨ ਪਰ ਕੁਝ ਇਕ ਨੂੰ ਛੱਡ ਕੇ ਬਾਕੀ ਦੀਆਂ ਮੇਰੇ ਵਰਗੀ ਸਧਾਰਨ ਸੋਚ ਸ਼ਕਤੀ ਰੱਖਣ ਵਾਲੇ ਦੀ ਪੱਧਰ ਤੋਂ ਉਚੀਆਂ ਹਨ। ਇਸ ਤਰ੍ਹਾਂ ਡੂੰਘੀ ਫਿਲਾਸਫੀ ਦੇ ਲੇਖ ਤੇ ਕਵਿਤਾਵਾਂ ਇਸਨੂੰ ਪਰਚਾ ਖਾਸ ਬਣਾ ਦੇਣਗੀਆਂ ਅਤੇ ਆਮ ਪਾਠਕ ਦੀ ਰੁਚੀ ਇਸ ਵਲ ਨਹੀਂ ਹੋਵੇਗੀ। ਰੁੱਖੇ ਲਿਟਰੇਚਰ ਨੂੰ ਘੱਟ ਲੋਗ ਪੜ੍ਹਿਆ ਕਰਦੇ ਹਨ। ਜਿਸ ਤਰ੍ਹਾਂ ਖੰਡ ਨਾਲ ਕੋਟ ਕੀਤੀ ਹੋਈ ਕੁਨੈਣ ਖਾ ਲਈਦੀ ਹੈ, ਪਰ ਜੇ ਕਿਤੇ ਕੁਨੈਣ ਨਾਲ ਕੋਟ ਕੀਤੀ ਹੋਈ ਮਿੱਠੀ ਖੰਡ ਵੀ ਖਾਣੀ ਪੈ ਜਾਏ ਤਾਂ ਗੋਲੀ ਮੂੰਹ ਵਿਚ ਪਾਉਣ ਤੋਂ ਪਹਿਲਾਂ ਹੀ ਤਾਪ ਚੜ੍ਹ ਜਾਂਦਾ ਹੈ। ਤੁਹਾਡਾ ਪੰਜਾਬੀ ਮਾਂ ਬੋਲੀ ਲਈ ਇਹ ਪਿਆਰ ਸ਼ਲਾਗਾਯੋਗ ਹੈ। ਦਰਸ਼ਨ ਗਿੱਲ, ਜਸਪਾਲ ਸੂਸ ਦੀਆਂ ਗਜ਼ਲਾਂ ਬਹੁਤ ਸੁੰਦਰ ਹਨ। ਗਿੱਲ ਦੀ ਗਜ਼ਲ 'ਵਿਚ ਵਿਚਕਾਰ ਜਮਾਤਾਂ ਦੇ ਕਿੰਨੇ ਖੇਖਨਹਾਰੇ ਲੋਕ' ਦੀ ਉਪਰੋਕਤ ਲਾਈਨ ਕੁਝ ਵਜਾਹਤ ਮੰਗਦੀ ਹੈ। ਸੁਖਵਿੰਦਰ ਕੰਬੋਜ਼ ਦੀ ਕਲਮ ਦੀ ਰਫਤਾਰ ਬੜੀ ਤੇਜ ਹੈ (ਰੱਬ ਹੀ ਜਾਣੇ ਕਿਸ ਕਿਸ ਦੇ ਇਹ ਚੋਭ ਲਗੇਗੀ ਉਂਝ ਉਸਦਾ ਅੰਦਾਜ਼ੇ ਬਿਆਂ ਅੱਛਾ ਹੈ)। ਤੂਤਕ ਤੂਤਕ ਤੂਤੀਆਂ ਪੜ੍ਹਕੇ ਤਾਂ ਭੰਗੜਾ ਪਾਉਣ ਨੂੰ ਚਿੱਤ ਕਰ ਆਇਆ, ਹੈਡਿੰਗ ਬੜਾ ਚਟਪਟਾ ਹੈ ਲੇਖ ਬੜਾ ਸੰਜੀਦਾ। ਪਤਾ ਨਹੀਂ ਲਗਦਾ ਹੈਡਿੰਗ ਦੀ

ਦੀ ਸਿਫਤ ਕਰਾਂ ਜਾਂ ਲੇਖ ਦੀ। ਇਕ ਜਰੂਰ ਕਹਾਂਗਾ ਕਿ ਲੇਖਕ ਨੇ ਤੂਤਕ ਤੂਤਕ ਤੂਤੀਆਂ ਦਾ ਅਸਰ ਜਰੂਰ ਕਬੂਲਿਆ ਹੈ। ਆਪੇ ਹੀ ਵੀਰੋ ਕਰ ਲਿਓ ਪੜਚੋਲ ਸਾਰੇ ਅੰਕ ਦੀ। ਮੈਂ ਜੇ ਕੁਝ ਲਿਖ ਦਿੱਤਾ ਤਾਂ ਸ਼ਕਾਇਤ ਹੀ ਨਾ ਬਣ ਜਾਵੇ ਕਿਤੇ।

ਮੁਹਿੰਦਰ ਸਿੰਘ ਘੱਗ, (ਕੈਲੇਫੋਰਨੀਆਂ)

* ਦੋਸਤ ਮਹਿੰਦਰ ਸਿੰਘ ਘੱਗ ਜੀ ਵਤਨ ਬਾਰੇ ਸੁਹਿਰਦ ਵਿਚਾਰ ਸਾਂਝੇ ਕਰਨ ਲਈ ਸ਼ੁਕਰੀਆ। ਪਾਠਕ ਦੇ ਹੱਥ ਵਿਚ ਆਈ ਕੋਈ ਵੀ ਲਿਖਤ, ਪਰਚਾ ਜਾਂ ਕਿਤਾਬ ਬਾਰੇ ਉਸਨੂੰ ਆਪਣੇ ਵਿਚਾਰ (ਸਹਿਮਤੀ, ਅਸਹਿਮਤੀ, ਪੜਚੋਲ, ਸ਼ਕਾਇਤ ਆਦਿ) ਪੇਸ਼ ਕਰਨ ਦਾ ਪੂਰਾ ਪੂਰਾ ਹੱਕ ਹੁੰਦਾ ਹੈ - ਇਕੱਲਾ ਹੱਕ ਹੀ ਨਹੀਂ ਇਕ ਸੂਝਵਾਨ ਪਾਠਕ ਦਾ ਫਰਜ ਵੀ ਹੁੰਦਾ ਹੈ। ਤੁਸੀਂ ਇਹ ਹੱਕ ਵਰਤਿਆ ਵੀ ਹੈ ਪਰ ਫੇਰ ਵੀ ਤੁਹਾਡੀ ਆਖਰੀ ਸਤਰ ਤੋਂ ਲਗਦਾ ਹੈ ਕਿ ਤੁਹਾਡੇ ਮਨ ਵਿਚ ਕੋਈ ਗੱਲ ਰਹਿ ਗਈ ਹੈ। ਸਾਡੀ ਬੇਨਤੀ ਹੈ ਕਿ ਜੋ ਵੀ ਤੁਹਾਡੇ ਮਨ ਵਿਚ ਹੋਵੇ ਉਹ ਜਰੂਰ ਕਹੋ ਭਾਵੇਂ ਸ਼ਕਾਇਤ ਹੀ ਹੋਵੇ - ਉਹ ਵੀ ਤਾਂ ਤੁਹਾਡਾ ਹੱਕ ਹੈ।

ਅਸੀਂ ਇਹ ਬੁਰੀ ਤਰ੍ਹਾਂ ਚਾਹੁੰਦੇ ਹਾਂ ਕਿ ਪਰਚਾ ਆਮ ਪਾਠਕਾਂ ਲਈ ਹੋਵੇ ਨਾ ਕਿ 'ਖਾਸ' ਪਾਠਕਾਂ ਲਈ। ਪਰ ਅਸੀਂ ਇਹ ਵੀ ਨਹੀਂ ਚਾਹੁੰਦੇ ਕਿ ਆਮ ਪਾਠਕਾਂ ਦੇ ਵਿਗੜ ਚੁੱਕੇ ਸੁਆਦ ਨੂੰ ਅਧਾਰ ਬਣਾ ਕੇ ਅਸੀਂ ਪਰਚਾ ਉਹਨਾਂ ਦੇ ਮੇਚ ਦਾ ਕੱਢੀਏ। ਅਸੀਂ ਚਾਹੁੰਦੇ ਹਾਂ ਕਿ ਆਮ ਪਾਠਕ ਦੀ ਸੂਝ ਤੇ ਸੁਆਦ ਉਚੇ ਉਠਣ - ਅਸੀਂ ਸਾਰੇ ਪੰਜਾਬੀ ਉੱਚੇ ਉਠੀਏ। ਇਥੇ ਅਸੀਂ ਵੀ ਇਕ ਸ਼ਿਕਾਇਤ ਲਾਉਣੀ ਚਾਹੁੰਦੇ ਹਾਂ। ਅਸੀਂ ਪੰਜਾਬੀ ਇਸ ਗੱਲ ਦਾ ਮਾਣ ਕਰਦੇ ਹਾਂ ਕਿ ਅਸੀਂ ਦੁਨੀਆਂ ਦੇ ਸੱਭ ਤੋਂ ਮਿਹਨਤਕਸ਼ ਲੋਕਾਂ ਵਿਚੋਂ ਹਾਂ। ਕੋਈ ਵੀ ਇਹੋ ਜਿਹਾ ਔਖਾ ਕੰਮ ਨਹੀਂ ਜਿਸਨੂੰ ਹੱਥ ਪਾ ਲਈਏ ਔਰ ਕਰ ਨਾ ਸਕੀਏ। ਪੰਜਾਬ ਵਿਚ ਹੀ ਨਹੀਂ ਦੁਨੀਆਂ ਦੇ ਕਿੰਨੇ ਹੀ ਥਾਂਵਾਂ ਤੇ ਜਾ ਕੇ ਅਸੀਂ ਬੰਜਰ ਜ਼ਮੀਨਾਂ ਪੁੱਟ ਪੁੱਟ ਕੇ ਆਬਾਦ ਕੀਤੀਆਂ ਹਨ। ਅਸੀਂ ਜਿਥੇ ਵੀ ਜਾਂਦੇ ਹਾਂ ਹਰ ਤਰ੍ਹਾਂ ਆਪਣੇ 'ਝੰਡੇ ਗੱਡ ਦਿੰਦੇ' ਹਾਂ। ਜੇ ਇਹ ਸੱਚ ਹੈ ਤਾਂ ਫਿਰ ਲਿਖਣ/ਪੜ੍ਹਣ/ਸਮਝਣ ਦੇ ਮਾਮਲੇ ਵਿਚ ਅਸੀਂ ਇਹ ਪਹੁੰਚ ਕਿਉਂ ਅਪਣਾਈ ਬੈਠੇ ਹਾਂ (ਉਹ ਵੀ ਮਾਣ ਨਾਲ ) ਕਿ ਜਿਹੜੀ ਜਾਮਣ ਸਿੱਧੀ ਮੂੰਹ 'ਚ ਡਿਗੂ ਉਹੀ ਖਾਵਾਂਗੇ। ਕੀ ਸਾਨੂੰ ਦਰੱਖਤ ਤੇ ਚੜ ਕੇ ਜਾਮਣਾਂ ਨਾਲ ਆਪਣਾ ਢਿੱਡ ਨਹੀਂ ਭਰ ਲੈਣਾ ਚਾਹੀਦਾ? - ਸੰਪਾਦਕ।

'ਵਤਨ' ਦੇ ਪਹਿਲੇ ਦੋ ਅੰਕ ਪ੍ਰਾਪਤ ਹੋਏ ਹਨ। ਕੈਨੇਡਾ ਵਿਚ ਇਕ ਗੰਭੀਰ ਤ੍ਰੈਮਾਸਕ ਪੱਤ੍ਰਿਕਾ ਦੀ ਲੋੜ ਸੀ। ਉਮੀਦ ਹੈ ਕਿ ਤੁਸੀਂ ਇਸ ਲੋੜ ਨੂੰ ਪੂਰੀ ਕਰ ਸਕੋਗੇ। ਪੰਜਾਬੀ ਸਮਾਜ ਦਰ ਪੇਸ਼ ਆ ਰਹੀਆਂ ਸੰਕਟ-ਮਈ-ਸਥਿਤੀਆਂ ਵਿਚ ਅੱਜ ਲੋੜ ਹੈ ਕਿ ਪੰਜਾਬੀ ਲੇਖਕਾਂ ਨੂੰ ਆਪਸ ਵਿਚ 'ਸੰਵਾਦ' ਪੈਦਾ ਕਰਨ ਦੇ ਵੱਧ ਤੋਂ ਵੱਧ ਮੌਕੇ ਦਿੱਤੇ ਜਾਣ। ਅਜਿਹੇ ਕਾਰਜ ਲਈ ਜਰੂਰੀ ਹੈ ਕਿ ਸੱਤੇ ਧਿਰਾਂ ਨਿੱਜੀ ਈਰਖਾਵਾਂ, ਵੈਰ ਵਿਰੋਧ ਅਤੇ ਧੜੇ-ਬੰਦੀਆਂ ਤੋਂ ਉੱਪਰ ਉੱਠਣ। ਤੁਹਾਡੇ ਸੰਪਾਦਕੀ ਮੰਡਲ ਅਤੇ ਹੋਰਨਾ ਸਹਿਯੋਗੀਆਂ ਤੋਂ ਸਾਨੂੰ ਵੱਡੀਆਂ ਉਮੀਦਾਂ ਹਨ। ਲਿਖਤਾਂ ਦੀ ਪੇਸ਼ਕਾਰੀ ਵੇਲੇ ਜੇਕਰ ਕਲਾਤਮਕ ਪੱਖ ਵੱਲ ਕੁਝ ਹੋਰ ਧਿਆਨ ਦੇ ਸਕੋ ਤਾਂ?

ਸੁਖਿੰਦਰ, (ਟਰਾਂਟੋ)

* ਸੁਖਿੰਦਰ ਜੀ ਗੰਭੀਰ ਪਰਚੇ ਦੀ ਲੋੜ ਨੂੰ ਪੂਰਾ ਕਰ ਸਕਣ ਲਈ ਸਾਡੇ ਤੇ ਕੀਤੇ ਵਿਸ਼ਵਾਸ ਲਈ ਸ਼ੁਕਰੀਆ। ਪਰ ਲੋੜ ਤਾਂ ਦਰਅਸਲ ਰੋਜ਼ਾਨਾ, ਹਫਤਾਵਾਰ, ਮਾਸਕ ਅਖਬਾਰਾਂ, ਮੈਗਜ਼ੀਨਾਂ ਦੀ ਹੈ, ਪਰ ਕੀਤਾ ਕੀ ਜਾਵੇ? - ਸੰਪਾਦਕ।

'ਵਤਨ' ਦਾ ਦੂਜਾ ਅੰਕ ਮਿਲਿਆ। ਪਹਿਲੇ ਅੰਕ ਤੋਂ ਜੋ ਆਸਾਂ ਬੱਝਦੀਆਂ ਸਨ, ਉਹਨਾਂ 'ਤੇ ਪੂਰਾ ਉੱਤਰਦਾ ਹੈ। ਜਿਹੜੀਆਂ ਤਿੰਨ ਗੱਲਾਂ ਨੇ ਸੱਭ ਤੋਂ ਬਹੁਤਾ ਧਿਆਨ ਖਿੱਚਿਆ ਹੈ, ਉਹ ਹਨ ਤੁਹਾਡੀ ਸੰਜੀਦਗੀ, ਟੀਮ-ਵਰਕ, ਅਤੇ ਮੌਲਿਕਤਾ! ਮੈਂ ਇਨ੍ਹਾਂ ਤਿੰਨਾਂ ਗੱਲਾਂ ਬਾਰੇ ਸੰਖੇਪ ਵਿਚਾਰ ਸਾਂਝੇ ਕਰਨੇ ਚਾਹੁੰਦਾ ਹਾਂ।

ਸੰਜੀਦਗੀ: ਸੰਪਾਦਕੀ ਦੇ ਪੰਜ ਨੁਕਤਿਆਂ ਵਿੱਚੋਂ ਪਹਿਲਾ ਮੌਲਿਕਤਾ ਨਾਲ ਸੰਬੰਧਤ ਹੈ; ਦੂਜਾ, ਤੀਜਾ ਅਤੇ ਪੰਜਵਾਂ ਕਾਮਾਗਾਟਾ ਮਾਰੂ ਨਾਲ ਸੰਬੰਧਤ ਮਹੱਤਵਪੂਰਨ ਵਿਸ਼ਿਆਂ ਨਾਲ ਅਤੇ ਇਕ ਨੁਕਤਾ ਖਾਲਸਤਾਨੀਆਂ ਵਲੋਂ ਗਦਰ ਲਹਿਰ ਦੇ ਇਤਿਹਾਸ ਨੂੰ ਤਰੋੜਨ ਮਰੋੜਨ ਦੀ ਨਾਕਾਮ ਕੋਸ਼ਿਸ਼ ਨਾਲ ਸੰਬੰਧਤ ਹੈ - ਸੰਜੀਦਗੀ ਦੀ ਪੁੱਠ ਹਰ ਜਗਾਹ ਕਾਇਮ ਹੈ। ਪਾਸ਼, ਡਾਕਟਰ ਰਵਿੰਦਰ ਰਵੀ, ਨਾਟਕਕਾਰ ਸਫਦਰ ਹਾਸ਼ਮੀ ਅਤੇ ਜੈਮਲ ਪੱਡਾ ਨੂੰ ਸ਼ਰਧਾਂਜਲੀਆਂ ਭੇਟ ਕਰਦੇ ਸਮੇਂ ਤੁਸੀਂ ਇਨ੍ਹਾਂ ਦੇ ਕਾਤਲਾਂ ਲਈ ਜ਼ਿੰਮੇਵਾਰ ਫਿਰਕੂ ਅਤੇ ਹਕੂਮਤੀ ਦਹਿਸ਼ਤਗਰਦੀ ਵੱਲ ਸਪੱਸ਼ਟ ਉਂਗਲ ਕੀਤੀ ਹੈ, ਕਿਸੇ ਮਨਘੜਤ 'ਦੁਸ਼ਮਣ' ਜਾਂ 'ਦੋਸਤ' ਦੇ 'ਅੰਦਰੋਂ' ਕੀੜੇ ਲੱਭਣ ਦਾ ਕੁਕਰਮ ਨਹੀਂ ਕੀਤਾ। "ਇਹ ਕਤਲ ਅਸਲ ਵਿੱਚ ਹਨੇਰੇ ਨੂੰ ਚਾਨਣ ਤੋਂ ਲਗਦੇ ਡਰ ਦਾ ਹੀ ਨਤੀਜਾ ਹਨ" - ਤੁਹਾਡੀਆਂ ਅਜਿਹੀਆਂ ਟਿਪਣੀਆਂ ਨੂੰ ਕੋਈ ਭੁਲੇਖਾ ਨਹੀਂ ਕਿ 'ਸ਼ਹੀਦ' ਕੌਣ ਹੈ / 'ਕਤਲ' ਕਿਸਦਾ ਹੋਇਆ ਹੈ / ਅਤੇ 'ਜੁਰਮ' ਕਿਸ ਨੇ ਕੀਤਾ ਜਾਂ ਕਰਵਾਇਆ ਹੈ! 'ਤੂਤਕ ਤੂਤਕ ਤੂਤੀਆਂ ... ... ' ਸਿਰਲੇਖ ਪੜ੍ਹਕੇ ਪੈਦਾ ਹੋਣ ਵਾਲਾ ਪਹਿਲਾ ਹਲਕਾ ਪ੍ਰਭਾਵ ਵੀ ਓਸ ਲਿਖਤ ਦੇ ਅੰਤ ਵਿੱਚ ਜਦੋਂ "ਪੰਜਾਬੀ ਦੀ ਖ਼ੈਰ ਮੰਗਦਾ ਹੈ" ਤਾਂ ਤੁਹਾਡੀ ਉਪਰੋਕਤ ਸੰਜਦਗੀ ਦਾ ਹੀ ਪਰਤੌ ਹੋ ਨਿਬੜਦਾ ਹੈ।

ਟੀਮ-ਵਰਕ: ਪਰਚੇ ਦੇ ਤਿੰਨ ਪ੍ਰਬੰਧਕਾਂ (ਸਾਧੂ, ਸੁਖਵੰਤ ਅਤੇ ਹਰਜਿੰਦਰ) ਦੀਆਂ ਮੌਲਿਕ ਰਚਨਾਵਾਂ ਅਤੇ ਚੌਥੇ (ਗੁਰਮੇਲ ) ਦਾ ਸਰਵਰਕ ਡੀਜ਼ਾਈਨ ਦੇਖਕੇ ਜਿਥੇ ਪਰਚੇ ਦੇ ਚੇਤਨ ਅਤੇ ਮਿਹਨਤੀ ਹੱਥਾਂ ਵਿੱਚ ਹੋਣ ਬਾਰੇ ਕੋਈ ਸ਼ੱਕ ਨਹੀਂ ਰਹਿੰਦਾ, ਉਥੇ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਕੈਨੇਡਾ ਦੀਆਂ ਮੌਜੂਦਾ ਸਥਿਤੀਆਂ ਦੌਰਾਨ ਸੰਜੀਦਾ ਸਾਹਿੱਤਕ ਪੱਤਰਕਾਰੀ ਵਿੱਚ ਅਜਿਹਾ ਟੀਮ-ਵਰਕ ਕਿੰਨਾ ਅਹਿਮ ਹੈ। ਅਜਿਹਾ ਟੀਮ-ਵਰਕ ਪਰਚੇ ਵਿੱਚ ਕਲਾਤਮਕ ਵਿਸ਼ਾਲਤਾ ਵੀ ਲਿਆਉਂਦਾ ਹੈ ਅਤੇ ਬੰਦ ਕਮਰੇ ਵਿੱਚ ਬੈਠਕੇ ਫ਼ਰਜ਼ੀ ਸਮੱਸਿਆਵਾਂ ਬਾਰੇ ਫ਼ਰਜ਼ੀ ਮਗਜ਼ਪੱਚੀ ਕਰਨ ਵਾਲੇ ਘਾਤਕ ਰਵੱਈਏ ਤੋਂ ਵੀ ਪਾਸੇ ਰੱਖਦਾ ਹੈ। 'ਤੂਤਕ ਤੂਤਕ ਤੂਤੀਆਂ ... ... ', 'ਪੰਜਾਬੀ ਦੇ ਕੁਝ ਧਿਆਨ ਦੇਣ ਯੋਗ ਪਰਚੇ' ਅਤੇ 'ਸਰਗਰਮੀਆਂ' ਵਰਗੀਆਂ ਲਿਖਤਾਂ ਉਪਰ ਜੇ ਪੇਸ਼ਕਾਰ ਦਾ ਨਾਮ ਨਹੀਂ ਤਾਂ ਇਨ੍ਹਾਂ ਲਿਖਤਾਂ ਉੱਤੇ ਹੋਈ ਮਿਹਨਤ ਦਾ ਸਿਹਰਾ ਵੀ ਤੁਹਾਡੀ ਸਮੁੱਚੀ ਟੀਮ ਦੇ ਸਿਰ ਹੀ ਹੈ - ਉਪਰੋਕਤ 'ਚਾਰਾਂ' ਤੋਂ ਬਿਨ੍ਹਾਂ ਬਾਕੀ ਦੇ ਪਰਬੰਧਕ ਜ਼ਾਹਰਾ ਤੌਰ ਤੇ ਗ਼ੈਰ-ਹਾਜ਼ਰ ਹੁੰਦਿਆਂ ਹੋਇਆ ਵੀ ਹਾਜ਼ਰ ਮਹਿਸੂਸ ਹੁੰਦੇ ਹਨ।

ਮੌਲਿਕਤਾ: ਪਰਚੇ ਵਿੱਚ ਪੇਸ਼ ਹੋਣ ਵਾਲਾ ੭੦ ਪ੍ਰਤੀਸ਼ਤ ਤੋਂ ਵੱਧ ਮੈਟਰ ਮੌਲਿਕ ਹੈ। ਸਥਾਈ ਕਾਲਮਾਂ 'ਆਪਣੇ ਲੋਕ' ਅਤੇ 'ਪੁਸਤਕ ਪਰਿਚੈ' ਦੇ ਲੇਖਕਾਂ ਵਿੱਚ ਪ੍ਰਬੰਧਕੀ ਬੋਰਡ ਤੋਂ ਬਾਹਰਲੇ ਨਾਮ ਵੀ ਸ਼ਾਮਲ ਹਨ। ਪਹਿਲੇ ਦੋ ਅੰਕਾਂ ਵਿੱਚ ਕੈਨੇਡਾ ਦੇ ਲੱਗਭੱਗ ਸਾਰੇ ਸੰਜੀਦਾ ਲੇਖਕ ਕਿਸੇ ਨਾ ਕਿਸੇ ਰੂਪ ਵਿੱਚ ਹਾਜ਼ਰ ਹਨ। ਕੈਨੇਡਾ ਦੇ ਬਹੁਤੇ ਨਾਮਵਰ ਲੇਖਕਾਂ ਦੀ ਮੌਲਿਕ ਰਚਨਾਵਾਂ ਰਾਹੀਂ ਇਹ 'ਦੂਹਰੀ' ਹਾਜ਼ਰੀ (ਬਨਾਮ:ਨਵਤੇਜ ਭਾਰਤੀ) ਅਤੇ ਦੁਨੀਆਂ ਭਰ ਵਿੱਚੋਂ ਪਹਿਲੇ ਅੰਕ ਲਈ ਸੰਜੀਦਾ ਖ਼ਤਾਂ ਦੀ ਭਰਮਾਰ ਅਸਲ ਵਿੱਚ ਤੁਹਾਡੀ ਸੰਜੀਦਗੀ ਦਾ ਹੀ ਜਿਊਂਦਾ ਜਾਗਦਾ ਸਬੂਤ ਹੈ - ਤੁਹਾਡਾ ਮੌਲਿਕਤਾ ਦੀ ਲੋੜ ਦਾ ਹੋਕਾ ਕੇਵਲ ਸੰਪਾਦਕੀ ਟਿੱਪਣੀਆਂ ਦੀ ਅਸਫਲ ਹਾਲ ਦੁਹਾਈ ਤੱਕ ਹੀ ਸੀਮਤ ਨਹੀਂ ਰਿਹਾ, ਜਦੋਂ ਕਿ ਕਈ ਗ਼ੈਰ-ਸੰਜੀਦਾ ਪਰਚਿਆਂ ਨੂੰ ਮਹੀਨਿਆਂ ਬੱਧੀ ਅਜਿਹੀ ਲੋੜ ਬਾਰੇ 'ਕਿੱਲਣ' ਤੋਂ ਬਾਅਦ ਵੀ ਕੋਈ ਮੌਲਿਕ ਹੁੰਗਾਰਾ ਨਸੀਬ ਨਹੀਂ ਹੁੰਦਾ।

ਲੇਅ-ਆਊਟ ਅਤੇ ਸ਼ਬਦ-ਜੋੜਾਂ ਵੱਲ ਹੋਰ ਧਿਆਨ ਦੀ ਲੋੜ ਦਾ ਆਪਣਾ ਪੁਰਾਣਾ ਸ਼ਿਕਵਾ ਸ਼ਾਇਦ ਕਈ ਵਾਰ ਦੁਹਰਾਉਣਾ ਪਵੇਗਾ! "ਪੁਸਤਕ ਪਰਿਚੈ" ਵਾਲੇ ਕਾਲਮ ਨੂੰ 'ਸਿਰਜਣਾ' ਦੇ ਅਜਿਹੇ ਹੀ ਕਾਲਮ ਵਰਗਾ ਅਰਥ ਭਰਪੂਰ ਬਣਾਉਣ/ਬਣਵਾਉਣ ਲਈ ਤੁਹਾਨੂੰ ਵਿਸ਼ੇਸ਼ ਯਤਨ ਕਰਨਾ ਚਾਹੀਦਾ ਹੈ।

ਸੁਰਿੰਦਰ ਧੰਜਲ, (ਕੈਮਲੂਪਸ)

ਵਤਨ ਦਾ ਦੂਜਾ ਅੰਕ ਮਿਲਿਆ। ਆਪਣਾ ਸੰਖੇਪ ਪ੍ਰਤੀਕਰਮ ਭੇਜ ਰਿਹਾ ਹਾਂ:

1. "ਤੁਤਕ ਤੁਤਕ ਤੂਤੀਆਂ" ਸੱਭ ਤੋਂ ਵਧੀਆ ਰਚਨਾ ਲੱਗੀ। ਪੰਜਾਬੀ ਸਾਹਿਤ ਵੱਲ ਪਿੱਠ ਕਰੀ ਬੈਠੇ ਪੰਜਾਬੀਆਂ ਦੇ ਇਦਾਂ ਦੀਆਂ ਚੂੰਢੀਆਂ ਵੱਢਣ ਦੀ ਬੜੀ ਜਰੂਰਤ ਹੈ।

੨. ਸੁਰਿੰਦਰ ਧੰਜਲ ਕੈਨੇਡਾ ਦੇ ਉਨ੍ਹਾਂ ਪੰਜਾਬੀਆਂ ਵਿੱਚੋਂ ਇਕ ਹੈ ਜਿਨ੍ਹਾਂ ਨੂੰ ਮੈਂ ਸੱਚੀ ਮੁੱਚੀ ਦੇ ਕਵੀ ਮੰਨਦਾਂ। ਪਰ ਉਹਦੀ ਕਵਿਤਾ 'ਖੂਬਸੂਰਤ ਜਿੰਦਗੀ' ਦੇ ਰੂਪਕ ਤੇ ਕਲਾ ਪੱਖ 'ਚ ਉਹ ਗੱਲ ਨਹੀਂ ਬਣੀ ਜਿਸਦੀ ਉਸਤੋਂ ਆਸ ਹੈ।

੩. ਪਾਸ਼ ਬਾਰੇ ਇਕ ਕਵਿਤਾ ਮੇਰੇ ਦਿਮਾਗ ਵਿੱਚ ਕਿੰਨੇ ਚਿਰ ਤੋਂ ਰਿੱਝ ਰਹੀ ਸੀ। ਉਹ ਲੋੜ ਸਾਧੂ ਨੇ ਪੂਰੀ ਕਰ ਦਿੱਤੀ। ਉਹਦਾ ਧੰਨਵਾਦ। ਹੁਣ ਮੇਰਾ ਦੀਮਾਗ ਸ਼ਾਂਤ ਹੋ ਗਿਆ ਹੈ।

ਜਦੋਂ ਕੁਝ ਐਸਾ ਲਿਖਿਆ ਜਿਹੜਾ ਮੈਨੂੰ ਲੱਗਿਆ ਪਈ ਛਪਣ ਯੋਗ ਆ ਤਾਂ ਜ਼ਰੂਰ ਭੇਜਾਂਗਾ। ਜਿੱਦਾਂ ਅੰਗਰੇਜੀ ਵਿਚ ਕਹਿੰਦੇ ਹੁੰਦੇ ਆ ਪਈ - ਕੀਪ ਅੱਪ ਦਾ ਗੁੱਡ ਵਰਕ।

ਸੁਖਪਾਲ, (ਜਨੇਵਾ)

ਵਤਨ ਦਾ ਪਹਿਲਾ ਅੰਕ ਮਿਲਿਆ। ਉੱਦਮ ਬੜਾ ਸਲਾਹੁਣਯੋਗ ਹੈ, ਜੋਖੋਂ ਭਰਿਆ ਵੀ, ਤਾਂ ਵੀ ਮਾਨਸਿਕ ਤਸੱਲੀ ਵੀ ਤਾਂ ਮਿਲਦੀ ਹੈ।

ਸੁਖਦੇਵ, (ਇੰਗਲੈਂਡ)

'ਵਤਨ' ਦਾ ਕਾਮਾਗਾਟਾ ਮਾਰੂ ਵਿਸ਼ੇਸ਼ ਅੰਕ ਮਿਲਿਆ, ਸ਼ੁਕਰੀਆ। ਜ਼ਾਹਿਰ ਹੈ ਤੁਸੀਂ ਇਹ ਅੰਕ ਬੜੀ ਖੋਜ ਤੇ ਮਿਹਨਤ ਨਾਲ ਕੱਢਿਆ ਹੈ। ਪਰਚਾ ਵੇਖ ਕੇ ਇਹ ਵਿਸ਼ਵਾਸ ਬੱਝਦਾ ਹੈ ਕਿ ਅਗਲੇ ਅੰਕ ਵੀ ਜਿੰਦ-ਜਾਨ ਵਾਲੇ ਹੋਣਗੇ।

ਸ਼ਸ਼ੀ ਸਮੁੰਦਰਾ, (ਅਮਰੀਕਾ)

ਵਤਨ ਦਾ ਪਹਿਲਾ ਅੰਕ ਘੱਲਣ ਲਈ ਸ਼ੁਕਰੀਆ। ਉਦਾਂ ਪਹਿਲਾਂ ਇਹ ਮੈਂ ਦਰਪਣ ਵਾਲਿਆਂ ਤੋਂ ਮੰਗ ਕੇ ਪੜ੍ਹ ਚੁੱਕਾ ਹਾਂ। ਤੁਹਾਡਾ ਇਹ ਉੱਦਮ ਸਲਾਹੁਣਯੋਗ ਹੈ। ਕੰਪੀਊਟਰ ਤੇ ਛਪੇ ਪੰਜਾਬੀ ਅੱਖਰ ਵਖਰੇ ਤੇ ਸੋਹਣੇ ਲਗਦੇ ਹਨ।

ਵਤਨੋਂ ਦੂਰ ਤੋਂ ਵਤਨ ਨਾਂ ਰਖਣ ਦੀ ਤੁਹਾਡੀ ਦਲੀਲ ਜਚੀ ਨਹੀਂ ਕਿ 'ਵਤਨੋਂ ਦੂਰ ਰਹਿਣਾ ਕੋਈ ਸਿਹਤਮੰਦ ਤੇ ਸਿਆਣੀ ਗੱਲ ਨਹੀਂ'। ਨਿਰਾ ਨਾਂ ਰੱਖ ਕੇ ਵਤਨ ਨੇੜੇ ਤਾਂ ਨਹੀਂ ਹੋਇਆ ਜਾਂਦਾ। ਨਾਲੇ ਤੁਸੀਂ ਤਾਂ ਮਲੂਕੇ ਨਾਵਲ ਦਾ ਪੰਜਾਬੀ ਉਲਥਾ ਕੀਤਾ ਹੈ। ਕੀ ਤੁਸੀਂ ਇਸ ਨਾਵਲ ਦੀ ਮੁਢਲੀ ਤੰਦ ਨਹੀਂ ਫੜੀ? ਸਾਰੇ ਨਾਵਲ 'ਚ ਫ਼ਰੇਜ਼ਰ ਲਹੂ ਵਾਂਗ ਗਰਦਸ਼ ਕਰਦਾ ਹੈ, ਜੋ ਇਸ ਗੱਲ ਦਾ ਚਿੰਨ ਹੈ ਕਿ ਦਰਿਆ ਮੁੜ ਕੇ ਪਹਾੜਾਂ ਨੂੰ ਨਹੀਂ ਜਾ ਸਕਦਾ। ਨੱਥਾ ਸਿੰਘ ਮਲੂਕੇ ਨੂੰ ਕਈ ਵਾਰੀ ਸਮਝਾਉਂਦਾ ਵੀ ਤਾਂ ਹੈ। ਇਸ ਨਾਵਲ ਦੀ ਵੱਡੀ ਸਿਫਤ ਇਹ ਹੈ ਕਿ ਇਹਦਾ ਮੂੰਹ ਅਗਾਂਹਾਂ ਵੱਲ ਹੈ। ਹੋਰ ਪੰਜਾਬੀ ਪਰਵਾਸੀ ਸਾਹਿਤ ਵਾਂਗ ਪਿਛਾੜੀ ਹੀ ਨਹੀਂ ਝਾਕੀ ਜਾਂਦਾ।

ਅੱਗੋਂ ਤੋਂ ਅੰਕ ਕੋਈ ਥੀਮ ਲੈ ਕੇ ਕੱਢ ਸਕੋ ਤਾਂ ਚੰਗੀ ਗੱਲ ਹੋਊਗੀ; ਵਰਨਾ ਗ਼ਜ਼ਲਾਂ ਰੁਬਾਈਆਂ, ਕਵਿਤਾਵਾਂ ਛਾਪਣ ਵਾਲੇ ਤਾਂ ਹੋਰ ਬਥੇਰੇ ਪਰਚੇ ਹਨ।...

ਸੰਨ ੯੩ 'ਚ ਗਦਰ ਪਾਰਟੀ ਦੀ ਸਥਾਪਨਾ ਦੀ ੮੦ਵੀਂ ਵਰ੍ਹੇਗੰਢ ਹੈ। ਹੁਣ ਤੋਂ ਹੀ ਇਸ ਬਾਰੇ ਮਨਸੂਬਾ ਉਲੀਕਣਾ ਚਾਹੀਦਾ ਹੈ। ਕਾਮਾਗਾਟਾ ਮਾਰੂ ਬਾਰੇ ਪੰਜਾਬ 'ਚ ਕੁਝ ਨਹੀਂ ਹੋਇਆ। ਮੇਰੀਆਂ ਲਿਖੀਆਂ ਚਿੱਠੀਆਂ ਦਾ ਇੰਨਾ ਕੁ ਫਾਇਦਾ ਹੋਇਆ ਕਿ ਪਾਰਲੀਮੈਂਟ 'ਚ ਮਾਰਕਸੀ ਪਾਰਟੀ ਦੇ ਮੈਂਬਰ ਨੇ ਮੰਗ ਕੀਤੀ ਕਿ ਡਾਕ ਟਿਕਟ ਜਾਰੀ ਕੀਤੀ ਜਾਏ। ਇਹ ਸਤੰਬਰ ਦੇ ਪਹਿਲੇ ਹਫ਼ਤੇ ਦੀ ਗੱਲ ਹੈ।

ਅਮਰਜੀਤ ਚੰਦਨ, (ਇੰਗਲੈਂਡ)

* ਪਿਆਰੇ ਚੰਦਨ ਜੀ 'ਵਤਨੋਂ ਦੂਰ' ਤੋਂ 'ਵਤਨ' ਨਾਂ ਦੀ ਤਬਦੀਲੀ ਬਾਰੇ ਤੁਸੀਂ ਬੜਾ ਗਲਤ ਸਮਝ ਗਏ ਹੋ। ਸ਼ਾਇਦ ਗਲਤੀ ਸਾਡੀ ਵੀ ਹੈ ਕਿ ਸਾਨੂੰ ਗੱਲ ਇੰਨੀ ਸੰਖੇਪ ਨਹੀਂ ਸੀ ਕਰਨੀ ਚਾਹੀਦੀ। ਨਾਂ ਦੀ ਤਬਦੀਲੀ ਜੇ ਸਾਡੇ ਅੱਗੇ ਨੂੰ ਵੱਧਣ ਦਾ ਸੰਕੇਤ ਨਹੀਂ ਤਾਂ ਘੱਟੋ ਘੱਟ ਪਿਛੇ ਨੂੰ ਮੁੜਨ ਦਾ ਵੀ ਨਹੀਂ। ਹਰ ਉਹ ਥਾਂ ਜਿਥੇ ਤੁਸੀਂ ਮਨ ਬਣਾ ਕੇ ਰਹਿੰਦੇ ਹੋ ਵਤਨ ਹੋ ਨਿਬੜਦਾ ਹੈ। ਮਨ ਬਣਾ ਕੇ ਰਹਿਣ ਨਾਲ ਹੌਲੀ ਹੌਲੀ ਅਜਨਬੀ ਥਾਂ ਵੀ ਜਰੂਰ ਈ ਵਤਨ ਲੱਗਣ ਲੱਗ ਪੈਂਦੀ ਹੋਵੇਗੀ, ਨਹੀਂ ਤਾਂ ਹਿੰਦੁਸਤਾਨ ਵਿਚ ਬਾਹਰੋਂ ਆ ਕੇ ਰਹਿਣ ਵਾਲੇ ਉਸ ਥਾਂ ਨੂੰ ਕਦੀ ਵਤਨ ਨਾ ਕਹਿਣ ਲਗਦੇ। ਨਾਲੇ ਹੁਣ ਤਾਂ ਇਹ ਸੰਕਲਪ ਉਂਝ ਵੀ ਨਿੱਤ ਕਮਜ਼ੋਰ ਹੋ ਰਹੇ ਹਨ। ਕੈਨੇਡਾ ਚੋਂ ਵੀ ਬਿੱਕਰ ਸਿਹੁੰ ਵੀਰਵਾਰ ਨੂੰ ਮਨ ਬਣਾ ਕੇ ਸਨਿਚਰਵਾਰ ਸਵੇਰੇ ਪਿੰਡ ਜਾਣ ਲਈ ਜਹਾਜ਼ ਵਿੱਚ ਬੈਠ ਜਾਂਦਾ ਹੈ।

ਦਰਿਆ ਵਾਂਗ 'ਮਲੂਕਾ' ਵੀ ਅੱਗੇ ਨੂੰ ਹੀ ਵਧਿਆ ਸੀ ਪਿਛੇ ਨਹੀਂ ਸੀ ਮੁੜਿਆ। ਇਸ ਕਹਾਣੀ ਦੀ ਇਸੇ ਸਿਫਤ ਕਰਕੇ ਇਸ ਨੂੰ ਅਨੁਵਾਦ ਕਰਨ

ਦਾ ਖਿਆਲ ਆਇਆ ਸੀ ਤੇ ਸਾਧੂ ਸਿੰਘ ਧਾਮੀ ਨੂੰ ਕੈਨੇਡਾ ਸੱਦਿਆ ਗਿਆ ਸੀ।

ਵਤਨ ਦਾ ਪਹਿਲਾ ਅੰਕ ਹੀ ਇਕ ਥੀਮ -ਕਾਮਾਗਾਟਾ ਮਾਰੂ - ਬਾਰੇ ਸੀ। ਸਾਡੀ ਕੋਸ਼ਿਸ਼ ਹੈ ਕਿ ਹੋਰ ਅੰਕ ਵੀ ਵੱਖੋ ਵੱਖਰੀਆਂ ਥੀਮਾਂ ਉਪਰ ਕੱਢ ਸਕੀਏ। ਇਸ ਸੰਬੰਧੀ ਤੁਹਾਡੇ ਵਲੋਂ ਆਏ ਸੁਝਾਵਾਂ ਤੇ ਮੱਦਦ ਨੂੰ ਅਸੀਂ ਹਮੇਸ਼ਾਂ ਜੀ ਆਇਆਂ ਕਹਾਂਗੇ। -ਸੰਪਾਦਕ।

'ਵਤਨ' ਪਰਚਾ ਮਿਲਿਆ ਹੈ - ਉੱਦਮ ਸ਼ਲਾਘਾਯੋਗ ਹੈ। ਕਨੇਡਾ ਵਿਚ ਅਖਬਾਰਾਂ ਦਾ ਹੜ ਤਾਂ ਕਾਫੀ ਦੇਰ ਦਾ ਆ ਚੁੱਕਿਆ ਹੈ - ਪਰ ਇਕ ਮਿਆਰੀ ਪਰਚੇ ਦੀ ਚਿਰਾਂ ਤੋਂ ਉਡੀਕ ਸੀ - 'ਵਤਨ' 'ਚ ਪੇਸ਼ ਕੀਤੀ ਗਈ ਸਮੱਗਰੀ ਤੋਂ ਲਗਦਾ ਹੈ ਕਿ ਤੁਸੀਂ ਕਨੇਡਾ ਦੇ ਪੰਜਾਬੀ ਪਾਠਕ ਦੀਆਂ ਲੋੜਾਂ ਪ੍ਰਤੀ ਸੁਚੇਤ ਹੋ। ਪਰਚੇ ਦੀ ਦ੍ਰਿਘ ਆਯੂ ਲਈ ਕਾਮਨਾ ਕਰਦਾ ਹਾਂ।

ਗੁਰਦੀਪ ਸਿੰਘ, ਸੰਪਾਦਕ ਪ੍ਰਦੇਸੀ ਪੰਜਾਬ, (ਟਰਾਂਟੋ)

<u>ਵਤਨ</u> ਦੇ ਦੋ ਅੰਕਾਂ ਵਿਚੋਂ ਸੁਹਿਰਦਤਾ, ਦਿਆਨਤਦਾਰੀ ਅਤੇ ਸੰਜੀਦਗੀ ਦਾ ਸੰਘਣਾ ਝਲਕਾਰਾ ਮਿਲਦਾ ਹੈ। ਪੱਤਰਕਾਰੀ ਲਈ ਸੰਜੀਦਗੀ ਅਤੇ ਦਿਆਨਤਦਾਰੀ ਅਤਿਅੰਤ ਜ਼ਰੂਰੀ ਸ਼ਰਤਾਂ ਹਨ। ਬਦਕਿਸਮਤੀ ਨਾਲ ਕਨੇਡਾ ਵਿਚ ਸੰਜੀਦਗੀ ਅਤੇ ਦਿਆਨਤਦਾਰੀ ਵਾਲੇ ਪਰਚੇ ਜ਼ਿੰਦਾ ਨਹੀਂ ਰਹਿ ਸਕੇ। ਅੱਜ ਪੱਤਰਕਾਰੀ ਦੇ ਖੇਤਰ ਵਿਚ ਚਿੱਕੜਬਾਜ਼ੀ, ਚਰਿਤਰਘਾਤ, ਅਤੇ ਸਨਸਨੀਖੇਜ਼ਤਾ ਦਾ ਬੋਲ ਬਾਲਾ ਹੈ। ਕਈ ਸੱਜਣ ਵਰ੍ਹਿਆਂ ਦੀ ਕਲਮ-ਘਸਾਈ ਵਿਚੋਂ ਮਾਯੂਸ ਹੋਕੇ ਆਪਣੇ ਸਮਕਾਲੀਆਂ ਦੀਆਂ ਸਾਹਿਤਿਕ ਅਤੇ professional ਕਾਮਯਾਬੀਆਂ ਤੋਂ ਚਿੜ੍ਹਕੇ, ਪੱਤਰਕਾਰੀ ਨੂੰ ਸਿਰਫ ਸਮਕਾਲੀਆਂ ਉਪਰ ਚਿੱਕੜ ਉਛਾਲਣ ਦਾ ਹਥਿਆਰ ਹੀ ਸਮਝ ਬੈਠੇ ਹਨ। ਇਹੀ ਕਾਰਨ ਹੈ ਕਿ ਆਪਣੇ ਆਪ ਨੂੰ ਗਲੋਬਲ ਚੇਤਨਾ ਦੇ ਨੁਮਾਇੰਦੇ ਆਖਣ ਵਾਲੇ ਸ਼ਾਇਰ (?), ਦਾਰੂ ਵਿਚ ਗੁੱਟ ਹੋਕੇ, ਇਜ਼ਤਦਾਰ ਬੰਦਿਆਂ ਨੂੰ , ਅੱਧੀ ਅੱਧੀ ਰਾਤੀਂ ਟੈਲੀਫੋਨਾਂ ਉਪਰ ਗਾਲਾਂ ਕਢਵਾਕੇ, ਪੰਜਾਬੀ ਸਾਹਿਤ ਦੀ ਸੇਵਾ ਕਰ ਰਹੇ ਹਨ। ਕਈ ਲੋਗਾਂ ਨੂੰ ਭਰਮ ਹੋ ਗਿਆ ਹੈ ਕਿ ਉਹ ਗੁਰੂ ਨਾਨਕ ਦਾ ਅਵਤਾਰ ਬਣਕੇ ਇਸ ਜੁਗ ਵਿਚੋਂ ਅੰਧੇਰਾ ਦੂਰ ਕਰਨ ਲਈ ਆਏ ਹਨ। ਅਸਲ ਵਿਚ ਵਿਹਲੜ ਆਦਮੀ ਦੀ ਸੋਚ ਬੌਣੀ, ਨਜ਼ਰ ਖਚਰੀ, ਅਤੇ ਸਾਹਿਤਿਕ ਪ੍ਰਾਪਤੀ ਨਿਕੱਦੀ ਹੋ ਜਾਂਦੀ ਹੈ। ਅਸੀਂ ਸਭ ਆਦਮੀ ਹਾਂ ਅਤੇ ਸਾਡੇ ਸਭਨਾਂ ਵਿਚ ਆਦਮੀ ਵਾਲੀਆਂ ਕਮਜ਼ੋਰੀਆਂ ਅਤੇ ਗੁਣ ਮੌਜੂਦ ਹਨ। ਹਰ ਬੰਦੇ ਨੂੰ ਸਿਰਫ ਸਾਜਸ਼ੀ, ਚੋਰ, ਜਨੂੰਨੀ, ਅਤੇ ਮਾੜਾ ਹੀ ਸਮਝੀ ਜਾਣਾ ਦਿਮਾਗੀ-ਅਸੰਤੁਲਤਾ ਦੀ ਨਿਸ਼ਾਨੀ ਹੁੰਦੀ ਹੈ। ਖ਼ੈਰ - ਬੌਣੀ ਸੋਚ ਵਾਲੇ ਵਿਅਕਤੀ ਆਖਰ ਆਪਣੇ ਦੋਸਤਾਂ ਅਤੇ ਭਾਈਚਾਰੇ ਵਿਚੋਂ ਛੇਕੇ ਹੀ ਜਾਂਦੇ ਹਨ।

'ਵਤਨੋਂ' ਦੂਰ ਤੇ 'ਕਲਮ' ਤੋਂ ਬਾਦ <u>ਵਤਨ</u> ਦੀ ਸੰਜੀਦਾ ਟੋਨ ਚਿੱਕੜਬਾਜ਼ੀ ਵਿਚ ਲਿਬੜੇ ਲੋਕਾਂ ਨੂੰ ਸ਼ਾਇਦ ਚੰਗਾ ਸੋਚਣ ਲਈ ਪਰੇਰਨਾ ਦੇਵੇ; ਉਂਝ ਬੰਸਰੀ ਭਾਵੇਂ ਕਿੰਨੀ ਵੀ ਸਿੱਧੀ ਹੋਲੇ, ਪੂਛ ਆਪਣਾ ਟੇਡਾਪਣ ਤਿਆਗਣ ਲਈ ਕਦੇ ਵੀ ਤਿਆਰ ਨਹੀਂ ਹੁੰਦੀ।

ਇਕਬਾਲ ਰਾਮੂਵਾਲੀਆ, (ਬਰੈਂਪਟਨ)

---

ਸਫਾ 35 ਦੀ ਬਾਕੀ

"ਨਹੀਂ, ਮੈਂ ਹੁਣ ਇਹ ਤੱਕਣ ਲਈ ਜਿਉਂਦਾ ਨਹੀਂ
ਕਿ ਤੁਸੀਂ ਮੈਨੂੰ ਕਿੰਜ ਮਾਰੋਗੇ ....
ਕੌਨ ਗਿਣੇ ਕਿ
ਤਸ਼ੱਦਦ ਦੀ ਕਿਸ ਕਿਸ ਅਦਾ 'ਤੇ
ਤੁਸਾਂ ਮੇਰਾ ਨਾਮ ਲਿਖਿਆ ਹੈ?"

'ਖਿਲਰੇ ਹੋਏ ਵਰਕੇ' ਵਿਚ 68 ਕਵਿਤਾਵਾਂ ਹਨ ਜਿਨ੍ਹਾਂ ਵਿਚ ਕੁਝ ਕਵਿਤਾਵਾਂ ਦੋ ਦੋ ਚਾਰ ਸਤਰਾਂ ਦੀਆਂ ਹਨ। ਪਰ ਪਾਸ਼ ਦੇ ਲਿਖੇ ਜੋ ਵੀ ਹਰਫ਼ ਸਾਂਭੇ ਜਾ ਸਕਦੇ ਹਨ, ਉਹ ਸੰਭਾਲੇ ਜਾਣੇ ਚਾਹੀਦੇ ਹਨ ਕਿਉਂਕਿ ਪਾਸ਼ ਪੰਜਾਬੀ ਸਾਹਿਤ ਅਤੇ ਸਭਿਆਚਾਰ ਦਾ ਪ੍ਰਤੀਕ ਬਣ ਗਿਆ ਹੈ। ਲੋਹ ਕਥਾ ਪ੍ਰਕਾਸ਼ਨ ਦਾ ਇਹ ਯਤਨ ਸਲਾਹੁਣਯੋਗ ਹੈ।

ਨਵਯੁਗ ਪ੍ਰੈਸ, ਦਿੱਲੀ ਵਲੋਂ ਛਾਪੀ ਇਸ ਪੁਸਤਕ ਦੀ ਦਿੱਖ ਬੇਹੱਦ ਖੂਬਸੂਰਤ ਹੈ। ਮੇਰੀ ਸਿਫਾਰਸ਼ ਹੈ ਕਿ ਹਰ ਪੰਜਾਬੀ ਨੂੰ ਇਹ ਪੁਸਤਕ ਪੜ੍ਹਨੀ ਤੇ ਸਾਂਭਣੀ ਚਾਹੀਦੀ ਹੈ। ਉਂਝ ਇਸ ਪੁਸਤਕ ਦਾ ਨਾਂ 'ਖਿਲਰੇ ਹੋਏ ਵਰਕੇ' ਦੀ ਥਾਂ 'ਖਿਲਰੇ ਵਰਕੇ' ਹੁੰਦਾ ਤਾਂ ਵੀ ਸਰ ਸਕਦਾ ਸੀ।

-- ਦਰਸ਼ਨ ਗਿੱਲ , ਸਰੀ

---

ਸਫਾ 37 ਦੀ ਬਾਕੀ

ਯੋਗ ਆਲੋਚਨਾ ਹੋਣੀ ਬਾਕੀ ਹੈ। ਪ੍ਰੋ. ਕਸੇਲ ਦਾ ਮੱਤ ਸੀ ਕਿ ਫੁੱਲ ਸਾਹਿਬ ਦੇ ਨਾਟਕਾਂ ਨੂੰ ਸਿਰਫ ਧਾਰਮਿਕ ਨਾਟਕ ਦੀ ਸੰਗਿਆ ਦੇਣੀ ਜਾਇਜ਼ ਨਹੀ ਹੈ। ਉਸ ਅਨੁਸਾਰ ਉਹ ਲੋਕ-ਥਿਏਟਰ ਦੇ ਬੰਦੇ ਸਨ। ਡਾ: ਸਤੀਸ਼ ਕੁਮਾਰ ਵਰਮਾ ਨੇ ਮੰਚ ਦਾ ਸੰਚਾਲਨ ਕਰਦਿਆਂ ਪੰਜਾਬੀ ਨਾਟਕ ਤੇ ਫੁੱਲ ਸਾਹਿਬ ਦੇ ਸਬੰਧਾਂ ਉੱਤੇ ਕਈ ਭਾਵਪੂਰਤ ਟਿੱਪਣੀਆਂ ਕੀਤੀਆਂ। ਸਮਾਗਮ ਦੀ ਪ੍ਰਧਾਨਗੀ ਡਾ: ਆਤਮਜੀਤ ਸਿੰਘ, ਡਾਇਰੈਕਟਰ ਪੰਜਾਬ ਸਟੇਟਸ ਯੂਨੀਵਰਸਿਟੀ ਟੈਕਸਟ ਬੁਕ ਬੋਰਡ ਨੇ ਕੀਤੀ ਅਤੇ ਕਿਹਾ ਕਿ ਫੁੱਲ ਸਾਹਿਬ ਦੇ ਨਾਟਕਾਂ ਨੂੰ ਪੱਛਮੀ ਨਾਟ ਪਰੰਪਰਾ ਵਿਚ ਰੱਖ ਕੇ ਵਾਚਣ ਦੀ ਲੋੜ ਹੈ। ਇਹ ਗੋਸ਼ਟੀ ਤਿੰਨ ਘੰਟੇ ਚਲਦੀ ਰਹੀ। ਸ਼ਾਮ ਨੂੰ ਗੁਰਸ਼ਰਨ ਸਿੰਘ ਦੀ ਨਾਟ ਮੰਡਲੀ ਨੇ ਫੁੱਲ ਸਾਹਿਬ ਦਾ ਲਿਖਿਆ ਨਾਟਕ 'ਇਹ ਲਹੂ ਕਿਸਦਾ ਹੈ' ਪੇਸ਼ ਕੀਤਾ।

---

ਕਿਰਪਾ ਕਰਕੇ ਮੈਨੂੰ ਹੇਠ ਲਿਖੇ ਪਤੇ 'ਤੇ 'ਵਤਨ' ਭੇਜਣਾ ਸ਼ੁਰੂ ਕਰ ਦੇਵੋ।

ਨਾਂ---------------------------------

ਪਤਾ---------------------------------

-----------------------------------

-----------------------------------

ਮੈਂ ਚੰਦੇ ਵਜੋਂ ਇਕ ਸਾਲ [] (ਚੰਦਾ 12 ਡਾਲਰ)

ਦੋ ਸਾਲ [] (ਚੰਦਾ 22 ਡਾਲਰ)

ਤਿੰਨ ਸਾਲ [] (ਚੰਦਾ 33 ਡਾਲਰ)

ਦੀ ਚੈੱਕ ਭੇਜ ਰਿਹਾ/ਰਹੀ ਹਾਂ। ਧੰਨਵਾਦ

ਚੰਦਾ ਭੇਜਣ ਲਈ ਨਾਲ ਦਿੱਤਾ ਲਫਾਫਾ ਵਰਤੋ। ਸਟੈਂਪ ਲਾਉਣ ਦੀ ਲੋੜ ਨਹੀਂ।

ਜੇ ਤੁਸੀਂ ਚੰਦਾ ਭੇਜ ਚੁੱਕੇ ਹੋ ਤਾਂ ਇਹ ਸੁਨੇਹਾ ਅੱਖੋ ਉਹਲੇ ਕਰ ਦੇਵੋ। ਧੰਨਵਾਦ।

**Watan**
**P.O.Box 67681, Stn. 'O'**
**Vancouver, B.C., V5W 3V2**

**Vol. 1, No. 3**
**Winter, 1990**
**January/February/March**

TO ______________________

______________________

______________________

______________________

# ਮੇਵਾ ਸਿੰਘ ਦੇ ਬਿਆਨ ਦੇ ਕੁੱਝ ਹਿੱਸੇ

ਹਾਪਕਿਨਸਨ ਨੂੰ ਗੋਲੀ ਮਾਰਨ ਦੇ ਦੋਸ਼ ਵਿਚ 11 ਜਨਵਰੀ 1915 ਨੂੰ ਮੇਵਾ ਸਿੰਘ ਨੂੰ ਨਿਊਵੈਸਟਮਿਨਸਟਰ ਦੀ ਜੇਲ ਵਿਚ ਫਾਂਸੀ ਲਾ ਦਿੱਤਾ ਗਿਆ। ਮੇਵਾ ਸਿੰਘ ਦੀ ਸ਼ਹਾਦਤ ਦੀ 75ਵੀਂ ਬਰਸੀ ਤੇ ਅਸੀਂ, ਉਨ੍ਹਾਂ ਵਲੋਂ ਆਪਣੇ ਮੁਕੱਦਮੇ ਦੌਰਾਨ ਦਿੱਤੇ ਬਿਆਨ ਦੇ ਕੁੱਝ ਹਿੱਸੇ, ਪਾਠਕਾਂ ਨਾਲ ਸਾਂਝੇ ਕਰਦੇ ਹਾਂ।

ਮੇਰਾ ਧਰਮ ਕਿਸੇ ਵੀ ਮਨੁੱਖ ਨਾਲ ਦੁਸ਼ਮਣੀ ਕਰਨੀ ਨਹੀਂ ਸਿਖਾਉਂਦਾ ਬੇਸ਼ਕ ਉਹ ਮਨੁੱਖ ਕਿਸੇ ਵੀ ਜਮਾਤ, ਜਾਤ ਜਾਂ ਫਿਰਕੇ ਨਾਲ ਸਬੰਧ ਰਖਦਾ ਹੋਵੇ। ਨਾਂ ਹੀ ਮੈਨੂੰ ਹਾਪਕਿਨਸਨ ਨਾਲ ਕੋਈ ਦੁਸ਼ਮਣੀ ਸੀ। ਮੈਂ ਸੁਣਿਆ ਕਿ ਉਹ ਮੇਰੇ ਲੋਕਾਂ ਨੂੰ ਬਹੁਤ ਸਤਾ ਰਿਹਾ ਸੀ। ਸੱਚ ਜਾਨਣ ਲਈ ਮੈਂ ਉਸਦੇ ਹਿੰਦੂ[1] ਦੋਸਤਾਂ ਰਾਹੀਂ ਉਸ ਨਾਲ ਦੋਸਤੀ ਪਾਈ। ਸੱਚ ਜਾਨਣ ਤੋਂ ਬਾਅਦ- ਇਕ ਪੱਕਾ ਸਿੱਖ ਹੋਣ ਕਾਰਨ- ਮੈਂ ਆਪਣੇ ਦੇਸ਼ ਵਾਸੀਆਂ ਅਤੇ ਕੈਨੇਡਾ ਦੀ ਭੂਮੀਨਿਆਨ ਵਿਰੁੱਧ, (ਉਸ ਵਲੋਂ) ਕੀਤੇ ਜਾਂਦੇ ਗਲਤ ਕੰਮ ਹੋਰ ਜਿਆਦਾ ਨਹੀਂ ਸਹਾਰ ਸੱਕਿਆ। ਇਸ ਕਾਰਨ ਨੇ ਮੈਨੂੰ ਹਾਪਕਿਨਸਨ ਦੀ ਜਾਨ ਲੈਣ ਅਤੇ ਆਪਣੀ ਕੁਰਬਾਨੀ ਦੇਣ ਲਈ ਪ੍ਰੇਰਿਆ ਤਾਂ ਕਿ ਆਪਣੇ ਨਿਰਦੋਸ਼ ਲੋਕਾਂ ਉਪਰ ਉਸਦੇ ਰਸੂਖ ਹੇਠ ਹੁੰਦੇ ਜੁਲਮ ਨੂੰ ਸਾਰੀ ਦੁਨੀਆਂ ਦੀਆਂ ਅੱਖਾਂ ਅੱਗੇ ਜ਼ਾਹਰ ਕੀਤਾ ਜਾ ਸਕੇ। ਇਕ ਸੱਚੇ ਸਿੱਖ ਦਾ ਫਰਜ਼ ਨਿਭਾਉਂਦਿਆਂ ਅਤੇ ਰੱਬ ਨੂੰ ਯਾਦ ਕਰਦਿਆਂ ਮੈਂ ਫਾਂਸੀ ਦੇ ਤਖਤੇ ਵਲ ਉਸ ਖੁਸ਼ੀ ਨਾਲ ਵਧਾਂਗਾ ਜਿਸ ਤਰ੍ਹਾਂ ਇਕ ਭੁੱਖਾ ਬੱਚਾ ਆਪਣੀ ਮਾਂ ਵਲ ਵੱਧਦਾ ਹੈ। ਮੈਂ ਫਾਂਸੀ ਦੇ ਰੱਸੇ ਨੂੰ ਰੱਬ ਦੇ ਨਾਂ ਦੀ ਮਾਲਾ ਸਮਝ ਆਪਣੇ ਗਲੇ ਦੁਆਲੇ ਖੁਸ਼ੀ ਖੁਸ਼ੀ ਪਾ ਲਵਾਂਗਾ। ਮੈਨੂੰ ਪੱਕਾ ਯਕੀਨ ਹੈ ਕਿ ਰੱਬ ਮੈਨੂੰ ਆਪਣੀ ਅਨੰਦਮਈ ਗਲਵਕੜੀ ਵਿਚ ਲੈ ਲਵੇਗਾ ਕਿਉਂਕਿ ਮੈਂ ਇਹ ਕੰਮ ਆਪਣੇ ਨਿੱਜੀ ਹਿਤ ਲਈ ਨਹੀਂ ਸਗੋਂ ਆਪਣੇ ਲੋਕਾਂ ਅਤੇ ਕੈਨੇਡੀਅਨ ਸਰਕਾਰ ਦੇ ਹਿਤਾਂ ਲਈ ਕੀਤਾ ਹੈ।

---

1. ਉਸ ਸਮੇਂ ਹਿੰਦੁਸਤਾਨ ਤੋਂ ਹਰ ਆਉਣ ਵਾਲੇ ਨੂੰ ਗੋਰਿਆਂ ਵਲੋਂ ਹਿੰਦੂ ਕਿਹਾ ਜਾਂਦਾ ਸੀ ਬੇਸ਼ੱਕ ਉਸਦਾ ਕੋਈ ਵੀ ਧਰਮ ਹੋਵੇ । ਇਸ ਕਾਰਨ ਸਾਰੇ ਹਿੰਦੁਸਤਾਨੀ ਲੋਕ ਆਪਣੀ ਪਹਿਚਾਨ ਹਿੰਦੂ ਨਾਲ ਕਰਦੇ ਸਨ।

ਵਤਨ

**Watan (The Country) is a Literary and Cultural quarterly of Punjabi - the mother tounge of East Punjab (India) and West Punjab (Pakistan) - Published by Watan Publications. The contributors include well-known Punjabi writers throughout the world.**

ਕੀਮਤ
ਦੋ ਡਾਲਰ